PUNJABI UNIVERSITY PATIALA

# ਐਮ.ਏ.(ਧਰਮ ਅਧਿਐਨ) ਭਾਗ ਪਹਿਲਾ (ਸਮੈਸਟਰ ਪਹਿਲਾ) ਪਰਚਾ ਤੀਜਾ

## (ਆਪਸ਼ਨ ਦੂਜੀ)

## (ਭਾਰਤੀ ਧਰਮਾਂ ਦਾ ਅਧਿਐਨ)

**ਯੂਨਿਟ ਨੰ :** 2

ਡਿਸਟੈਂਸ ਐਜੂਕੇਸ਼ਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

(ਸਭ ਹੱਕ ਰਾਖਵੇਂ ਹਨ)

**ਪਾਠ ਨੰ :**

2.1 : ਜੈਨ ਧਰਮ

2.2 : ਜੈਨ ਮੱਤ, ਸੰਖੇਪ ਜਾਣ-ਪਛਾਣ,ਜੀਵ,ਅਜੀਵ,ਅਨੇਕਤਾਵਾਦ

2.3 : ਬੁੱਧ ਮੱਤ ਦੀ ਉਤਪਤੀ ਤੇ ਵਿਕਾਸ

2.4 : ਬੁੱਧ ਧਰਮ ਦੇ ਚਾਰ ਆਰਯ ਸੱਚ

2.5 : ਬੁੱਧ ਧਰਮ ਵਿਚ ਦੁੱਖ,ਅਨਾਤਮ,ਬੋਧੀਸਤਵ ਦਾ ਸਿਧਾਂਤ

2.6 : ਬੁੱਧ ਧਰਮ ਵਿਚ ਕਰਮ ਅਤੇ ਪੁਨਰ ਜਨਮ ਦਾ ਸਿਧਾਂਤ

2.7 : ਮਹਾਤਮਾ ਬੁੱਧ ਦੇ ਦਾਰਸ਼ਨਿਕ ਵਿਚਾਰ

**ਨੋਟ :** ਵਿਦਿਆਰਥੀ ਸਿਲੇਬਸ ਵਿਭਾਗ ਦੀ ਵੈਬਸਾਈਟ www.dccpbi.com ਤੋਂ ਡਾਊਨਲੋਡ ਕਰਨ।

ਪਾਠ ਨੰ: 2.1

ਡਾ. ਮਨਦੀਪ ਗੌੜ

# ਜੈਨ ਧਰਮ

## ਭੂਮਿਕਾ (Introduction):

ਛੇਵੀਂ ਸਦੀ ਈ. ਪੂਰਵ ਦੇ ਸਮੇਂ ਨੇ ਪ੍ਰਾਚੀਨ ਭਾਰਤ ਦੇ ਰਾਜਨੀਤਿਕ, ਸੱਭਿਆਚਾਰਕ ਅਤੇ ਧਾਰਮਿਕ ਇਤਿਹਾਸ ਦਾ ਇੱਕ ਮਹੱਤਵਪੂਰਨ ਯੁੱਗ ਸਿਰਜਿਆ । ਇਸ ਦੌਰ ਵਿੱਚ ਵੈਦਿਕ ਧਰਮ ਦੀ ਜਟਿਲਤਾ ਅਤੇ ਬ੍ਰਾਹਮਣਵਾਦੀ ਪ੍ਰੰਪਰਾ ਦੀ ਪ੍ਰਮੁੱਖਤਾ ਨੇ ਕਈ ਵਿਰੋਧੀ ਧਾਰਮਿਕ ਅੰਦੋਲਨਾਂ ਨੂੰ ਜਨਮ ਦਿੱਤਾ। ਜੈਨ ਧਰਮ ਅਜਿਹੇ ਹੀ ਅੰਦੋਲਨਾਂ ਵਿੱਚੋਂ ਇੱਕ ਸੀ।
ਸ਼ੁਰੂਆਤ ਵਿੱਚ ਵੈਦਿਕ ਸੱਭਿਅਤਾ ਬਹੁਤ ਹੀ ਸਧਾਰਨ ਅਤੇ ਸਰਲ ਸੀ। ਵੈਦਿਕ ਪ੍ਰੰਪਰਾ ਦਾ ਆਰੰਭ ਕੁਦਰਤ-ਪੂਜਾ ਤੋਂ ਹੋਇਆ। ਇਸ ਦੇ ਆਰੰਭਿਕ ਸਮਿਆਂ ਵਿੱਚ ਕੋਈ ਵਿਸ਼ੇਸ਼ ਪੂਜਾ-ਸਥਾਨ ਜਾਂ ਮੰਦਿਰ ਵਗੈਰਾ ਨਹੀਂ ਹੁੰਦੇ ਸਨ। ਆਮ ਲੋਕ ਆਪਣੇ ਘਰਾਂ ਦੇ ਖੁੱਲੇ ਅਹਾਤਿਆਂ ਵਿੱਚ ਬੈਠ ਕੇ ਖੁਦ ਹੀ ਸਾਰੀਆਂ ਧਾਰਮਿਕ ਰਸਮਾਂ ਕਰਿਆ ਕਰਦੇ ਸਨ। ਉਹ ਕੁਦਰਤੀ ਸ਼ਕਤੀਆਂ ਦੇ ਲੌਕਿਕ ਅਤੇ ਅਲੌਕਿਕ ਗੁਣਾਂ ਦੀ ਪਛਾਣ ਕਰਕੇ ਇਹਨਾਂ ਨੂੰ ਦੇਵੀ-ਦੇਵਤਿਆਂ ਦੇ ਰੂਪ ਵਿੱਚ ਪੂਜਦੇ ਸਨ।ਕਿਸੇ ਧਾਰਮਿਕ ਅਨੁਸ਼ਠਾਨ ਨੂੰ ਸੰਪੰਨ ਕਰਨ ਲਈ ਕੋਈ ਵਿਸ਼ੇਸ਼ ਪੁਜਾਰੀ ਜਾਂ ਪੁਰੋਹਿਤ ਨਹੀਂ ਹੁੰਦਾ ਸੀ। ਹੌਲੀ-ਹੌਲੀ` ਬ੍ਰਾਹਮਣ' ਪੁਜਾਰੀ ਵਰਗ ਦੇ ਰੂਪ ਵਿੱਚ ਉੱਭਰੇ।ਜਾਤ-ਪਾਤ ਪ੍ਰਣਾਲੀ ਦੇ ਵਾਧੇ ਅਤੇ ਕਠੋਰਤਾ ਨੇ ਵੈਦਿਕ ਧਰਮ ਨੂੰ ਪੂਰੀ ਤਰ੍ਹਾਂ ਕਰਮ-ਕਾਂਡੀ ਬਣਾ ਕੇ ਰੱਖ ਦਿੱਤਾ। ਬ੍ਰਾਹਮਣਾਂ ਨੂੰ ਸਮਾਜ ਵਿੱਚ ਇੱਕ ਸ੍ਰੇਸ਼ਠ ਮੁਕਾਮ ਹਾਸਿਲ ਹੋ ਗਿਆ ਅਤੇ ਉਹ ਆਮ ਲੋਕਾਂ ਲਈ ਬੌਧਿਕ, ਅਧਿਆਤਮਿਕ ਅਤੇ ਨੈਤਿਕ ਸਿੱਖਿਆ ਦੇ ਠੇਕੇਦਾਰ ਬਣ ਬੈਠੇ। ਉਹਨਾਂ ਨੇ ਲੋਕਾਂ ਦੇ ਸਮਾਜਿਕ ਅਤੇ ਸੱਭਿਆਚਾਰਕ ਜੀਵਨ ਨੂੰ ਨਿਯੰਤ੍ਰਿਤ ਕਰਨ ਲਈ ਨਿਯਮ ਬਣਾਉਣੇ ਸ਼ੁਰੂ ਕਰ ਦਿੱਤੇ। ਆਰੰਭ ਵਿੱਚ ਆਚਰਨ ਦੀ ਸ਼ੁੱਧਤਾ ਅਤੇ ਗਿਆਨ ਦੀ ਸ੍ਰੇਸ਼ਠਤਾ ਵੈਦਿਕ ਧਰਮ ਦਾ ਬੁਨਿਆਦੀ ਸਿਧਾਂਤ ਸੀ। ਪਰ ਬਾਅਦ ਵਿੱਚ ਬ੍ਰਾਹਮਣਾ ਨੇ ਯੱਗ, ਬਲੀ ਅਤੇ ਹੋਰ ਕਰਮ-ਕਾਂਡਾਂ ਨੂੰ ਮਨੁੱਖ ਦੀ ਮੁਕਤੀ ਲਈ ਜਰੂਰੀ ਦਰਸਾ ਕੇ ਲੋਕਾਂ ਦੀ ਲੁੱਟ-ਖਸੁੱਟ ਸ਼ੁਰੂ ਕਰ ਦਿੱਤੀ।
ਉਹਨਾਂ ਨੇ ਤਰਕਹੀਨ ਧਾਰਮਿਕ ਵਿਚਾਰਾਂ ਨੂੰ ਆਧਾਰ ਬਣਾ ਕੇ ਲੋਕਾਂ ਨੂੰ ਅੰਧ ਵਿਸ਼ਵਾਸੀ ਬਣਾ ਦਿੱਤਾ। ਅਮੀਰ ਅਤੇ ਗਰੀਬ ਦੋਵੇਂ ਤਰਾਂ ਦੇ ਲੋਕਾਂ ਲਈ ਮਹਿੰਗੀਆਂ ਤੇ ਜਟਿਲ ਧਾਰਮਿਕ ਰਸਮਾਂ ਦੀ ਪਾਲਣਾ ਕਰਨੀ ਲਾਜ਼ਮੀ ਹੋ ਗਈ। ਸਿੱਟੇ ਵੱਜੋਂ ਵੈਦਿਕ ਧਰਮ ਆਪਣੀ ਆਰੰਭਿਕ ਸ਼ਾਨ ਗੁਆ ਬੈਠਾ। ਆਮ ਜਨਤਾ ਧਰਮ ਤੋਂ ਪੂਰੀ ਤਰਾਂ ਅਸੰਤੁਸ਼ਟ ਹੋ ਗਈ। ਕੁੱਲ ਮਿਲਾ ਕੇ ਸਥਿਤੀ ਅਜਿਹੀ ਸੀ ਕਿ ਧਰਮ ਸਮਾਜ ਨੂੰ ਬੌਧਿਕ ਉੱਨਤੀ ਵੱਲ ਲਿਜਾਣ ਦੀ ਬਜਾਇ ਪਤਨ ਵੱਲ ਲਿਜਾ ਰਿਹਾ ਸੀ। ਧਾਰਮਿਕ ਅਸਥਿਰਤਾ ਦੇ ਅਜਿਹੇ ਮਾਹੌਲ ਕਾਰਨ ਭਾਰਤ ਦੇ ਵੱਖ-ਵੱਖ ਭਾਗਾਂ ਵਿੱਚ ਕਈ ਵਿਰੋਧੀ ਧਾਰਮਿਕ ਅੰਦੋਲਨ ਵਿਕਸਿਤ ਹੋ ਰਹੇ ਸਨ। ਇਸੇ ਅਸਥਿਰਤਾ ਦੌਰਾਨ ਸ਼ੈਵ ਮਤ, ਬੁੱਧ ਮਤ, ਜੈਨ ਮਤ ਅਤੇ ਹੋਰ ਬਹੁਤ ਸਾਰੇ ਧਾਰਿ
ਛੇਵੀਂ ਸਦੀ ਈ.ਪੂ. ਦੌਰਾਨ ਵੈਦਿਕ ਆਰੀਆ ਲੋਕਾਂ ਨੂੰ 'ਹਿੰਦੂ' ਨਹੀਂ ਕਿਹਾ ਜਾਂਦਾ ਸੀ। ਇਤਿਹਾਸਿਕ ਤੌਰ ਤੇ ਵੈਦਿਕ-ਕਾਲੀਨ ਧਰਮ ਅਤੇ ਸੱਭਿਅਤਾ ਨੂੰ 'ਹਿੰਦੂਇਜ਼ਮ' ਕਹਿਣਾ ਸਹੀ ਨਹੀਂ। ਉਸ ਸਮੇਂ ਦੇ ਭਾਰਤੀ ਲੋਕ ਹਿੰਦੂ, ਹਿੰਦ ਜਾਂ ਹਿੰਦੋਸਤਾਨ ਆਦਿ ਨਾਂਵਾਂ ਤੋਂ ਬਿਲਕੁਲ ਅਨਜਾਣ ਸਨ। ਸਭ ਤੋਂ ਪਹਿਲਾਂ ਹਿੰਦੂ ਸ਼ਬਦ ਫ਼ਾਰਸੀ ਲੋਕਾਂ ਦੁਆਰਾ ਵਰਤਿਆ ਗਿਆ ਸੀ। ਕਿਉਂਕਿ ਉਹ 'ਸਿੰਧੂ' ਸ਼ਬਦ ਦਾ ਉਚਾਰਨ ਕਰਨ ਵਿੱਚ ਔਖ ਮਹਿਸੂਸ ਕਰਦੇ ਸਨ ਅਤੇ ਇਸਨੂੰ 'ਹਿੰਦੂ' ਉਚਾਰਦੇ ਸਨ। ਉਹਨਾਂ ਤੋਂ ਹੀ ਇਹ ਸ਼ਬਦ ਅੱਗੇ ਚਲਦਾ ਹੋਇਆ ਯੂਰਪ ਪਹੁੰਚਿਆ, ਜਿਥੇ ਜਾ ਕੇ ਇਹ 'ਇੰਡਸ' ਬਣ ਗਿਆ। ਹਿੰਦੂ ਸ਼ਬਦ ਵਿਦੇਸ਼ੀ ਲੋਕਾਂ ਦੁਆਰਾ ਭਾਰਤ ਦੇ ਵਸਨੀਕਾਂ ਲਈ ਵਰਤਿਆ ਗਿਆ ਸੀ। ਭਾਰਤ ਨੂੰ ਹਿੰਦ ਨਾਂ ਅਰਬ ਲੋਕਾਂ ਦੁਆਰਾ ਅਤੇ ਹਿੰਦੋਸਤਾਨ ਨਾਂ ਤੁਰਕ ਲੋਕਾਂ ਦੁਆਰਾ ਦਿੱਤਾ ਗਿਆ। ਮੁਸਲਿਮ ਹਮਲਾਵਰ ਬੋਧੀਆਂ ਅਤੇ ਜੈਨੀਆਂ ਸਮੇਤ ਸਾਰੇ ਭਾਰਤੀ ਲੋਕਾਂ ਨੂੰ ਹਿੰਦੂ ਪੁਕਾਰਦੇ ਸਨ।

## ਵਿਰੋਧੀ (ਅਵੈਦਿਕ) ਧਾਰਮਿਕ ਅੰਦੋਲਨਾਂ ਅਤੇ ਸੰਪਰਦਾਵਾਂ ਦੇ ਉਭਾਰ ਦੇ ਕਾਰਨ (Causes of the Emergence of Anti-Vedic Religious Movements and Sects):

'ਬ੍ਰਾਹਮਣੀ ਮਤ' (Brahmnical Cult) ਨੇ ਸਰਲ ਅਤੇ ਸਾਦੀ ਵੈਦਿਕ ਪ੍ਰੰਪਰਾ ਨੂੰ ਇੱਕ ਜਟਿਲ ਅਤੇ ਕਰਮ-ਕਾਂਡੀ ਧਰਮ ਵਿੱਚ ਤਬਦੀਲ ਕਰ ਦਿੱਤਾ। ਇਸ ਨੇ ਸਮਾਜ ਦੇ ਹਰ ਵਰਗ ਨੂੰ, ਭਾਵੇਂ ਉਹ ਅਮੀਰ ਹੋਵੇ ਜਾਂ ਗਰੀਬ, ਉਲਝਾ ਕੇ ਰੱਖ ਦਿੱਤਾ। ਉੱਚੇ ਚਰਿੱਤਰ ਅਤੇ ਸਹੀ ਰਹਿਣੀ-ਬਹਿਣੀ ਨੂੰ ਛੱਡ ਕੇ ਫੋਕੇ ਕਰਮ-ਕਾਂਡਾਂ ਨੂੰ ਧਾਰਮਿਕ ਜੀਵਨ ਵਿੱਚ ਪ੍ਰਮੁੱਖ ਸਥਾਨ ਦੇ ਦਿੱਤਾ।

1) ਧਾਰਮਿਕ ਰਸਮਾਂ ਅਧੀਨ ਬਲੀ ਪ੍ਰਥਾ ਚ ਵਾਧਾ ਹੋ ਰਿਹਾ ਸੀ। ਦੇਵੀ-ਦੇਵਤਾਵਾਂ ਨੂੰ ਖੁਸ਼ ਕਰਨ ਲਈ ਪਸ਼ੂਆਂ ਜਾਂ ਜਾਨਵਰਾਂ ਦੀ ਬਲੀ ਦਿੱਤੀ ਜਾਂਦੀ ਸੀ। ਧਾਰਮਿਕ ਅਨੁਸ਼ਠਾਨਾਂ ਵਿੱਚ ਬਹੁਤ ਸਾਰੇ ਬ੍ਰਾਹਮਣ ਭਾਗ ਲੈਂਦੇ ਸਨ। ਪੁਜਾਰੀਆਂ ਦਾ ਇੱਕ ਵਿਸ਼ੇਸ਼ ਵਰਗ ਹੀ 'ਪੁਰੋਹਿਤ' ਵੱਜੋਂ ਸਾਰੇ ਅਨੁਸ਼ਠਾਨ ਸੰਪੰਨ ਕਰਦਾ ਸੀ। ਸ਼ਾਸਕ ਵਰਗ ਦੇ ਲੋਕ ਆਮ ਤੌਰ ਤੇ 'ਰਾਜਸੂਯ' ਅਤੇ 'ਅਸ਼ਵਮੇਧ' ਯੱਗ ਕਰਦੇ ਸਨ, ਜਿਨ੍ਹਾਂ ਉੱਪਰ ਬਹੁਤ ਸਾਰਾ ਧਨ ਖਰਚ ਹੁੰਦਾ ਸੀ। ਆਮ ਲੋਕ ਚੁੱਪ-ਚਾਪ ਅਜਿਹੇ ਆਯੋਜਨਾਂ ਉੱਪਰ ਧਨ ਵਿਅਰਥ ਹੁੰਦਾ ਵੇਖਦੇ ਰਹਿੰਦੇ ਸਨ। ਉਹ ਸਮਾਜਿਕ ਜੀਵਨ ਉੱਪਰ ਪੁਜਾਰੀ ਵਰਗ ਦੇ ਵਧਦੇ ਹੋਏ ਨਿਯੰਤ੍ਰਣ ਤੋਂ ਛੁਟਕਾਰਾ ਚਾਹੁੰਦੇ ਸਨ।
2) ਬ੍ਰਾਹਮਣਾਂ ਨੂੰ ਮਿਲਣ ਵਾਲੀ ਪ੍ਰਮੁੱਖਤਾ ਨੇ ਉਹਨਾਂ ਨੂੰ ਭ੍ਰਿਸ਼ਟ ਬਣਾ ਦਿੱਤਾ।ਉਹ ਆਚਰਣ ਦੀ ਪਵਿੱਤਰਤਾ ਅਤੇ ਗਿਆਨ ਤੋਂ ਵਿਹੀਨ ਹੋ ਕੇ ਮਾਰਗ ਤੋਂ ਭਟਕ ਗਏ। ਉਨ੍ਹਾਂ ਨੇ ਲੋਕਾਂ ਵਿੱਚ ਵਹਿਮਾਂ-ਭਰਮਾਂ ਅਤੇ ਅੰਧ-ਵਿਸ਼ਵਾਸ ਦਾ ਡਟ ਕੇ ਪ੍ਰਚਾਰ ਕੀਤਾ। ਤਰਕਹੀਨ ਰਸਮਾਂ, ਜਾਦੂ-ਮੰਤਰ, ਬੁਰੀਆਂ ਤਾਕਤਾਂ ਨੂੰ ਵਸ ਚ ਕਰਨ ਦੀ ਦੋੜ ਆਦਿ ਨੇ ਅਨਪੜ੍ਹ ਜਨਤਾ ਦਾ ਧਿਆਨ ਖਿੱਚਿਆ । ਵੇਦਾਂ ਦੇ ਮੰਤਰਾਂ ਦਾ ਉਚਾਰਨ ਕਰਕੇ ਦਰਦ, ਬਿਮਾਰੀ ਅਤੇ ਦੁੱਖਾਂ ਨੂੰ ਦੂਰ ਕਰਨ ਦਾ ਯਤਨ ਕੀਤਾ ਜਾਂਦਾ। ਭੂਤਾਂ-ਪ੍ਰੇਤਾਂ ਵਿੱਚ ਵਿਸ਼ਵਾਸ਼ ਕੀਤਾ ਜਾਂਦਾ ਅਤੇ ਉਨ੍ਹਾਂ ਤੋਂ ਛੁਟਕਾਰਾ ਪ੍ਰਾਪਤ ਕਰਨ ਲਈ ਪਸ਼ੂਆਂ ਜਾਂ ਜਾਨਵਰਾਂ ਦੀ ਬਲੀ ਦਿੱਤੀ ਜਾਂਦੀ। ਅਜਿਹੀਆਂ ਕੁਰੀਤੀਆਂ ਕਾਰਨ
3) ਲੋਕਾਂ ਦਾ ਸਮਾਜਿਕ-ਧਾਰਮਿਕ ਜੀਵਨ ਅਸਤ-ਵਿਅਸਤ ਹੋ ਗਿਆ।

ਅਣਲੋੜੀਂਦੀਆਂ ਜਟਿਲ ਰਸਮਾਂ, ਪਸ਼ੂ-ਬਲੀ ਅਤੇ ਮਹਿੰਗੇ ਅਨੁਸ਼ਠਾਨਾਂ ਨੇ ਧਾਰਮਿਕ ਕਾਰ-ਵਿਹਾਰ ਨੂੰ ਬਹੁਤ ਹੀ ਖਰਚੀਲਾ ਕਾਰਜ ਬਣਾ ਕੇ ਰੱਖ ਦਿੱਤਾ। ਬ੍ਰਾਹਮਣ ਕੋਈ ਵੀ ਧਾਰਮਿਕ ਅਨੁਸ਼ਠਾਨ ਸੰਪੰਨ ਕਰਾਉਣ ਬਦਲੇ ਵੱਡੀ ਦਕਸ਼ਿਣਾ* ਪ੍ਰਾਪਤ ਕਰਦੇ ਸਨ। ਰਾਜਿਆਂ ਦੁਆਰਾ ਆਮ ਤੌਰ ਤੇ ਉਨ੍ਹਾਂ ਨੂੰ ਤੋਹਫੇ , ਜਗੀਰਾਂ ਅਤੇ ਉੱਚ ਅਹੁਦਿਆਂ ਨਾਲ ਨਵਾਜਿਆ ਜਾਂਦਾ ਸੀ।ਆਮ ਤੌਰ ਤੇ ਰਾਜੇ, ਮੰਤਰੀ, ਸ਼ਾਹੂਕਾਰ, ਵਪਾਰੀ ਜਾਂ ਹੋਰ ਸ਼ਾਹੀ ਅਫਸਰ ਹੀ ਵੱਡੇ-ਵੱਡੇ ਮਹਿੰਗੇ ਅਨੁਸ਼ਠਾਨ ਕਰਵਾਉਂਦੇ ਸਨ। ਇਹ ਸਭ ਕੁਝ ਦੇਵੀ-ਦੇਵਤਾਂਵਾਂ ਨੂੰ ਪ੍ਰਸੰਨ ਰੱਖਣ ਲਈ ਕੀਤਾ ਜਾਂਦਾ ਸੀ। ਇਹਨਾਂ ਗੱਲਾਂ ਨੇ ਧਰਮ ਨੂੰ ਜਨਤਾ ਦੇ ਸੋਸ਼ਣ ਦਾ ਇੱਕ ਜ਼ਰੀਆ ਬਣਾ ਕੇ ਰੱਖ ਦਿੱਤਾ ਅਤੇ ਧਰਮ ਅਮੀਰ-ਗਰੀਬ ਸਾਰਿਆਂ ਲਈ ਇੱਕ ਅਣਚਾਹਿਆ ਬੋਝ ਬਣ ਕੇ ਰਹਿ ਗਿਆ।

4) ਬ੍ਰਾਹਮਣਾਂ ਦੇ ਸਮਾਜ ਚ ਵਧਦੇ ਮਹੱਤਵ ਨੇ ਉਨ੍ਹਾਂ ਦੇ ਸਮਾਜਿਕ ਰੁਤਬੇ ਵਿੱਚ ਅਥਾਹ ਵਾਧਾ ਕੀਤਾ। ਸਿੱਟੇ ਵੱਜੋਂ ਉਹ ਘਮੰਡੀ ਬਣ ਗਏ ਅਤੇ ਖਾਸ ਰਾਜਨੀਤਿਕ ਤੇ ਕਾਨੂੰਨੀ ਅਧਿਕਾਰ ਚਾਹੁਣ ਲੱਗ ਪਏ। ਉਨ੍ਹਾਂ ਨੂੰ ਰਾਜਿਆਂ ਦੀ ਸਰਪ੍ਰਸਤੀ ਪ੍ਰਾਪਤ ਹੋ ਗਈ ਜਿਸ ਨਾਲ ਉਹਨਾਂ ਦੀ ਨਿਆਂ ਅਤੇ ਪ੍ਰਸ਼ਾਸ਼ਨਿਕ ਵਿਵਸਥਾ ਉੱਪਰ ਪਕੜ ਹੋਰ ਮਜ਼ਬੂਤ ਹੋ ਗਈ। ਉਹ ਰਾਜਿਆਂ ਦੇ ਪ੍ਰਮੁੱਖ ਸਲਾਹਕਾਰ ਜਾਂ ਮੰਤਰੀ ਨਿਯੁਕਤ ਹੋਣ ਲੱਗੇ ਅਤੇ ਇਹਨਾਂ ਅਹੁਦਿਆਂ ਉੱਪਰ ਆਪਣਾ ਜੱਦੀ ਅਧਿਕਾਰ ਸਮਝਣ ਲੱਗ ਪਏ। ਉਹਨਾਂ ਨੂੰ ਜ਼ਮੀਨ ਦੇ ਲਗਾਨ (ਭੌਂ-ਕਰ ਜਾਂ ਟੈਕਸ) ਅਤੇ ਹੋਰ ਕਰਾਂ ਤੋਂ ਛੋਟ ਸੀ। ਇੱਥੋਂ ਤੱਕ ਕਿ ਇੱਕ ਬ੍ਰਾਹਮਣ ਨੂੰ ਕਤਲ ਵਰਗੇ ਗੰਭੀਰ ਅਪਰਾਧ ਲਈ ਵੀ ਫਾਂਸੀ ਦੀ ਸਜ਼ਾ ਨਹੀਂ ਦਿੱਤੀ ਜਾ ਸਕਦੀ ਸੀ।ਨਿਆਂਇਕ-ਅਸਮਾਨਤਾ ਆਪਣੇ ਸਿਖਰ ਤੇ ਸੀ।ਇਸ ਗੱਲ ਨੇ ਆਮ ਜਨਤਾ ਵਿੱਚ ਰੋਸ ਪੈਦਾ ਕਰ ਦਿੱਤਾ।ਆਮ ਲੋਕ ਹੀ ਨਹੀਂ ਸਗੋਂ ਸਮਾਜ ਦਾ ਉੱਚ-ਵਰਗ ਵੀ ਇਸ ਨਿਆਂਇਕ ਨਾ-ਬਰਾਬਰੀ ਦੇ ਖਿਲਾਫ਼ ਸੀ।
5) ਜਾਤ-ਪਾਤ ਪ੍ਰਥਾ ਬ੍ਰਾਹਮਣਾਂ ਨੂੰ ਸਮਾਜ ਵਿੱਚ ਮਿਲਣ ਵਾਲੀ ਸ੍ਰੇਸ਼ਠਤਾ ਦਾ ਨਤੀਜਾ ਸੀ।ਜਨਮ ਤੇ ਅਧਾਰਿਤ ਜਾਤ ਦੇ ਮੁਤਾਬਿਕ ਹੀ ਕਿਸੇ ਵਿਅਕਤੀ ਦਾ ਸਮਾਜਿਕ ਰੁਤਬਾ ਨਿਰਧਾਰਿਤ ਕੀਤਾ ਜਾਂਦਾ ਸੀ।'ਕਿਰਤ ਦੀ ਸ਼ਾਨ'

(Diginity of labour) ਨੂੰ ਇੱਕ ਪਾਸੇ ਰੱਖ ਦਿੱਤਾ ਗਿਆ ਅਤੇ ਕਿਰਤੀ-ਵਰਗ ਨੂੰ ਨੀਂਵੀਂ ਦ੍ਰਿਸ਼ਟੀ ਨਾਲ ਵੇਖਿਆ ਜਾਣ ਲੱਗ ਪਿਆ।ਇਸ ਕਰਕੇ ਸਮਾਜ ਦਾ ਕਿਰਤੀ-ਵਰਗ ਬ੍ਰਾਹਮਣਵਾਦੀ ਪ੍ਰੰਪਰਾ ਦੀ ਕਾਂਣੀ -ਵੰਡ ਦੇ ਵਿਰੁੱਧ ਹੋ ਗਿਆ।

6) ਯਜਮਾਨਾਂ* ਤੋਂ ਮਿਲਣ ਵਾਲੀ ਦਕਸ਼ਿਣਾ ਜਾਂ ਸੌਖੇ ਧਨ ਕਾਰਨ ਬ੍ਰਾਹਮਣ ਦਿਨੋ-ਦਿਨ ਹੋਰ ਅਮੀਰ ਅਤੇ ਐਸ਼-ਪ੍ਰਸਤ ਬਣਨ ਲੱਗ ਪਏ।ਧਾਰਮਿਕਤਾ ਅਤੇ ਅਧਿਆਤਮ ਵਰਗੇ ਗੁਣਾਂ ਦਾ ਪਤਨ ਹੋ ਗਿਆ।ਵਿੱਦਵਤਾ ਤੇ ਉੱਚੇ ਨੈਤਿਕ ਮੁੱਲਾਂ ਦੀ ਥਾਂ ਖੋਖਲੇ ਕਰਮ-ਕਾਂਡਾਂ, ਅੰਧ-ਵਿਸ਼ਵਾਸ਼ਾਂ ਅਤੇ ਵਿਖਾਵੇ ਨੇ ਲੈ ਲਈ ਸੀ।ਕੁੱਲ ਮਿਲਾ ਕੇ ਬ੍ਰਾਹਮਣਾਂ ਨੇ ਲੋਕਾਂ ਦੀਆਂ ਨਿਗਾਹਾਂ ਵਿੱਚ ਖੁਦ ਨੂੰ ਡੇਗ ਲਿਆ।
7) ਉਪਰੋਕਤ ਕਾਰਨਾਂ ਕਰਕੇ ਸਮਾਜ ਦੇ ਬੁੱਧੀਮਾਨ ਅਤੇ ਆਤਮ ਸਤਿਕਾਰ ਰੱਖਣ ਵਾਲੇ ਤਬਕੇ ਨੇ ਬ੍ਰਾਹਮਣਵਾਦੀ ਬੁਰਾਈਆਂ ਦੇ ਖਿਲਾਫ਼ ਅੰਦੋਲਨ ਆਰੰਭ ਕਰ ਦਿੱਤਾ।ਬ੍ਰਾਹਮਣ ਖੁਦ ਤਾਂ ਇੱਕ ਸੁਧਾਰਕ ਅੰਦੋਲਨ ਚਲਾਉਣ ਤੋਂ ਅਸਮਰਥ ਸਨ, ਸੋ ਸਮਾਜ ਦੇ ਉਨ੍ਹਾਂ ਪੜੇ-ਲਿਖੇ ਜਾਂ ਜਾਗਰੂਕ ਲੋਕਾਂ ਨੇ, ਜੋ ਉੱਚ-ਵਰਗ ਨਾਲ ਸੰਬੰਧਿਤ ਸਨ, ਧਰਮ ਸੁਧਾਰ ਦਾ ਇਹ ਬੀੜਾ ਚੁੱਕਿਆ।ਇਸ ਤਰ੍ਹਾਂ ਦੇਸ਼ ਦੇ ਹਰ ਕੋਨੇ ਵਿੱਚ ਧਰਮ ਸੁਧਾਰ ਦੀ ਇਕ ਲਹਿਰ ਉੱਠ ਪਈ।ਸਿੱਟੇ ਵੱਜੋਂ ਬਹੁਤ ਸਾਰੇ ਫਿਰਕੇ ਜਾਂ ਸੰਪਰਦਾਇ ਹੋਂਦ ਵਿੱਚ ਆਏ।ਇਹਨਾਂ ਅਵੈਦਿਕ ਸੰਪਰਦਾਂਵਾਂ ਵਿੱਚੋਂ ਬੁੱਧ ਅਤੇ ਜੈਨ ਮਤ ਆਪਣੀ ਹੋਂਦ ਵੱਖਰੇ ਧਰਮਾਂ ਵੱਜੋਂ ਸਥਾਪਿਤ ਕਰਨ ਵਿੱਚ ਸਫਲ ਰਹੇ।ਇਹ ਦੋਵੇਂ ਧਰਮ ਕਸ਼ੱਤਰੀ ਰਾਜਕੁਮਾਰਾਂ ਵੱਲੋਂ ਆਰੰਭ ਕੀਤੇ ਗਏ। ਜੈਨ ਮਤ ਕਸ਼ੱਤਰੀ ਰਾਜਕੁਮਾਰ ਵਰਧਮਾਨ ( ਜੋ ਉੱਤਰੀ ਬਿਹਾਰ ਦੇ ਲਿੱਛਵੀ ਕਬੀਲੇ ਦਾ ਖ਼ੱਤਰੀ ਰਾਜਕੁਮਾਰ ਸੀ ) ਅਤੇ ਬੁੱਧ ਮਤ ਕਸ਼ੱਤਰੀ ਰਾਜਕੁਮਾਰ ਸਿਧਾਰਥ ( ਜੋ ਕਪਿਲਵਸਤੂ ਦਾ ਰਾਜਕੁਮਾਰ ਸੀ ) ਦੁਆਰਾ ਆਰੰਭ ਕੀਤਾ ਗਿਆ।

## ਜੈਨ ਮਤ ਦੀ ਉਤਪੱਤੀ ( Origin of Jainism ) :

ਜੈਨ ਮਤ ਕਰਮ ਅਤੇ ਅਹਿੰਸਾ ਦੇ ਦੋਹਰੇ ਸਿਧਾਂਤ ਤੇ ਅਧਾਰਿਤ ਧਰਮ ਹੈ।ਆਮ ਤੌਰ ਤੇ ਪਹਿਲਾਂ ਇਹ ਮੰਨਿਆ ਜਾਂਦਾ ਸੀ ਕਿ ਵਰਧਮਾਨ ਮਹਾਂਵੀਰ ( 599-527 BC ) ਜੈਨ ਧਰਮ ਦੇ ਅਸਲੀ ਬਾਨੀ ਸਨ।ਪਰ ਹੁਣ ਇਹ ਪ੍ਰਮਾਣਿਤ ਹੋ ਚੁੱਕਾ ਹੈ ਕਿ ਜੈਨ ਪ੍ਰੰਪਰਾ ਉਤਨੀ ਹੀ ਪੁਰਾਣੀ ਹੈ ਜਿਤਨੀ ਕਿ ਵੈਦਿਕ ਪ੍ਰੰਪਰਾ ਅਤੇ ਸੱਭਿਅਤਾ।

ਮਹਾਂਵੀਰ ਇੱਕ ਨਵੀਂ ਧਾਰਮਿਕ ਲਹਿਰ ਦੇ ਮੋਢੀ ਨਹੀਂ ਸਨ, ਬਲਕਿ ਪ੍ਰਾਚੀਨ ਜੈਨ ਪ੍ਰੰਪਰਾ ਦੇ 24ਵੇਂ ਅਤੇ ਆਖ਼ਿਰੀ ਤੀਰਥੰਕਰ* ਸਨ।ਬਹੁਤ ਹੀ ਪੁਰਾਤਨ ਸਮੇਂ ਵਿੱਚ ਹੋਣ ਵਾਲੇ ਰਿਸ਼ਭਦੇਵ ਜੈਨ ਮਤ ਦੇ ਪਹਿਲੇ ਤੀਰਥੰਕਰ ਮੰਨੇ ਜਾਂਦੇ ਹਨ।ਜੈਨ ਮਤ ਦੇ 23ਵੇਂ ਤੀਰਥੰਕਰ ਪਾਰਸਵਨਾਥ ਇੱਕ ਇਤਿਹਾਸਕ ਪੁਰਸ਼ ਸਨ।ਉਹਨਾਂ ਦਾ ਜਨਮ 8 ਵੀਂ ਸਦੀ ਈ.ਪੂ. ਵਿੱਚ ਹੋਇਆ ਮੰਨਿਆ ਜਾਂਦਾ ਹੈ।ਉਹ ਇੱਕ ਖੱਤਰੀ ਕੁਲ ਦੇ ਰਾਜਕੁਮਾਰ ਸਨ ਜੋ ਕਿ ਬਨਾਰਸ ਦਾ ਰਾਜ-ਘਰਾਣਾ ਸੀ।ਉਹਨਾਂ ਨੇ ਬ੍ਰਾਹਮਣੀ ਮਤ ਦੀ ਕਰਮਕਾਂਡ ਤੇ ਬਲੀ-ਪ੍ਰਥਾ ਪੱਖੀ ਵਿਚਾਰਧਾਰਾ ਤੋਂ ਉਲਟ ਜੈਨ ਦਰਸ਼ਨ ਦਾ ਪ੍ਰਚਾਰ ਕੀਤਾ ਅਤੇ ਆਪਣੇ ਮਤ ਨੂੰ ਇੱਕ ਨਵੀਂ ਪਹਿਚਾਣ ਪ੍ਰਦਾਨ ਕੀਤੀ।

**ਵਰਧਮਾਨ ਮਹਾਂਵੀਰ ( 599 – 527 ਈ.ਪੂ):**ਜੈਨ ਮਤ ਦੇ 24 ਵੇਂ ਤੀਰਥੰਕਰ ਮਹਾਂਵੀਰ ਇੱਕ ਖੱਤਰੀ ਰਾਜਕੁਮਾਰ ਸਨ।ਉਹਨਾਂ ਦੇ ਪਿਤਾ ਸਿਧਾਰਥ ਲਿੱਛਵੀ ਕਬੀਲੇ ਦੇ ਮੁਖੀ ਸਨ।ਉਹਨਾਂ ਦੀ ਮਾਤਾ ਤ੍ਰਿਸ਼ਲਾ ਵੈਸ਼ਾਲੀ ਦੇ ਪ੍ਰਸਿੱਧ ਸ਼ਾਸਕ ਚੇਤਕ ਦੀ ਭੈਣ ਸੀ।ਵਰਧਮਾਨ ਮਹਾਂਵੀਰ ਦਾ ਜਨਮ 599 ਈ. ਪੂਰਵ ਬਿਹਾਰ ਦੇ ਵੈਸ਼ਾਲੀ ਰਾਜ ਵਿੱਚ ਕੁੰਡਗ੍ਰਾਮ ਵਿਖੇ ਹੋਇਆ।ਉਹਨਾਂ ਦਾ ਪਾਲਣ-ਪੋਸ਼ਣ ਬੜੇ ਐਸੋ-ਆਰਾਮ ਦੇ ਮਾਹੌਲ ਵਿੱਚ ਹੋਇਆ ਅਤੇ ਇੱਕ ਰਾਜਕੁਮਾਰ ਹੋਣ ਨਾਤੇ ਉਨ੍ਹਾਂ ਲਈ ਅਤਿ-ਸ਼੍ਰੇਸਠ ਵਿੱਦਿਆ ਦਾ ਪ੍ਰਬੰਧ ਕੀਤਾ ਗਿਆ।ਜਦੋਂ ਵਰਧਮਾਨ ਜੁਆਨ ਹੋਏ ਤਾਂ ਉਹਨਾਂ ਦਾ ਵਿਆਹ ਯਸ਼ੋਧਾ ਨਾਂ ਦੀ ਰਾਜਕੁਮਾਰੀ ਨਾਲ ਕਰ ਦਿੱਤਾ ਗਿਆ।ਉਹਨਾਂ ਦੇ ਘਰ ਇੱਕ ਪੁੱਤਰੀ ਨੇ ਜਨਮ ਲਿਆ ਜਿਸਦਾ ਨਾਂ ਪ੍ਰਿਯਦਰਸ਼ਨੀ ਰੱਖਿਆ ਗਿਆ।

ਤੀਹ ਸਾਲ ਦੀ ਉਮਰ ਤੱਕ ਵਰਧਮਾਨ ਨੇ ਗ੍ਰਿਹਸਥ ਜੀਵਨ ਬਤੀਤ ਕੀਤਾ।ਉਹਨਾਂ ਦੇ ਮਾਤਾ-ਪਿਤਾ ਪਾਰਸਵਨਾਥ ਦੇ ਮਤ ਨੂੰ ਮੰਨਦੇ ਸਨ ਜਿਸਦਾ ਪ੍ਰਭਾਵ ਵਰਧਮਾਨ ਦੇ ਆਰੰਭਿਕ ਜੀਵਨ ਉੱਪਰ ਵੀ ਪਿਆ।ਜੀਵਨ ਦੇ ਇਸ ਦੌਰ ਵਿੱਚ ਉਹਨਾਂ ਨੂੰ ਮਨੁੱਖੀ ਜਿੰਦਗੀ ਦੀਆਂ ਤਕਲੀਫ਼ਾਂ ਅਤੇ ਉਦਾਸੀ ਦਾ ਅਨੁਭਵ ਵੀ ਹੋਇਆ।ਕੁਝ ਸਮੇਂ ਪਸ਼ਚਾਤ ਉਹਨਾਂ ਦੇ ਮਾਤਾ-ਪਿਤਾ ਦਾ ਦੇਹਾਂਤ ਹੋ ਗਿਆ ਅਤੇ ਉਨ੍ਹਾਂ ਦਾ ਮਨ ਸੰਸਾਰਿਕ ਕੰਮਾਂ ਤੋਂ ਉਪਰਾਮ ਹੋ ਗਿਆ।ਉਹਨਾਂ ਨੇ ਆਪਣਾ ਪਰਿਵਾਰਿਕ ਜੀਵਨ ਤਿਆਗ ਦਿੱਤਾ ਅਤੇ ਇੱਕ ਸੰਨਿਆਸੀ ਵੱਜੋਂ ਪਾਰਸਵਨਾਥ ਦਾ

ਮਤ ਅਪਣਾ ਲਿਆ।ਲੱਗਭੱਗ ਇੱਕ ਸਾਲ ਤੱਕ ਉਹ ਪਾਰਸ-ਪੰਥੀ ਸੰਨਿਆਸੀਆਂ ਨਾਲ ਇੱਧਰ-ਉੱਧਰ ਘੁੰਮਦੇ ਰਹੇ ਪਰ ਉਨ੍ਹਾਂ ਨੂੰ ਮਨ ਦੀ ਸ਼ਾਂਤੀ ਪ੍ਰਾਪਤ ਨਹੀਂ ਹੋਈ।ਵਰਧਮਾਨ ਨੇ ਲੱਗਭੱਗ 12 ਸਾਲ ਦਾ ਸਮਾਂ ਸੱਚੇ ਗਿਆਨ ਦੀ ਭਾਲ ਵਿੱਚ ਭਟਕਦਿਆਂ ਬਿਤਾਇਆ।ਉਹਨਾਂ ਨੇ ਸਰੀਰ ਨੂੰ ਬਹੁਤ ਕਸ਼ਟ ਦਿੱਤੇ ਅਤੇ ਕਠੋਰ ਤਪ ਕੀਤਾ।ਕਈ ਵਾਰੀ ਉਹ ਕਈ-ਕਈ ਦਿਨ ਬਿਨਾਂ ਭੋਜਨ ਜਾਂ ਪਾਣੀ ਤੋਂ ਗੁਜ਼ਾਰ ਦਿੰਦੇ ਸਨ।ਨਾ ਹੀ ਨਹਾਂਦੇ ਸਨ, ਨਾ ਹੀ ਮੌਸਮ ਦੀ ਪਰਵਾਹ ਕਰਦੇ ਸਨ।ਉਨ੍ਹਾਂ ਦਾ ਸਰੀਰ ਸਿਰਫ ਇੱਕ ਪਿੰਜਰ ਬਣ ਕੇ ਰਹਿ ਗਿਆ ਸੀ।

ਜਦੋਂ ਇੱਕ ਦਿਨ ਵਰਧਮਾਨ ਸਾਲ ਦੇ ਦਰੱਖ਼ਤ ਹੇਠਾਂ ਬੈਠੇ ਸਨ ਤਾਂ ਉਹਨਾਂ ਨੂੰ ਸੱਚੇ ਗਿਆਨ 'ਕੇਵਲ' ( ਕੈਵਲਯ) ਦੀ ਪ੍ਰਾਪਤੀ ਹੋਈ।ਸਾਲ ਦਾ ਇਹ ਬਿਰਖ਼ ਰਿਜੁਪਾਲਿਕਾ ਨਦੀ ਦੇ ਕੰਢੇ ਨੇੜੇ ਸਥਿਤ ਸੀ। ਗਿਆਨ ਪ੍ਰਾਪਤੀ ਸਮੇਂ ਵਰਧਮਾਨ ਦੀ ਉਮਰ ਲੱਗਭੱਗ 42 ਵਰ੍ਹੇ ਸੀ।ਕੈਵਲਯ ਦੀ ਪ੍ਰਾਪਤੀ ਕਾਰਨ ਉਹ ਨਿਰਵਾਣ ਦੀ ਅਵਸਥਾ ਤੱਕ ਪੁੱਜ ਗਏ ਅਤੇ ਜਨਮ ਮਰਨ ਦੇ ਬੰਧਨਾਂ ਤੋਂ ਮੁਕਤ ਹੋ ਗਏ।ਇਸ ਤੋਂ ਬਾਅਦ ਉਹਨਾਂ ਨੂੰ ਅਰਹਤ, ਜਿਨ, ਕੇਵਲੀ ਜਾਂ ਮਹਾਂਵੀਰ ( ਜੇਤੂ ) ਆਖਿਆ ਜਾਣ ਲੱਗ ਪਿਆ।ਅਸਲ ਵਿੱਚ ਮਹਾਂਵੀਰ ਦਾ ਅਰਥ ਹੈ -- ਉਹ ਵਿਅਕਤੀ ਜਿਸਨੇ ਆਪਣੀਆਂ ਸੰਸਾਰਿਕ ਇੱਛਾਂਵਾਂ ਉੱਪਰ ਜਿੱਤ ਪ੍ਰਾਪਤ ਕਰ ਲਈ ਹੋਵੇ।

ਗਿਆਨ ਪ੍ਰਾਪਤੀ ਉਪਰੰਤ ਮਹਾਂਵੀਰ ਨੇ ਪਾਰਸਵਪੰਥੀ ਸਾਧੂਆਂ ਨੂੰ ਪੁਨਰ-ਸੰਗਠਿਤ ਕੀਤਾ ਅਤੇ ਧਰਮ ਪ੍ਰਚਾਰ ਦਾ ਕਾਰਜ ਆਰੰਭ ਕਰ ਦਿੱਤਾ।ਉਹਨਾਂ ਦੇ ਪੈਰੋਕਾਰ ਜੈਨ ਅਖਵਾਉਣ ਲੱਗ ਪਏ, ਜੋ ਕਿ ਅੱਜ ਵੀ ਹਿੰਦੂ ਸਮਾਜ ਦਾ ਇੱਕ ਮੱਹਤਵਪੂਰਨ ਅੰਗ ਹਨ।ਕਿਉਂਕਿ ਮਹਾਂਵੀਰ ਇੱਕ ਸ਼੍ਰੇਸਠ ਵਰਗ ਨਾਲ ਸਬੰਧਿਤ ਸਨ ਇਸ ਲਈ ਉਹਨਾਂ ਨੂੰ ਬਹੁਤ ਸਾਰੇ ਉੱਚ-ਘਰਾਣਿਆਂ ਦਾ ਸਮਰਥਨ ਪ੍ਰਾਪਤ ਹੋਇਆ ਅਤੇ ਉਹ ਲੋਕਾਂ ਵਿੱਚ ਆਪਣਾ 'ਸੱਚਾ ਸੰਦੇਸ਼' ਫੈਲਾਉਣ ਵਿੱਚ ਸਫ਼ਲ ਹੋਏ।ਉਹਨਾਂ ਨੇ ਲੋਕਾਂ ਦੀ ਅਗਿਆਨਤਾ ਦੂਰ ਕਰਨ ਲਈ ਭਾਰਤ ਦੇ ਉੱਤਰੀ ਅਤੇ ਕੇਂਦਰੀ ਪ੍ਰਦੇਸ਼ਾਂ ਦੀਆਂ ਲੰਮੀਆਂ ਯਾਤਰਾਂਵਾਂ ਕੀਤੀਆਂ।ਮਹਾਂਵੀਰ ਨਾਲ ਉਹਨਾਂ ਦੇ ਚੇਲੇ ਵੀ ਅਕਸਰ ਇਹਨਾਂ ਯਾਤਰਾਂਵਾਂ ਤੇ ਜਾਂਦੇ ਸਨ।ਜੈਨ ਸੰਘ* ਵਿਚ ਦਾਖਲ ਹੋਣ ਲਈ ਬਹੁਤ ਸਾਰੇ ਲੋਕਾਂ ਨੇ ਆਪਣਾ ਪਰਿਵਾਰਕ ਜੀਵਨ ਤਿਆਗ ਦਿੱਤਾ ਸੀ ਅਤੇ ਸੰਨਿਆਸੀ ਜਾਂ ਭਿਕਸ਼ੂ ਬਣ ਗਏ ਸਨ।ਲੱਗਭੱਗ 72 ਸਾਲ ਦੀ ਉਮਰ ਵਿੱਚ ਪਾਵਾ (ਪਾਵਾਪੁਰੀ) ਨਾਮਕ ਸਥਾਨ ਤੇ ਮਹਾਂਵੀਰ ਨੇ ਆਪਣਾ ਆਖ਼ਿਰੀ ਸਾਹ ਲਿਆ।ਉਹਨਾਂ ਦੀ ਮ੍ਰਿਤੂ ਤੋਂ ਪਹਿਲਾਂ ਲਗਭੱਗ 14,000 ਲੋਕ ਜੈਨ ਸੰਘ ਵਿੱਚ ਦਾਖ਼ਲਾ ਲੈ ਚੁੱਕੇ ਸਨ।

**ਜੈਨ ਧਰਮ ਦਾ ਫੈਲਾਓ ਅਤੇ ਆਪਸੀ ਫੁੱਟ ( Development and division of Jainism ):**

ਵਰਧਮਾਨ ਦੇ ਜੀਵਨ ਕਾਲ ਦੌਰਾਨ ਹੀ ਜੈਨ ਧਰਮ ਦੱਖਣੀ ਬਿਹਾਰ ਅਤੇ ਗੰਗਾ ਘਾਟੀ ਦੇ ਇਲਾਕੇ ਵਿਚਕਾਰ ਹਿੰਦੂਆਂ ਦਾ ਇੱਕ ਮਨਭਾਉਂਦਾ ਮਤ ਬਣ ਚੁੱਕਾ ਸੀ।ਇਸ ਇਲਾਕੇ ਦੇ ਕਈ ਕੁਲੀਨ, ਸ਼ਾਸਕ ਅਤੇ ਸ਼ਾਹੀ-ਪਰਿਵਾਰ ਮਹਾਂਵੀਰ ਦੇ ਪੱਕੇ ਸ਼ਰਧਾਲੂ ਬਣ ਗਏ ਸਨ।ਇਥੋਂ ਤੱਕ ਕਿ ਲਿੱਛਵੀ ਵੰਸ਼ ਦੇ ਸ਼ਾਸਨ ਵਿੱਚ ਜੈਨ ਮਤ ਇੱਕ 'ਰਾਜ ਧਰਮ' ( State religion ) ਦਾ ਦਰਜਾ ਹਾਸਿਲ ਕਰ ਗਿਆ ਸੀ।ਜੈਨ ਾਹਿਤ ਅਨੁਸਾਰ 6ਵੀਂ ਸਦੀ ਈ.ਪੂ. ਦੇ ਸ਼ਾਸ਼ਕ ਬਿੰਬਸਾਰ ਅਤੇ ਅਜਾਤਸ਼ੱਤਰੂ (ਬਿੰਬਸਾਰ ਦਾ ਪੁੱਤਰ ) ਜੈਨ ਧਰਮ ਦੇ ਪੱਕੇ ਸ਼ਰਧਾਲੂ ਸਨ।

ਜੈਨ ਇਤਿਹਾਸਕਾਰਾਂ ਦਾ ਮੰਨਣਾ ਹੈ ਕਿ ਚੰਦਰਗੁਪਤ ਮੌਰੀਆ ਆਪਣੇ ਜੀਵਨ ਦੇ ਆਖ਼ਿਰੀ ਸਾਲਾਂ ਦੌਰਾਨ ਇੱਕ ਪੱਕਾ ਜੈਨੀ ਬਣ ਗਿਆ ਸੀ।ਕਿਹਾ ਜਾਂਦਾ ਹੈ ਕਿ ਇਸ ਸਮੇਂ ਮਗਧ ਵਿਖੇ ਭਿਆਨਕ ਅਕਾਲ੍ਹ ਪਿਆ ਅਤੇ ਜੈਨੀ ਲੋਕਾਂ ਦੀ ਅੱਧੀ ਆਬਾਦੀ ਭੱਦਰਬਾਹੂ ਨਾਮਕ ਸਾਧੂ ਨਾਲ ਦੱਖਣ ਭਾਰਤ ਵੱਲ ਕੂਚ ਕਰ ਗਈ।ਇਸ ਗੱਲ ਤੋਂ ਚੰਦਰਗੁਪਤ ਕਾਫ਼ੀ ਨਿਰਾਸ਼ ਹੋਇਆ ਅਤੇ ਆਪਣੇ ਪੁੱਤਰ ਬਿੰਦੂਸਾਰ ਨੂੰ ਰਾਜਗੱਦੀ ਤੇ ਬਿਠਾ ਕੇ ਆਪ ਵੀ ਜੈਨੀਆਂ ਨਾਲ ਦੱਖਣ ਪ੍ਰਦੇਸ਼ ਚਲਾ ਗਿਆ।ਉਥੇ ਉਸ ਨੇ ਜੈਨ ਧਰਮ ਅਨੁਸਾਰ ਸੱਲੇਖਣਾਵਰੱਤ* ਦਾ ਪਾਲਣ ਕਰਦੇ ਹੋਏ ਆਪਣੇ ਪ੍ਰਾਣ ਤਿਆਗੇ।

ਭਾਰਤ ਦੇ ਦੱਖਣ ਵੱਲ ਜੈਨ ਧਰਮ ਨੂੰ ਫੈਲਾਉਣ ਦਾ ਸਿਹਰਾ ਭੱਦਰਬਾਹੂ ਨੂੰ ਜਾਂਦਾ ਹੈ।ਭੱਦਰਬਾਹੂ ਅਤੇ ਹੋਰ ਜੈਨੀ ਲੱਗਭੱਗ 12 ਸਾਲ ਦੱਖਣ ਵੱਲ ਬਿਤਾਉਣ ਉਪਰੰਤ ਵਾਪਿਸ ਉੱਤਰ-ਭਾਰਤ ਪਰਤ ਆਏ।ਪਰਤ ਕੇ ਉਨ੍ਹਾਂ ਨੇ ਵੇਖਿਆ ਕਿ ਉਥੇ ਰਹਿਣ ਵਾਲੇ ਜੈਨੀ ਭਿਕਸ਼ੂਆਂ ਨੇ ਜੈਨ ਧਰਮ ਦੇ ਅਸੂਲਾਂ ਨੂੰ ਕਾਫੀ ਅਰਾਮਦਾਇਕ (ਢਿੱਲਾ) ਬਣਾ ਲਿਆ ਸੀ ਅਤੇ ਇਹਨਾਂ ਦੀ ਸਰੇਆਮ ਉਲੰਘਣਾ ਹੋ ਰਹੀ ਸੀ। ਇਸ ਗੱਲ ਨੂੰ ਲੈ ਕੇ ਦੋਹਾਂ ਧਿਰਾਂ ਵਿਚਕਾਰ ਮਤਭੇਦ ਹੋ ਗਏ। ਜਿਹੜੇ ਸਾਧੂ ਦੱਖਣ ਤੋਂ ਪਰਤੇ ਸਨ ਉਹ ਅਜੇ ਵੀ ਨਗਨ ਰਹਿੰਦੇ ਸਨ, ਜਦਕਿ

ਉੱਤਰ-ਭਾਰਤੀ ਮੁਨੀ ਸਫ਼ੇਦ ਕੱਪੜੇ ਪਹਿਨਣ ਲੱਗ ਪਏ ਸਨ।ਇਸ ਵਿਵਾਦ ਨੂੰ ਸੁਲਝਾਉਣ ਅਤੇ ਜੈਨ-ਸਾਹਿਤ ਦੀ ਰਚਨਾ ਕਰਨ ਲਈ ਪਾਟਲੀਪੁੱਤਰ (ਪਟਨਾ) ਵਿਖੇ ਇੱਕ ਵਿਸ਼ਾਲ ਸਭਾ ਬੁਲਾਈ ਗਈ । ਭੱਦਰਬਾਹੂ ਅਤੇ ਉਸਦੇ ਸਾਥੀਆਂ ਨੇ ਇਸ ਮਹਾਂਸਭਾ ਦਾ ਬੱਹਿਸ਼ਕਾਰ (ਬਾਈਕਾਟ) ਕੀਤਾ। ਨਤੀਜੇ ਵੱਜੋਂ ਜੈਨ ਸੰਘ ਵਿੱਚ ਫੁੱਟ ਪੈ ਗਈ ਅਤੇ ਇਸਦੇ ਦੋ ਫਿਰਕੇ ਬਣ ਗਏ-- ਇੱਕ ਦਿਗੰਬਰ ਅਤੇ ਦੂਜਾ ਸ਼ਵੇਤਾਂਬਰ । ਦਿਗੰਬਰ ਉਹ ਸਨ ਜੋ ਦੱਖਣ ਤੋਂ ਪਰਤੇ ਸਨ ਅਤੇ ਨਗਨ ਰਹਿੰਦੇ ਸਨ।ਇਹਨਾਂ ਦਾ ਮੰਨਣਾ ਸੀ ਕਿ ਮੁਕਤੀ ਪ੍ਰਾਪਤੀ ਲਈ ਨੰਗੇ ਰਹਿਣਾ ਜ਼ਰੂਰੀ ਹੈ ਅਤੇ ਇਸੇ ਲਈ ਔਰਤ ਨੂੰ ਮੁਕਤੀ ਪ੍ਰਾਪਤੀ ਨਹੀਂ ਹੋ ਸਕਦੀ। ਸ਼ਵੇਤਾਂਬਰ ਉਹ ਸਨ ਜੋ ਉੱਤਰ ਭਾਰਤ ਵਿੱਚ ਰਹਿ ਗਏ ਸਨ ਅਤੇ ਸਫ਼ੇਦ ਵਸਤਰ ਪਹਿਨਣ ਲੱਗ ਪਏ ਸਨ। ਇਹ ਮੁਕਤੀ ਪ੍ਰਾਪਤੀ ਲਈ ਨਗਨਤਾ ਨੂੰ ਜ਼ਰੂਰੀ ਨਹੀਂ ਮੰਨਦੇ ਸਨ, ਇਹਨਾਂ ਮੁਤਾਬਿਕ ਤੀਰਥੰਕਰ ਮੱਲੀਨਾਥ ਇੱਕ ਔਰਤ ਸਨ। ਦਿਗੰਬਰ ਦਾ ਸ਼ਾਬਦਿਕ ਅਰਥ ਹੈ-- ਦਿਗ+ਆਂਬਰ । ਜਿਸਦਾ ਕੱਪੜਾ (ਆਂਬਰ) ਦਿਗ ਜਾਂ ਅਸਮਾਨ ਹੋਵੇ ਭਾਵ ਜੋ ਵਸਤਰ ਨਾ ਪਹਿਨੇ । ਸ਼ਵੇਤਾਂਬਰ ਦਾ ਅਰਥ ਹੈ-- ਸਵੇਤ+ ਆਂਬਰ । ਭਾਵ ਸਫ਼ੇਦ ਵਸਤਰ ਵਾਲਾ । ਦਿੰਗਬਰ ਪੁਰਾਤਨਪੰਥੀ ਸਨ ਅਤੇ ਕਸ਼ਟਦਾਈ ਜੀਵਨ ਬਿਤਾਉਣ ਦੇ ਪੱਖ ਚ ਸਨ, ਜਦਕਿ ਸ਼ਵੇਤਾਂਬਰਾਂ ਨੇ ਬਹੁਤੇ ਕਸ਼ਟਦਾਇਕ ਅਸੂਲਾਂ ਨੂੰ ਥੋੜਾ ਅਰਾਮਦਾਇਕ ਬਣਾ ਲਿਆ ਸੀ। ਇਹਨਾਂ ਦੁਆਰਾ ਰਚੇ ਗਏ ਪ੍ਰਾਕ੍ਰਿਤ ਧਾਰਮਿਕ ਸਾਹਿਤ ਨੂੰ 'ਆਗਮ' ਕਿਹਾ ਜਾਂਦਾ ਹੈ। ਅੱਗੇ ਚੱਲ ਕੇ ਸ਼ਵੇਤਾਂਬਰ ਜੈਨੀ ਭਾਰਤ ਵਿੱਚ ਅਧਿੱਕ ਪ੍ਰਸਿੱਧ ਹੋਏ। ਅੱਜ ਵੀ ਅਸੀਂ ਪੰਜਾਬ ਵਿੱਚ ਸਫ਼ੇਦ ਵਸਤਰਾਂ ਵਾਲੇ 'ਮੂੰਹ-ਪੱਟੀ' ਜੈਨ ਮੁਨੀ ਆਮ ਵੇਖ ਸਕਦੇ ਹਾਂ। ਉੱਤਰੀ ਭਾਰਤ ਵਿੱਚ ਜੈਨੀਆਂ ਦਾ ਇੱਕ ਹੋਰ ਫਿਰਕਾ 'ਤੇਰਾਂ ਪੰਥੀ' ਹੋਂਦ ਵਿੱਚ ਆ ਚੁੱਕਾ ਹੈ।

## ਜੈਨ ਧਰਮ ਦੀਆਂ ਸਿੱਖਿਆਵਾਂ ਅਤੇ ਪ੍ਰਮੁੱਖ ਸਿਧਾਂਤ (Teachings and Major Principles of Jainism):

ਕੁਝ ਵਿਦਵਾਨਾਂ ਦਾ ਮੰਨਣਾ ਹੈ ਕਿ ਵਰਧਮਾਨ ਮਹਾਂਵੀਰ ਪਰਮਾਤਮਾ ਨੂੰ ਨਹੀਂ ਮੰਨਦੇ ਸਨ। ਅਜਿਹਾ ਆਖਣਾ ਸਰਾਸਰ ਗਲਤ ਹੈ। ਉਨ੍ਹਾਂ ਨੇ ਸਿਰਫ ਇਸ ਗੱਲ ਤੋਂ ਇਨਕਾਰ ਕੀਤਾ ਸੀ ਕਿ ਕੋਈ ਅਜਿਹੀ ਸਰਵ-ਉੱਚ ਸ਼ਕਤੀ ਹੈ ਜ਼ੋ ਸ੍ਰਿਸ਼ਟੀ (ਸੰਸਾਰ) ਨੂੰ ਪੈਦਾ ਕਰਦੀ ਹੈ ਜਾਂ ਇਸਨੂੰ ਚਲਾਉਂਦੀ ਹੈ। ਮਹਾਂਵੀਰ ਦਾ ਮੰਨਣਾ ਸੀ ਕਿ ਇਸ ਸੰਸਾਰ ਦੀ ਹਰੇਕ ਚੀਜ਼ ਕਿਸੇ ਸਰਵ-ਉੱਚ ਸ਼ਕਤੀ ਦੁਆਰਾ ਨਹੀਂ ਚਲਾਈ ਜਾ ਰਹੀ ਬਲਕਿ ਇਹ ਤਾਂ ਇੱਕ ਸਦੀਂਵੀਂ 'ਕੁਦਰਤੀ-ਵਿਵਸਥਾ' ਵਿੱਚ ਬੱਝੀ ਆਪਣਾ ਕੰਮ ਕਰ ਰਹੀ ਹੈ। ਇਸ ਕੁਦਰਤੀ ਵਿਵਸਥਾ ਨੂੰ ਉਤਪੱਤੀ (ਪੈਦਾ ਹੋਣਾ), ਉਤਸਰਪੀਨੀ (ਵਿਕਾਸ ਕਰਨਾ) ਅਤੇ ਅਵਸਰਪੀਨੀ (ਪਤਨ ਹੋਣਾ) ਨਾਮਕ ਤਿੰਨ ਪੜਾਅ ਕੰਟਰੋਲ ਕਰ ਰਹੇ ਹਨ। ਕੁਝ ਵਿਦਵਾਨਾਂ ਦਾ ਮੰਨਣਾ ਹੈ ਕਿ ਇਹ ਜੈਨ ਸਿਧਾਂਤ ਵੈਦਿਕ-ਦਰਸ਼ਨ ਦੇ ਤਿੰਨ ਦੇਵਤਿਆਂ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਦਾ ਹੀ ਰੁਪਾਂਤਰਣ ਹੈ, ਮਹਾਂਵੀਰ ਨੇ ਸਿਰਫ ਇਸਦੀ ਵਿਆਖਿਆ ਆਪਣੇ ਢੰਗ ਨਾਲ ਕਰ ਦਿੱਤੀ। ਜੈਨ ਧਰਮ ਅਨੁਸਾਰ ਨਾ-ਸਿਰਫ ਮਨੁੱਖ ਬਲਕਿ ਕੀੜੇ-ਮਕੌੜੇ, ਪੇੜ-ਪੌਦੇ ਅਤੇ ਸਬਜ਼ੀਆਂ ਆਦਿ ਅੰਦਰ ਵੀ ਆਤਮਾ ਮੌਜੂਦ ਹੁੰਦੀ ਹੈ। ਜੋ ਵੀ ਆਖਿਆ ਜਾਵੇ ਪਰ ਮਹਾਂਵੀਰ ਦੇ ਹਰੇਕ ਵਸਤੂ ਵਿੱਚ ਆਤਮਾ ਮੰਨਣ ਪਿੱਛੇ ਤਰਕ ਇਹੋ ਸੀ ਕਿ ਕਿਸੇ ਵੀ ਪ੍ਰਾਣੀ ਜਾਂ ਪੇੜ-ਪੌਦੇ ਨੂੰ ਕੋਈ ਕਸ਼ਟ ਨਾ ਪਹੁੰਚਾਇਆ ਜਾਵੇ। ਇਸੇ ਕਰਕੇ ਉਹਨਾਂ ਨੇ 'ਅਹਿੰਸਾ' ਨੂੰ ਆਪਣੇ ਧਰਮ ਵਿੱਚ ਬਹੁਤ ਮਹੱਤਵ ਦਿੱਤਾ। ਉਹਨਾਂ ਦੇ ਪੈਰੋਕਾਰਾਂ ਨੂੰ ਅਹਿੰਸਾ ਦੀ ਪਾਲਣਾ ਪੂਰੀ ਕੱਟੜਤਾ ਅਤੇ ਕਠੋਰਤਾ ਨਾਲ ਕਰਨੀ ਪੈਂਦੀ ਸੀ।ਇਥੋਂ ਤੱਕ ਕਿ ਅੱਜ ਵੀ ਜੈਨ ਮੁਨੀ ਨੰਗੇ ਪੈਰੀਂ ਤੁਰਦੇ ਹਨ ਤਾਂ ਕਿ ਪੈਰਾਂ ਹੇਠ ਆ ਕੇ ਕਿਸੇ ਜੀਵ ਦੀ ਹੱਤਿਆ ਨਾ ਹੋ ਜਾਵੇ। ਉਹ ਇਸ ਲਈ ਮੂੰਹ ਉਪਰ ਪੱਟੀ ਬੰਨ ਕੇ ਰੱਖਦੇ ਹਨ ਤਾਂ ਕਿ ਕੋਈ ਜੀਵ ਮੂੰਹ ਜਾਂ ਸਾਹ ਰਾਹੀਂ ਉਨ੍ਹਾਂ ਦੇ ਅੰਦਰ ਨਾ ਚਲਾ ਜਾਵੇ। ਇਸੇ ਕਰਕੇ ਹੀ ਉਹ ਪੁਣਿਆ ਜਾਂ ਛਾਣਿਆ ਹੋਇਆ ਪਾਣੀ ਪੀਂਦੇ ਹਨ।

ਮਹਾਂਵੀਰ ਕਿਸੇ ਸਵਰਗ ਜਾਂ ਨਰਕ ਵਿੱਚ ਵੀ ਵਿਸ਼ਵਾਸ਼ ਨਹੀਂ ਸਨ ਰੱਖਦੇ। ਉਹ ਵੇਦਾਂ ਦੀ ਸ਼੍ਰੇਸਠਤਾ ਨੂੰ ਵੀ ਨਹੀਂ ਸਨ ਮੰਨਦੇ। ਉਹਨਾਂ ਨੇ ਵੇਦਾਂ ਵਿੱਚਲੀ ਵੱਖ-ਵੱਖ ਦੇਵਤਿਆਂ ਸਬੰਧੀ ਧਾਰਨਾ ਦਾ ਵੀ ਖੰਡਨ ਕੀਤਾ। ਉਹ ਇਸ ਗੱਲ ਵਿੱਚ ਬਿਲਕੁਲ ਵਿਸ਼ਵਾਸ਼ ਨਹੀਂ ਸਨ ਰੱਖਦੇ ਕਿ ਯੱਗ ਕਰਨ ਜਾਂ ਬਲੀ ਦੇਣ ਨਾਲ ਮਨੁੱਖ ਨੂੰ ਮੁਕਤੀ ਦੀ ਪ੍ਰਾਪਤੀ ਹੋ ਸਕਦੀ ਹੈ। ਅਸਲ ਵਿੱਚ ਮਹਾਂਵੀਰ ਕਰਮ ਅਤੇ ਪੁਨਰਜਨਮ ਵਿੱਚ ਵਿਸ਼ਵਾਸ਼ ਰੱਖਦੇ ਸਨ। ਉਹਨਾਂ ਅਨੁਸਾਰ ਆਤਮਾ ਸਰੀਰ ਰੂਪੀ ਵਸਤਰ ਬਦਲਦੀ ਰਹਿੰਦੀ ਹੈ, ਜੋ ਕਿ ਉਸਨੂੰ ਕਰਮਾਂ ਬਦਲੇ ਚੰਗਾ ਜਾਂ

ਮਾੜਾ ਮਿਲ ਸਕਦਾ ਹੈ। ਉਹਨਾਂ ਮੁਤਾਬਿਕ ਸਰੀਰ ਨਾਸ਼ਵਾਨ ਹੈ, ਪ੍ਰੰਤੂ ਆਤਮਾ ਅਮਰ ਹੈ। ਮਨੁੱਖੀ ਜੀਵਨ ਦਾ ਟੀਚਾ ਨਿਰਵਾਣ ਜਾਂ ਮੋਕਸ਼ ਦੀ ਪ੍ਰਾਪਤੀ ਹੈ। ਨਿਰਵਾਣ ਮੁਕਤੀ ਦੀ ਉਹ ਅਵਸਥਾ ਹੈ ਜਦੋਂ ਮਨੁੱਖ ਦਾ ਜਨਮ-ਮਰਣ ਵਾਲਾ ਚੱਕਰ ਸਮਾਪਤ ਹੋ ਜਾਂਦਾ ਹੈ। ਮਨੁੱਖ ਸੰਸਾਰਿਕ ਸੁੱਖਾਂ ਦੇ ਲੋਭ ਕਾਰਨ ਹੀ ਬਾਰ-ਬਾਰ ਦੁਨੀਆਂ ਵਿੱਚ ਆਉਂਦਾ ਹੈ।

ਨਿਰਵਾਣ ਪ੍ਰਾਪਤੀ ਲਈ ਉਨ੍ਹਾਂ ਨੇ ਤਿੰਨ ਪੜਾਵਾਂ ਵਾਲਾ ਤ੍ਰਿ-ਰਤਨ ਮਾਰਗ ਦੱਸਿਆ।ਇਸ ਤ੍ਰਿ-ਰਤਨ ਮਾਰਗ (Three fold Path) ਦੇ ਤਿੰਨ ਪੜਾਅ ਹਨ-

(I) ਸਮਯਕ ਦਰਸ਼ਨ (ਸਹੀ ਵਿਸ਼ਵਾਸ਼)

(II) ਸਮਯਕ ਗਿਆਨ (ਸਹੀ ਗਿਆਨ)

(III) ਸਮਯਕ ਚਰਿੱਤਰ (ਸਹੀ ਚਰਿੱਤਰ)

ਇਸੇ ਲਈ ਜੈਨੀ ਕਹਿੰਦੇ ਹਨ --

"ਸਮਯਕ ਦਰਸ਼ਨ ਗਿਆਨ ਚਰਿੱਤਰਾਣੀ ਮੋਕਸ਼ ਮਾਰਗਾ"।

ਭਾਵ ਨਿਰਵਾਣ ਪ੍ਰਾਪਤੀ ਦੇ ਇੱਛੁਕ ਜੈਨੀ ਲਈ ਇਹ ਜਰੂਰੀ ਹੈ ਕਿ ਉਹ ਜੈਨ ਤੀਰਥੰਕਰਾਂ ਅਤੇ ਉਹਨਾਂ ਦੀਆਂ ਸਿੱਖਿਆਵਾਂ ਤੇ ਵਿਸ਼ਵਾਸ਼ ਰੱਖੇ। ਉਸ ਨੂੰ ਕਰਮ ਸਿਧਾਂਤ ਦਾ ਗਿਆਨ ਹੋਵੇ ਅਤੇ ਮੁਕਤੀ ਦੀ ਕਾਮਨਾ ਕਰੇ। ਉਹ ਪੰਜ ਮਹਾਂ-ਵਰਤਾਂ (ਅਹਿੰਸਾ, ਸੱਚ, ਅਸਤੇਯ, ਅਪ੍ਰਿਗ੍ਰਹਿ ਅਤੇ ਬ੍ਰਹਮਚਰਯ) ਉੱਪਰ ਚਲਦਾ ਹੋਇਆ ਆਪਣਾ ਆਚਰਣ ਚੰਗਾ ਰੱਖੇ।

### ਜੈਨ ਧਰਮ ਦੇ ਪੰਜ ਮਹਾਂਵਰਤ (Five Vows of Jainis):

ਜੈਨ ਧਰਮ ਦੇ ਹੇਠ ਲਿਖੇ ਪੰਜ ਮਹਾਂਵਰਤ ਹਨ --

| | | |
|---|---|---|
| 1 | ਅਹਿੰਸਾ (Non-violence) | ਕਿਸੇ ਜੀਵ-ਜੰਤੂ ਜਾਂ ਪੌਦੇ ਨੂੰ ਕਸ਼ਟ ਨਾ ਪਹੁੰਚਾਉਣਾ। |
| 2 | ਸੱਤਯ (Truth) | ਸਦਾ ਸੱਚ ਬੋਲਣਾ ਕਿਉਂਕਿ ਝੂਠ ਬੋਲਣਾ ਜ਼ੁਬਾਨ ਰਾਹੀਂ ਕੀਤੀ ਗਈ ਹਿੰਸਾ ਹੈ। |
| 3 | ਅਸਤੇਯ(Non-stealing) | ਚੋਰੀ ਨਾ ਕਰਨਾ ਜਾਂ ਕਿਸੇ ਦਾ ਹੱਕ ਨਾ ਮਾਰਨਾ। |
| 4 | ਅਪ੍ਰਿਗ੍ਰਹਿ (Non-posession) | ਲੋੜ ਤੋਂ ਵੱਧ ਵਸਤੂ ਇਕੱਠੀ ਨਾ ਕਰਨਾ ਅਤੇ ਪਰਾਈ ਚੀਜ਼ ਦਾ ਲੋਭ ਨਾ ਕਰਨਾ। |
| 5 | ਬ੍ਰਹਮਚਰਯ (Celibacy) | ਚਰਿੱਤਰ ਸ਼ੁੱਧ ਰੱਖਣਾ ਜਾਂ ਪਰਾਈ ਇਸਤਰੀ ਤੋਂ ਦੂਰ ਰਹਿਣਾ । |

ਮਹਾਂਵੀਰ ਅਨੁਸਾਰ ਨਿਰਵਾਣ ਹੀ ਇੱਕ ਜੈਨੀ ਦੇ ਜੀਵਨ ਦਾ ਅੰਤਿਮ ਲਕਸ਼ ਹੋਣਾ ਚਾਹੀਦਾ ਹੈ।ਉਹਨਾਂ ਦਾ ਮੰਨਣਾ ਸੀ ਕਿ ਕੈਵਲਯ ਅਤੇ ਨਿਰਵਾਣ ਦੀ ਅਵਸਥਾ ਤੱਕ ਪੁੱਜਣ ਲਈ ਇਹ ਜਰੂਰੀ ਹੈ ਕਿ ਸ਼ਰੀਰ ਨੂੰ ਕਸ਼ਟ ਦਿੱਤੇ ਜਾਣ।ਇਸ ਨੂੰ ਸੁਆਦਾਂ ਤੋਂ ਦੂਰ ਰੱਖਿਆ ਜਾਵੇ, ਖਾਣਾ ਹੌਲੀ-ਹੌਲੀ ਘਟਾਇਆ ਜਾਵੇ, ਚੰਗਾ ਧਾਰਮਿਕ ਸਾਹਿਤ ਪੜਿਆ ਜਾਵੇ, ਤਪ ਕੀਤਾ ਜਾਵੇ, ਨਿਮਰਤਾ ਰੱਖੀ ਜਾਵੇ ਅਤੇ ਸੇਵਾ ਭਾਵਨਾ ਪੈਦਾ ਕੀਤੀ ਜਾਵੇ ਤਾਂ ਹੀ ਨਿਰਵਾਣ ਪ੍ਰਾਪਤ ਹੋ ਸਕਦਾ ਹੈ।

## ਜੈਨ ਧਰਮ ਦੇ ਕੁਝ ਹੋਰ ਮੱਹਤਵਪੂਰਨ ਸਿਧਾਂਤ :

### ਨਯ ਦਾ ਸਿਧਾਂਤ (Principle of Logic) -

ਨਯ ਦਾ ਭਾਵ ਹੈ ਤਰਕ (Logic) । ਹਰੇਕ ਧਰਮ ਵਿੱਚ ਤਰਕ ਨੂੰ ਮਹੱਤਵ ਦਿੱਤਾ ਗਿਆ ਹੈ ਕਿਉਂਕਿ ਕਈਂ ਵਾਰੀ ਬਹੁਤ ਸਾਰੀਆਂ ਧਾਰਮਿਕ ਗੱਲਾਂ ਨੂੰ ਤਰਕ ਦੇ ਆਧਾਰ ਤੇ ਸਿੱਧ ਕਰਨਾ ਆਵੱਸ਼ਕ ਹੋ ਜਾਂਦਾ ਹੈ। ਸਾਧਾਰਨ ਭਾਸ਼ਾ ਵਿੱਚ ਨਯ ਨੂੰ ਕਿਸੇ ਗੱਲ ਦੇ ਪੱਖ ਵਿੱਚ ਕਿਹਾ ਗਿਆ ਸੱਚ (Partial Truth) ਜਾਂ ਦਲੀਲ ਮੰਨਿਆ ਜਾਂਦਾ ਹੈ।

ਜੈਨ ਧਰਮ ਅਨੁਸਾਰ ਕਿਸੇ ਵੀ ਵਿਚਾਰ ਜਾਂ ਗੱਲ ਨੂੰ ਪੂਰੀ ਤਰਾਂ ਗਲਤ ਨਹੀਂ ਕਿਹਾ ਜਾ ਸਕਦਾ । ਇਸ ਦਾ ਕੋਈ ਨਾ ਕੋਈ ਪੱਖ ਸਹੀ ਹੁੰਦਾ ਹੈ ਜਾਂ ਇਸ ਨੂੰ ਕਿਸੇ ਨਾ ਕਿਸੇ ਪੱਖ ਤੋਂ ਸਹੀ ਕਿਹਾ ਜਾ ਸਕਦਾ ਹੈ। ਹਰਕੇ ਵਸਤੂ ਦੇ ਅਨੇਕਾਂ

ਸਕਾਰਾਤਮਕ ਜਾਂ ਨਿਖੇਧਾਤਮਕ (Positive or Negative) ਗੁਣ ਹੁੰਦੇ ਹਨ। ਆਮ ਮਨੁੱਖ ਲਈ ਇਹਨਾਂ ਸਾਰਿਆਂ ਨੂੰ ਜਾਣਨਾ ਕਠਿਨ ਹੈ। ਇਸੇ ਕਰਕੇ ਸਾਡਾ ਗਿਆਨ ਇੱਕਪਾਸੜ (ਸਾਪੇਖ ਜਾਂ Partial), ਅਧੂਰਾ ਜਾਂ ਸੀਮਿਤ ਹੈ। ਨਯ ਦਾ ਅਰਥ ਕਿਸੇ ਚੀਜ਼ ਦਾ ਇੱਕ ਪਹਿਲੂ, ਪੱਖ ਜਾਂ ਦ੍ਰਿਸ਼ਟੀਕੋਣ ਤੋਂ ਗਿਆਨ ਹੈ। ਕਿਸੇ ਗੱਲ ਬਾਰੇ ਕਿਸੇ ਖਾਸ ਦ੍ਰਿਸ਼ਟੀਕੋਣ ਤੋਂ ਦਿੱਤਾ ਗਿਆ ਤਰਕ ਜਾਂ ਦਲੀਲ ਹੀ ਨਯ ਅਖਵਾਉਂਦਾ ਹੈ।

**ਅਨੇਕਾਂਤਵਾਦ ਦਾ ਸਿਧਾਂਤ (Theory of Many viewpoints) –**

ਜੈਨ ਧਰਮ ਵਿੱਚ ਕਿਸੇ ਵਸਤੂ ਜਾਂ ਵਿਚਾਰ ਦੀ ਅਸਲੀਅਤ ਜਾਣਨ ਲਈ ਅਨੇਕਾਂਤਵਾਦ ਸਿਧਾਂਤ ਦੱਸਿਆ ਗਿਆ ਹੈ।ਅਨੇਕਾਂਤਵਾਦ ਕੁਝ ਸ਼ਬਦਾਂ ਦਾ ਸਮੂਹ ਹੈ। ਜਿਵੇਂ ਅਨੇਕ+ਅੰਤ+ਵਾਦ । ਅਨੇਕ ਤੋਂ ਭਾਵ ਕਈ, ਅੰਤ ਤੋਂ ਭਾਵ ਦ੍ਰਿਸ਼ਟੀਕੋਣ ਅਤੇ ਵਾਦ ਤੋਂ ਭਾਵ ਸਿਧਾਂਤ ਹੈ। ਸਧਾਰਨ ਭਾਸ਼ਾ ਚ ਕਹਿ ਲਿਆ ਜਾਵੇ ਤਾਂ ਸਚਾਈ ਨੂੰ ਭਿੰਨ-ਭਿੰਨ ਪਹਿਲੂਆਂ ਤੋਂ ਵਿਚਾਰਨਾ ਹੀ ਅਨੇਕਾਂਤਵਾਦ ਹੈ (To view the reality from many angles)।

ਅਨੇਕਾਂਤਵਾਦ ਅਨੁਸਾਰ ਹਰੇਕ ਗੱਲ ਦੇ ਕਈ ਪਹਿਲੂ ਜਾਂ ਪੱਖ ਹੁੰਦੇ ਹਨ। ਕਿਸੇ ਵੀ ਵਸਤੂ ਜਾਂ ਵਿਚਾਰ ਦੀ ਅਸਲੀਅਤ ਨੂੰ ਪੂਰੀ ਤਰਾਂ ਜਾਣਨਾ ਅਸੰਭਵ ਹੈ ਅਤੇ ਹਰੇਕ ਵਿਅਕਤੀ ਇਸ ਨੂੰ ਆਪੋ-ਆਪਣੇ ਦ੍ਰਿਸ਼ਟੀਕੋਣ (viewpoint) ਤੋਂ ਵੇਖਦਾ ਹੈ। ਇਸੇ ਲਈ ਉਸ ਦਾ ਇਸ ਬਾਰੇ ਵਿੱਚ ਗਿਆਨ ਸੀਮਿਤ ਰਹਿੰਦਾ ਹੈ। ਜੈਨ ਧਰਮ ਇਸ ਗੱਲ ਦੀ ਪੈਰਵੀ ਕਰਦਾ ਹੈ ਕਿ ਕਿਸੇ ਵੀ ਗੱਲ ਜਾਂ ਵਸਤੂ ਬਾਰੇ ਪੂਰੀ ਤਰਾਂ ਨਾਲ ਜਾਣਨ ਲਈ ਉਸ ਬਾਰੇ ਵੱਖ ਵੱਖ ਅਤੇ ਕਈ ਦ੍ਰਿਸ਼ਟੀਕੋਣਾਂ ਜਾਂ ਪਹਿਲੂਆਂ ਤੋਂ ਵਿਚਾਰ ਕੀਤਾ ਜਾਣਾ ਚਾਹੀਦਾ ਹੈ। ਕਿਸੇ ਇੱਕ 'ਅੰਤ'(Angle) ਜਾਂ ਪਹਿਲੂ ਤੋਂ ਵੇਖਿਆਂ, ਉਸ ਬਾਰੇ ਸਹੀ ਗਿਆਨ ਪ੍ਰਾਪਤ ਨਹੀਂ ਹੋ ਸਕਦਾ। ਜਿਵੇਂ- ਜੇ ਅਸੀਂ ਕਹੀਏ ਕਿ 'ਬਿਹਾਰੀ ਮਜ਼ਦੂਰ ਬਹੁਤ ਮਿਹਨਤੀ ਹੁੰਦੇ ਹਨ' ਤਾਂ ਇਸ ਦਾ ਭਾਵ ਇਹ ਹੋ ਸਕਦਾ ਹੈ ਕਿ ਜ਼ਿੰਦਗੀ ਵਿੱਚ ਜੋ ਬਿਹਾਰੀ ਮਜ਼ਦੂਰ ਸਾਨੂੰ ਮਿਲੇ ਉਹ ਸਾਰੇ ਮਿਹਨਤੀ ਸਨ। ਪਰ ਹੋ ਸਕਦਾ ਹੈ ਕਿ ਬਹੁਤ ਸਾਰੇ ਪੰਜਾਬੀ ਮਜ਼ਦੂਰ ਵੀ ਮਿਹਨਤੀ ਹੋਣ ਜਾਂ ਬਹੁਤ ਸਾਰੇ ਬਿਹਾਰੀ ਮਜ਼ਦੂਰ ਕੰਮਚੋਰ ਹੋਣ। ਇਸ ਕਰਕੇ ਸਾਡਾ ਬਿਹਾਰੀ ਮਜ਼ਦੂਰਾਂ ਦੇ ਮਿਹਨਤੀ ਹੋਣ ਬਾਰੇ ਵਿਚਾਰ ਅਧੂਰਾ, ਸੀਮਿਤ ਅਤੇ ਇੱਕ ਪਹਿਲੂ ਤੋਂ ਘੋਖਿਆ ਗਿਆ ਨਿੱਜੀ ਵਿਚਾਰ ਹੈ। ਅਨੇਕਾਂਤਵਾਦ ਇਸ ਨੂੰ ਕਈ ਪਹਿਲੂਆਂ ਤੋਂ ਘੋਖਣ ਲਈ ਕਹਿੰਦਾ ਹੈ।ਜਦੋਂ ਅਸੀਂ ਬਿਹਾਰੀ ਮਜ਼ਦੂਰਾਂ ਬਾਰੇ ਵੱਖ-ਵੱਖ ਤੱਥਾਂ ਦਾ ਅਧਿਐਨ ਕਰਾਂਗੇ--ਜਿਵੇਂ ਉਹਨਾਂ ਨੂੰ ਮਿਲਣ ਵਾਲੀ ਦਿਹਾੜੀ ਕਿੰਨੀ ਹੈ, ਉਹ ਦਿਨ ਵਿੱਚ ਕਿੰਨੇ ਘੰਟੇ ਕੰਮ ਕਰਦੇ ਹਨ, ਉਹ ਕਿਹੜੀ ਫ਼ਸਲ ਵਾਸਤੇ ਸਹੀ ਕਾਮੇ ਹਨ, ਉਹ ਆਪਣੇ ਇਲਾਕੇ ਵਿਚੋਂ ਪੰਜਾਬ ਵਿੱਚ ਕੀ ਕਰਨ ਆਉਂਦੇ ਹਨ ਜਾਂ ਕੀ ਉਹ ਇਕੱਠੇ ਮਿਲ ਕੇ ਕੰਮ ਕਰਦੇ ਹਨ ਆਦਿ ਸਾਰੇ ਪਹਿਲੂਆਂ ਤੇ ਗੌਰ ਕਰਾਂਗੇ , ਤਾਂ ਹੀ ਉਹਨਾਂ ਦੇ ਬਾਰੇ ਵਿੱਚ ਸਹੀ ਨਿਰਣਾ ਸਾਹਮਣੇ ਆਵੇਗਾ।

ਜੈਨ ਵਿਦਵਾਨ ਕਹਿੰਦੇ ਹਨ ਕਿ ਸਾਡਾ ਕਿਸੇ ਇੱਕ ਦ੍ਰਿਸ਼ਟੀਕੋਣ ਜਾਂ ਪੱਖ ਤੋਂ ਸੱਚਾਈ ਨੂੰ ਪਰਖਣਾ ਬਿਲਕੁਲ ਉਵੇਂ ਹੀ ਹੈ ਜਿਵੇਂ ਕਈ ਅੰਨੇ ਵਿਅਕਤੀ ਮਿਲ ਕੇ ਹਾਥੀ ਦੇ ਸਰੂਪ ਦੀ ਵਿਆਖਿਆ ਉਸ ਦੇ ਅੰਗਾਂ ਦੀ ਬਣਾਵਟ ਅਨੁਸਾਰ ਕਰਦੇ ਹਨ। ਜਿਸ ਅੰਨੇ ਦਾ ਸਪਰਸ਼ ਹਾਥੀ ਦੇ ਜਿਹੜੇ ਅੰਗ ਨਾਲ ਹੋ ਜਾਂਦਾ ਹੈ, ਉਹ ਉਸੇ ਅਨੁਸਾਰ ਹੀ ਹਾਥੀ ਦੀ ਵਿਆਖਿਆ ਕਰ ਬੈਠਦਾ ਹੈ। ਜਦੋਂ ਸਾਰੇ ਅੰਨੇ ਮਿਲ ਕੇ ਆਪੋ ਆਪਣੇ ਦ੍ਰਿਸ਼ਟੀਕੋਣਾਂ ਨੂੰ ਮਿਲਾ ਕੇ ਸਮੂਹਿਕ ਵਿਚਾਰ ਵਟਾਂਦਰਾ ਕਰਦੇ ਹਨ, ਤਦੋਂ ਹੀ ਹਾਥੀ ਦੇ ਸਹੀ ਸਰੂਪ ਦੀ ਵਿਆਖਿਆ ਸੰਭਵ ਹੋ ਪਾਂਦੀ ਹੈ।

ਇਸ ਕਰਕੇ ਅਨੇਕਾਂਤਵਾਦ ਦਾ ਸਿਧਾਂਤ ਹਰੇਕ ਚੀਜ਼ ਬਾਰੇ ਕਈ ਪਹਿਲੂਆਂ ਤੋਂ ਵਿਚਾਰ ਕਰਨ ਦਾ ਸਮਰਥਨ ਕਰਦਾ ਹੈ ਅਤੇ ਅਜਿਹੇ ਨਤੀਜਿਆਂ ਨੂੰ ਹੀ ਸਹੀ ਮੰਨਦਾ ਹੈ ਜੋ ਅਨੇਕਾਂ ਪਹਿਲੂਆਂ ਨੂੰ ਵਿਚਾਰਣ ਤੋਂ ਬਾਦ ਕੱਢੇ ਗਏ ਹੋਣ।

**ਸਯਾਤਵਾਦ ਦਾ ਸਿਧਾਂਤ (Principle of Syadvada)–**ਸਯਾਤ ਤੋਂ ਭਾਵ ਹੈ ਸ਼ਾਇਦ (Perhaps)। ਜੈਨ ਧਰਮ ਅਨਸਾਰ ਕਿਸੇ ਵੀ ਗੱਲ ਜਾਂ ਵਸਤੂ ਬਾਰੇ ਨਿਸਚੈ ਨਾਲ ਕੁਝ ਕਹਿਣਾ ਸਹੀ ਨਹੀਂ ਹੈ।ਇਸ ਨਾਲ ਅਧੂਰਾ ਜਾਂ ਸੀਮਿਤ ਸੱਚ ਹੀ ਸਾਹਮਣੇ ਆਉਂਦਾ ਹੈ। ਕਿਸੇ ਵਸਤੂ ਨੂੰ ਵੇਖਣ ਦੇ ਕਈ ਦ੍ਰਿਸ਼ਟੀਕੋਣ ਹੋ ਸਕਦੇ ਹਨ। ਇਸ ਲਈ ਅਸੀਂ ਕਿਸੇ ਗੱਲ ਜਾਂ ਵਸਤੂ ਬਾਰੇ ਨਿਰਪੱਖ ਨਿਰਣਾ ਨਹੀਂ ਕਰ ਸਕਦੇ। ਅਜਿਹੇ ਨਿਰਣੇ ਸਾਪੇਖ (ਇੱਕਪਾਸੜ ਜਾਂ ਇੱਕ ਪਹਿਲੂ ਤੋਂ ਵਿਚਾਰੇ ਗਏ ) ਹਨ ਜਿਵੇਂ-- ਇਹ ਕਹਿਣਾ ਕਿ 'ਰੋਟੀ ਹੈ' ਅਜਿਹਾ ਭੁਲੇਖਾ ਪਾਉਂਦਾ ਹੈ ਕਿ ਇਹ ਰੋਟੀ ਹਰ ਕਾਲ (ਸਵੇਰੇ, ਦੁਪਹਿਰ, ਸ਼ਾਮੀ, ਰਾਤੀ) ਵਿੱਚ, ਹਰ ਸਥਾਨ ਤੇ (ਘਰ, ਦਫਤਰ, ਖੇਤ, ਹੋਟਲ), ਹਰ ਪ੍ਰਕਾਰ ਦੀ (ਠੰਢੀ, ਗਰਮ, ਮਿੱਠੀ, ਨਮਕੀਨ, ਮੱਕੀ ਦੀ, ਕਣਕ ਦੀ, ਬਾਜ਼ਰੇ ਦੀ) ਹੈ। ਸਯਾਤਵਾਦ ਇਸ ਗੱਲ ਤੇ ਜ਼ੋਰ ਦਿੰਦਾ ਹੈ ਕਿ ਹਰੇਕ ਗੱਲ ਦਾ ਆਰੰਭ ਸਯਾਤ (ਸ਼ਾਇਦ) ਸ਼ਬਦ ਨਾਲ ਹੋਣਾ ਚਾਹੀਦਾ ਹੈ। ਜਿਵੇਂ ਸ਼ਾਇਦ ਰੋਟੀ ਹੋਵੇ । ਸਯਾਤ ਸ਼ਬਦ ਦੇ ਪ੍ਰਯੋਗ ਨਾਲ ਇਹ ਨਿਸ਼ਚਾ ਹੋ ਜਾਂਦਾ ਹੈ ਕਿ ਕਿਸੇ ਵੀ ਵਸਤੂ ਦਾ ਹੋਣਾ ਸਮੇਂ, ਸਥਾਨ ਅਤੇ ਗੁਣਾਂ ਤੇ ਅਧਾਰਿਤ ਹੈ।

ਸਯਾਤਵਾਦ ਅਨੁਸਾਰ ਸਾਡਾ ਗਿਆਨ ਪੂਰਨ ਸੱਚ ਨਹੀਂ ਕਿਹਾ ਜਾ ਸਕਦਾ। ਕਿਉਂਕਿ ਇਹ ਵਸਤੂ ਦੇ ਇੱਕ ਪਹਿਲੂ ਜਾਂ ਇੱਕ ਪੱਖ ਦਾ ਗਿਆਨ ਹੋਣ ਕਾਰਨ ਅਧੂਰਾ ਹੈ। ਜਿਵੇਂ ਰੋਟੀ ਸਵੇਰੇ ਵੀ ਹੋ ਸਕਦੀ ਹੈ ਅਤੇ ਸ਼ਾਮੀ ਵੀ, ਰੋਟੀ ਘਰ ਵਿੱਚ ਵੀ ਹੋ ਸਕਦੀ ਹੈ ਅਤੇ ਦਫਤਰ ਜਾਂ ਹੋਟਲ ਵਿੱਚ ਵੀ, ਰੋਟੀ ਮੱਕੀ ਦੀ ਵੀ ਹੋ ਸਕਦੀ ਹੈ ਅਤੇ ਬਾਜ਼ਰੇ ਦੀ ਵੀ, ਇਹ ਠੰਢੀ ਵੀ ਹੋ ਸਕਦੀ ਹੈ ਅਤੇ ਗਰਮ ਵੀ। ਰੋਟੀ ਬਾਰੇ ਸੱਚਾਈ ਸਮੇਂ, ਸਥਾਨ ਅਤੇ ਗੁਣ ਕਾਰਨ ਬਦਲ ਸਕਦੀ ਹੈ। ਜੈਨੀਆਂ ਅਨੁਸਾਰ ਜੋ ਬਦਲ ਜਾਵੇ ਉਹ ਸੱਚ ਨਹੀਂ। ਉਹਨਾਂ ਮੁਤਾਬਿਕ ਕੋਈ ਸਰਵ-ਗਿਆਤਾ ਹੀ ਕਿਸੇ ਵਸਤੂ ਬਾਰੇ ਸਾਰੇ ਪਹਿਲੂਆਂ ਤੋਂ ਜਾਣ ਸਕਦਾ ਹੈ।ਲੇਕਿਨ ਸਧਾਰਨ ਮਨੁੱਖ ਕਿਸੇ ਇੱਕ ਪਹਿਲੂ ਤੋਂ ਹੀ ਵਸਤੂ ਬਾਰੇ ਜਾਣ ਸਕਦਾ ਹੈ। ਇਸ ਕਰਕੇ ਸਯਾਤਵਾਦ ਨੂੰ ਨਿਰਣੇ ਦੀ ਸਾਪੇਖਤਾ ਦਾ ਸਿਧਾਂਤ ਵੀ ਕਿਹਾ ਜਾਂਦਾ ਹੈ।

### ਸਪਤਭੰਗੀ ਨਯ (Sevenfold Logic)–

ਸਪਤਭੰਗੀ ਨਯ ਦਾ ਭਾਵ ਹੈ ਸੱਤ ਹਿੱਸਿਆਂ ਵਿੱਚ ਵੰਡਿਆ ਹੋਇਆ ਤਰਕ । ਅਸਲ ਵਿੱਚ ਸਪਤਭੰਗੀ ਨਯ ਸਯਾਤਵਾਦ ਦਾ ਹੀ ਵਿਸਥਾਰ ਹੈ। ਇਹ ਕਿਸੇ ਗੱਲ ਜਾਂ ਵਿਚਾਰ ਨੂੰ ਪ੍ਰਗਟਾਉਣ ਲਈ ਬਣਾਏ ਗਏ ਸੱਤ ਤਰਕ ਜਾਂ ਦਲੀਲਾਂ ਹਨ ਅਤੇ ਹਰੇਕ ਗੱਲ ਨੂੰ ਆਖਣ ਲਈ ਸਯਾਤ ਸ਼ਬਦ ਦੀ ਵਰਤੋਂ ਕਰਦੇ ਹਨ।

ਆਮ ਮਨੁੱਖ ਕਿਸੇ ਗੱਲ ਸੰਬੰਧੀ ਦੋ ਤਰਾਂ ਨਾਲ ਨਿਰਣਾ ਕਰਦੇ ਹਨ। ਜਿਵੇਂ ਰੋਟੀ ਹੈ ਜਾਂ ਰੋਟੀ ਨਹੀਂ। ਪਰ ਜੈਨ ਦਾਰਸ਼ਨਿਕਾਂ ਨੇ ਕਿਸੇ ਗੱਲ ਜਾਂ ਤਰਕ ਸੰਬੰਧੀ ਸੱਤ ਪ੍ਰਕਾਰ ਦੇ ਨਿਰਣਿਆਂ ਨੂੰ ਮੰਨਿਆ ਹੈ। ਇਹ ਸੱਤ ਨਿਰਣੇ ਹੀ ਜੈਨ ਫਿਲਾਸਫੀ ਵਿੱਚ ਸਪਤਭੰਗੀ ਨਯ ਦੇ ਨਾਂ ਨਾਲ ਜਾਣੇ ਜਾਂਦੇ ਹਨ। ਇਹ ਸੱਤ ਭੇਦ ਜਾਂ ਪਹਿਲੂ ਇਸ ਪ੍ਰਕਾਰ ਹਨ:-

| | ਨਿਰਣੇ | ਉਦਾਹਰਨ ਲਈ ਵਾਕ |
|---|---|---|
| 1 | ਸਯਾਤ ਆਸਤੀ | (ਸ਼ਾਇਦ ਰੋਟੀ ਹੋਵੇ) |
| 2 | ਸਯਾਤ ਨਾਸਤੀ | (ਸ਼ਾਇਦ ਰੋਟੀ ਨਾ ਹੋਵੇ) |
| 3 | ਸਯਾਤ ਆਸਤੀ ਦਾ ਨਾਸਤੀ | (ਸ਼ਾਇਦ ਰੋਟੀ ਹੋਵੇ ਅਤੇ ਨਾ ਵੀ ਹੋਵੇ) |
| 4 | ਸਯਾਤ ਅਵੱਕਤੱਵਯ | (ਸ਼ਾਇਦ ਰੋਟੀ ਅਵਿਅਕਤ* ਹੋਵੇ) |
| 5 | ਸਯਾਤ ਆਸਤੀ ਦਾ ਅਵੱਕਤੱਵਯ | (ਸਾਇਦ ਰੋਟੀ ਹੋਵੇ ਪਰ ਅਵਿਅਕਤ ਹੋਵੇ) |
| 6 | ਸਯਾਤ ਨਾਸਤੀ ਦਾ ਅਵੱਕਤੱਵਯ | (ਸ਼ਾਇਦ ਰੋਟੀ ਨਾ ਹੋਵੇ ਪਰ ਅਵਿਅਕਤ ਹੋਵੇ) |
| 7 | ਸਯਾਤ ਆਸਤੀ ਦਾ ਨਾਸਤੀ ਦਾ ਅਵੱਕਤੱਵਯ | (ਸ਼ਾਇਦ ਰੋਟੀ ਹੋਵੇ ਜਾਂ ਨਾ ਵੀ ਹੋਵੇ, ਪਰ ਅਵਿਅਕਤ ਹੋਵੇ) |

ਇਸ ਪ੍ਰਕਾਰ ਜੈਨ ਧਰਮ ਦੀ ਸਪਤਭੰਗੀ ਨਯ ਕਿਸੇ ਵਸਤੂ (ਰੋਟੀ ਆਦਿ) ਦੇ ਹੋਣ, ਨਾ ਹੋਣ ਜਾਂ ਇਸ ਸੰਬੰਧੀ ਕੁਝ ਵੀ ਪਤਾ ਨਾ ਹੋਣ ਬਾਰੇ ਉਪਰੋਕਤ ਸੱਤ ਦਲੀਲਾਂ ਜਾਂ ਨਿਰਣੇ ਪੇਸ਼ ਕਰਦਾ ਹੈ। ਭਾਵੇਂ ਕੁਝ ਵਿਦਵਾਨਾਂ ਨੇ ਇਸ ਤਰਕ-ਪ੍ਰਣਾਲੀ ਦੀ ਆਲੋਚਨਾ ਕੀਤੀ ਹੈ ਅਤੇ ਇਸ ਨੂੰ ਗੁੰਝਲਦਾਰ ਦੱਸਿਆ ਹੈ, ਪਰ ਫਿਰ ਵੀ ਇਹ ਜੈਨ ਦਰਸ਼ਨ ਦਾ ਇੱਕ ਮਹੱਤਵਪੂਰਨ ਸਿਧਾਂਤ ਹੈ।

## ਜੀਵ ਅਤੇ ਅਜੀਵ ਦ੍ਰਵ (Soul and Non-soul):

ਜੈਨ ਦਰਸ਼ਨ ਇਸ ਸ੍ਰਿਸ਼ਟੀ ਦੇ ਸਾਰੇ ਕਾਰ-ਵਿਹਾਰ ਨੂੰ ਦੋ ਸ਼੍ਰੇਣੀਆਂ ਵਿੱਚ ਵੰਡਦਾ ਹੈ।

ਸਾਧਾਰਨ ਸਬਦਾਂ ਚ ਸ੍ਰਿਸ਼ਟੀ ਵਿੱਚ ਦੋ ਪ੍ਰਕਾਰ ਦੀਆਂ ਸ਼ੈਆਂ ਜਾਂ ਦ੍ਰਵ ਹਨ। ਇਹਨਾਂ ਦੋਵੇਂ ਪ੍ਰਕਾਰ ਦੇ ਦ੍ਰਵਾਂ ਦੀ ਕਾਰਜ ਪ੍ਰਣਾਲੀ ਦੁਆਰਾ ਹੀ ਸਾਰੀ ਸ੍ਰਿਸ਼ਟੀ ਦਾ ਸੰਚਾਲਨ ਹੋ ਰਿਹਾ ਹੈ। ਇਹਨਾਂ ਦ੍ਰਵਾਂ ਨੂੰ ਜੀਵ ਅਤੇ ਅਜੀਵ ਦੋ ਸ਼੍ਰੇਣੀਆਂ ਵਿੱਚ ਵੰਡਿਆ ਗਿਆ ਹੈ।

### 1. ਜੀਵ (Soul)

ਜੈਨ ਦਰਸ਼ਨ ਅਨੁਸਾਰ ਸਾਰੇ ਸੰਵੇਦਨਸ਼ੀਲ* ਪ੍ਰਾਣੀ ਜੀਵ ਹਨ।ਜੀਵਾਤਮਾ ਸਾਰੇ ਪ੍ਰਾਣੀਆਂ ਵਿੱਚ ਵੱਖ ਵੱਖ ਹੁੰਦੀ ਹੈ। ਜੀਵ ਸਚੇਤਨ* ਹੁੰਦੇ ਹਨ ਅਤੇ ਇਹਨਾਂ ਅੰਦਰ ਚੇਤਨਾ ਹੁੰਦੀ ਹੈ। ਜੀਵ ਆਰੰਭਿਕ ਅਵਸਥਾ ਵਿੱਚ ਸ਼ੁੱਧ ਸਰੂਪ ਹੁੰਦਾ ਹੈ, ਪਰ ਕਰਮਾਂ ਦੇ ਪ੍ਰਭਾਵ ਕਾਰਨ ਉਸਦਾ ਸ਼ੁੱਧ ਚੇਤਨ ਸਰੂਪ ਲੁੱਕ ਜਾਂਦਾ ਹੈ। ਜੀਵਾਤਮਾ ਨੂੰ ਅੱਖਾਂ ਰਾਹੀਂ ਨਹੀਂ ਵੇਖਿਆ ਜਾ ਸਕਦਾ, ਕਿਉਂਕਿ ਇਸ ਦਾ ਕੋਈ ਰੂਪ ਰੰਗ ਨਹੀਂ ਹੁੰਦਾ । ਪਰ ਇਸ ਨੂੰ ਆਤਮ-ਅਨੁਭੂਤੀ ਰਾਹੀਂ ਮਹਿਸੂਸ ਕੀਤਾ ਜਾ ਸਕਦਾ ਹੈ। ਇਸ ਦੇ ਅੰਦਰ ਪ੍ਰਾਣ, ਸਰੀਰਿਕ, ਮਾਨਸਿਕ ਅਤੇ ਇੰਦਰੀਆਂ ਦੀ ਸ਼ਕਤੀ ਹੁੰਦੀ ਹੈ। ਜੈਨ ਦਰਸ਼ਨ ਅਨੁਸਾਰ ਜੀਵਾਤਮਾ ਨਾ ਸਿਰਫ ਕਰਮਾਂ ਦੇ ਫਲ ਨੂੰ ਹੀ ਭੋਗਦੀ ਹੈ, ਬਲਕਿ ਇਹ ਆਪਣੇ ਸੰਸਾਰਿਕ ਰੋਲ ਦੌਰਾਨ ਕੀਤੇ ਗਏ ਚੰਗੇ

ਜਾਂ ਮਾੜੇ ਕਰਮਾਂ ਲਈ 'ਕਰਤਾ' ਵੱਜੋਂ ਜਿੰਮੇਵਾਰ ਵੀ ਹੈ। ਜੋ ਵੀ ਸ਼ੈਅ ਜੰਮਦੀ ਹੈ, ਵਧਦੀ ਹੈ ਅਤੇ ਮਰਦੀ ਹੈ-- ਉਸ ਵਿੱਚ ਆਤਮਾ ਹੁੰਦੀ ਹੈ। ਜੈਨੀ ਕਈ ਪ੍ਰਕਾਰ ਦੀਆਂ ਜੀਵਾਤਮਾਵਾਂ ਮੰਨਦੇ ਹਨ-- ਜਿਵੇਂ ਧਰਤੀ ਤੇ ਰਹਿਣ ਵਾਲੀਆਂ, ਪਾਣੀ ਚ ਰਹਿਣ ਵਾਲੀਆਂ, ਹਵਾ ਚ ਰਹਿਣ ਵਾਲੀਆਂ ਅਤੇ ਬਨਸਪਤੀ ਚ ਰਹਿਣ ਵਾਲੀਆਂ। ਇਹਨਾਂ ਸਾਰੀਆਂ ਦੇ ਵੱਖ ਵੱਖ ਗਿਣਤੀ ਵਿੱਚ ਇੰਦਰੀਆਂ* ਹੁੰਦੀਆਂ ਹਨ। ਜਿਵੇਂ ਕਿ ਕਿਸੇ ਪ੍ਰਾਣੀ ਦੇ ਸਿਰਫ ਇੱਕ ਇੰਦਰੀ ਹੁੰਦੀ ਹੈ, ਕਿਸੇ ਦੇ ਦੋ, ਕਿਸੇ ਦੇ ਤਿੰਨ, ਕਿਸੇ ਦੇ ਚਾਰ ਜਾਂ ਪੰਜ।

ਚੇਤਨਾ ਹੋਣ ਕਾਰਣ ਜੀਵਾਤਮਾ ਵਿੱਚ ਗਿਆਨ, ਅਨੁਭਵ ਅਤੇ ਸੁਖ ਆਦਿ ਗੁਣ ਵੀ ਮੌਜੂਦ ਹੁੰਦੇ ਹਨ। ਪਰ ਕਈ ਵਾਰੀ ਇਹ ਗੁਣ ਭੌਤਿਕ ਪਦਾਰਥਾਂ ਦੇ ਪ੍ਰਭਾਵ ਕਾਰਨ ਢਕੇ ਜਾਂਦੇ ਹਨ ਜਾਂ ਹੀਣ ਹੋ ਜਾਂਦੇ ਹਨ।ਭਾਵੇਂ ਜੀਵਾਤਮਾ ਦਾ ਕੋਈ ਰੂਪ-ਰੰਗ ਨਹੀਂ ਹੁੰਦਾ, ਪਰ ਫਿਰ ਵੀ ਇਸ ਕੋਲ ਆਪਣਾ ਸੰਸਾਰਿਕ ਰੋਲ ਨਿਭਾਉਣ ਲਈ ਇੱਕ ਭੌਤਿਕ ਸਰੀਰ ਜ਼ਰੂਰ ਹੁੰਦਾ ਹੈ। ਇਸੇ ਭੌਤਿਕ ਸਰੀਰ ਦੇ ਸੰਸਾਰਿਕ ਕਰਮਾਂ ਕਾਰਨ ਜੀਵਾਤਮਾ ਬੰਧਨ ਵਿੱਚ ਪੈ ਜਾਂਦੀ ਹੈ। ਆਤਮਾ ਅਤੇ ਸਰੀਰ ਦਾ ਸਬੰਧ ਸਿਰਫ ਸੰਸਾਰਿਕ ਰੋਲ ਦੇ ਪੂਰਾ ਹੋਣ ਤੱਕ ਹੀ ਰਹਿੰਦਾ ਹੈ। ਹਰ ਪ੍ਰਕਾਰ ਦੇ ਬੰਧਨ ਤੋਂ ਮੁਕਤ ਹੋਣਾ ਹੀ ਜੀਵਾਤਮਾ ਦਾ ਸਰਵ-ਉੱਚ ਲਕਸ਼ ਅਤੇ ਇਸ ਦੀ ਸੁਤੰਤਰ ਹੋਂਦ ਹੀ ਅੰਤਿਮ ਸੱਚਾਈ ਹੈ।

2. **ਅਜੀਵ (Non Soul)**

ਇਸ ਬ੍ਰਹਿਮੰਡ ਜਾਂ ਸ੍ਰਿਸ਼ਟੀ ਦੀ ਹਰ ਉਹ ਸ਼ੈਅ ਜੋ ਸੰਵੇਦਨਸ਼ੀਲ ਨਹੀਂ ਹੈ, ਅਜੀਵ ਦੀ ਸ਼੍ਰੇਣੀ ਵਿੱਚ ਆਉਂਦੀ ਹੈ। ਅਜੀਵ ਸੰਵੇਦਨਾ ਰਹਿਤ ਹੁੰਦੇ ਹਨ, ਇਹਨਾਂ ਤੋਂ ਮਿਲ ਕੇ ਹੀ ਭੌਤਿਕ ਜਗਤ ਬਣਦਾ ਹੈ। ਅਜੀਵ ਦੀ ਸ਼੍ਰੇਣੀ ਵਿੱਚ ਪੰਜ ਦ੍ਰਵ ਆਉਂਦੇ ਹਨ। ਇਹਨਾਂ ਦਾ ਕ੍ਰਮਵਾਰ ਵਿਵਰਣ ਇਸ ਪ੍ਰਕਾਰ ਹੈ --

**1) ਪੁਦਗਲ (Matter)** :- ਪੁਦਗਲ ਦੋ ਸ਼ਬਦਾਂ-- ਪੁਮ ਅਤੇ ਗਲ ਦੇ ਸੁਮੇਲ ਤੋਂ ਬਣਿਆ ਹੈ। ਪੁਮ ਦਾ ਅਰਥ ਹੈ ਜੁੜਨਾ ਅਤੇ ਗਲ ਦਾ ਅਰਥ ਹੈ ਟੁੱਟਣਾ । ਅਣੂਆਂ ਦੇ ਜੁੜਨ ਅਤੇ ਟੁੱਟਨ ਕਾਰਨ ਬਣਿਆ ਪਦਾਰਥ ਹੀ ਪੁਦਗਲ ਕਹਾਉਂਦਾ ਹੈ। ਸਾਰੇ ਪਦਾਰਥ ਅਣੂਆਂ ਤੋਂ ਮਿਲ ਕੇ ਬਣੇ ਹਨ। ਪੁਦਗਲ ਵਿੱਚ ਅਨੇਕਾਂ ਅਣੂ ਹੁੰਦੇ ਹਨ। ਅਣੂਆਂ ਵਿੱਚ ਕਿਰਿਆ ਹੁੰਦੀ ਹੈ। ਅਣੂਆਂ ਦੀ ਆਪਸੀ ਕਿਰਿਆ ਕਾਰਨ ਹੀ ਇਹਨਾਂ ਦਾ ਸੰਗਠਨ (ਜੁੜਨਾ) ਜਾਂ ਵਿਘਟਨ (ਟੁੱਟਣਾ) ਹੁੰਦਾ ਰਹਿੰਦਾ ਹੈ। ਪੁਦਗਲ ਸਦਾ ਰਹਿੰਦਾ ਹੈ, ਇਸ ਦਾ ਨਾਸ਼ ਨਹੀਂ ਹੁੰਦਾ । ਇਸ ਦਾ ਕੋਈ ਪੱਕਾ ਆਕਾਰ ਨਹੀਂ ਹੁੰਦਾ, ਆਕਾਰ ਪੱਖੋਂ ਇਹ ਪਰਿਵਰਤਨਸ਼ੀਲ ਹੈ। ਪੁਦਗਲ ਦੀਆਂ ਦੋ ਅਵਸਥਾਵਾਂ ਹਨ-- ਸੂਖ਼ਮ ਅਤੇ ਸਥੂਲ।

**2) ਆਕਾਸ਼ (Space)** :- ਆਕਾਸ਼ ਕ੍ਰਿਆਹੀਨ ਹੈ। ਆਕਾਸ਼ ਤੋਂ ਬਿਨਾ ਵਿਸਥਾਰ ਸੰਭਵ ਨਹੀਂ, ਇਸ ਲਈ ਇਹ ਸ੍ਰਿਸ਼ਟੀ ਦੇ ਕਾਰ-ਵਿਹਾਰ ਲਈ ਬਹੁਤ ਜ਼ਰੂਰੀ ਹੈ। ਆਕਾਸ਼ ਵਿੱਚ ਜੀਵ ਅਤੇ ਅਜੀਵ ਦੋਵੇਂ ਵਿਚਰਦੇ ਹਨ ਜਾਂ ਹਰਕਤ ਕਰਦੇ ਹਨ। ਜੈਨੀਆਂ ਅਨੁਸਾਰ ਦੋ ਕਿਸਮ ਦੇ ਆਕਾਸ਼ ਹਨ-- ਲੌਕਿਕ ਅਤੇ ਅਲੌਕਿਕ।

3) **ਗਤੀ ਦਾ ਨਿਯਮ ਜਾਂ ਧਰਮ (Medium of Motion):-** ਧਰਮ ਜਾਂ ਗਤੀ ਦੇ ਨਿਯਮ ਕਾਰਨ ਹੀ ਜੀਵ ਅਤੇ ਨਿਰਜੀਵ ਵਸਤੂਆਂ ਵਿੱਚ ਗਤੀ ਹੁੰਦੀ ਹੈ। ਪਰ ਇਹ ਖੁਦ ਕਿਰਿਆਹੀਨ ਹੈ। ਇਹ ਗਤੀ ਨਹੀਂ ਕਰਦਾ।

4) **ਸਥਿਰਤਾ ਦਾ ਨਿਯਮ ਜਾਂ ਅਧਰਮ (Medium of Rest):-** ਇਹ ਆਰਾਮ ਜਾਂ ਸਥਿਰਤਾ ਦਾ ਨਿਯਮ ਹੈ। ਇਸਦੇ ਕਾਰਨ ਹੀ ਗਤੀਸ਼ੀਲ ਵਸਤੂਆਂ ਆਰਾਮ ਕਰਦੀਆਂ ਹਨ ਜਾਂ ਸਥਿਰ ਹੁੰਦੀਆਂ ਹਨ। ਇਸ ਦੇ ਕਾਰਨ ਹੀ ਸ੍ਰਿਸ਼ਟੀ ਵਿੱਚ ਸਥਿਰਤਾ ਹੈ।

5) **ਕਾਲ (Time)**:- ਕਾਲ ਨਿੱਤ* ਹੈ। ਕਾਲ ਨੂੰ ਸਮਾਂ ਵੀ ਕਿਹਾ ਜਾਂਦਾ ਹੈ। ਸਕਿੰਟ, ਮਿੰਟ, ਘੰਟਾ, ਦਿਨ ਅਤੇ ਰਾਤ ਆਦਿ ਸਭ ਸਮੇਂ ਦੇ ਹੀ ਵੱਖ-ਵੱਖ ਰੂਪ ਹਨ। ਕਾਲ ਤੋਂ ਬਿਨਾ ਕਿਸੇ ਵੀ ਚੀਜ਼ ਵਿੱਚ ਪਰਿਵਰਤਨ ਨਹੀਂ ਹੋ ਸਕਦਾ। ਕਾਲ ਦੇ ਕਾਰਨ ਹੀ ਰੁੱਤਾਂ ਬਦਲਦੀਆਂ ਹਨ, ਮਨੁੱਖ ਦੀ ਉਮਰ ਵੱਧਦੀ ਹੈ। ਕੋਈ ਵੀ ਫਲ ਜਾਂ ਸਬਜ਼ੀ ਰੁੱਤ ਆਉਣ ਤੇ ਹੀ ਪੱਕਦੀ ਹੈ। ਸ਼ਬਜ਼ੀਆਂ ਜਾਂ ਫਲਾਂ ਦਾ ਕੱਚੇ ਹੋਣਾ ਜਾਂ ਪੱਕਣਾ ਕਾਲ ਦੇ ਬਦਲਾਓ ਕਾਰਨ ਹੀ ਵਾਪਰਦਾ ਹੈ। ਜੈਨੀਆਂ ਨੇ ਉਤਸਰਪੀਨੀ ਅਤੇ ਅਵਸਰਪੀਨੀ ਦੋ ਕਾਲ ਮੰਨੇ ਹਨ।

ਜੈਨ ਦਰਸ਼ਨ ਬਾਰੇ ਉਪਰੋਕਤ ਚਰਚਾ ਇਸ ਗੱਲ ਦਾ ਸੰਕੇਤ ਕਰਦੀ ਹੈ ਕਿ ਹਰੇਕ ਮਨੁੱਖ ਵਿਚ ਆਤਮਾ ਜਾਂ ਮਨ ਭਿੰਨ-ਭਿੰਨ ਹੁੰਦੇ ਹਨ। ਪਰ ਬਾਕੀ ਸਾਰੇ ਦ੍ਰਵ ਸਭ ਲਈ ਸਮਾਨ ਰੂਪ ਵਿੱਚ ਸਦਾ ਮੌਜੂਦ ਰਹਿੰਦੇ ਹਨ।

**ਸ਼ਬਦਾਵਲੀ**

ਦਕਸ਼ਿਣਾ - ਜੋ ਰਾਸ਼ੀ ਕਿਸੇ ਧਾਰਮਿਕ ਕਾਰਜ ਨੂੰ ਸੰਪੰਨ ਕਰਾਉਣ ਬਦਲੇ ਪੁਰੋਹਿਤ ਨੂੰ ਦਾਨ ਵਿੱਚ ਦਿੱਤੀ ਜਾਂਦੀ ਹੈ; ਯਜਮਾਨ- ਕਿਸੇ ਪੁਰੋਹਿਤ ਨੂੰ ਪੂਜਨੀਕ ਮੰਨਣ ਵਾਲੇ ਸ਼ਰਧਾਲੂ; ਤੀਰਥੰਕਰ- ਭਵ ਸਾਗਰ ਪਾਰ ਕਰਾਉਣ ਵਾਲਾ ਜਹਾਜ਼;

ਸੰਘ- ਸੰਘ ਤੋਂ ਭਾਵ ਹੈ ਇੱਕ ਧਰਮ ਦੇ ਸਾਰੇ ਲੋਕਾਂ ਦਾ ਇੱਕਠ ਜਾਂ ਸਮੂਹ। ਪਰ ਆਮ ਤੌਰ ਤੇ ਸੰਘ ਸਾਧੂਆਂ, ਮੁਨੀਆਂ, ਭਿਕਸ਼ੁਆਂ ਜਾਂ ਇੱਕੋ ਤਰਾਂ ਦੇ ਨਿਯਮਾਂ ਨੂੰ ਮੰਨਣ ਵਾਲੇ ਵਿਆਕਤੀਆਂ ਦੇ ਸੰਗਠਨ ਨੂੰ ਵੀ ਕਹਿ ਦਿੱਤਾ ਜਾਂਦਾ ਹੈ;
ਸੱਲੇਖਣਾਵਰੱਤ - ਇਸ ਵਰਤ ਅਨੁਸਾਰ ਬਜੁਰਗ ਜੈਨੀ ਦਿਨ-ਪ੍ਰਤੀ-ਦਿਨ ਜਾਂ ਹੌਲੀ-ਹੌਲੀ ਭੋਜਨ ਤੇ ਪਾਣੀ ਦਾ ਤਿਆਗ ਕਰ ਦਿੰਦੇ ਹਨ ਅਤੇ ਧਿਆਨ ਮਗਨ ਹਾਲਤ ਵਿੱਚ ਸਵੈ ਇੱਛਾ ਰਾਹੀਂ ਕਸ਼ਟ ਸਹਾਰਦੇ ਹੋਏ ਆਪਣੇ ਪ੍ਰਾਣ ਤਿਆਗਦੇ ਹਨ;
ਅਵਿਅਕਤ- ਜਿਸਦੇ ਬਾਰੇ ਪਤਾ ਨਾ ਲੱਗ ਰਿਹਾ ਹੋਵੇ ਜਾਂ ਜਿਸਦੇ ਬਾਰੇ ਯਕੀਨੀ ਤੌਰ ਤੇ ਕੁਝ ਕਹਿਣਾ ਮੁਮਕਿਨ ਨਾ ਹੋਵੇ;

**ਵਧੇਰੇ ਜਾਣਕਾਰੀ ਲਈ ਪ੍ਰਸਤਾਵਿਤ ਪੁਸਤਕਾਂ**


1. ਦ ਹਾੱਰਟ ਆੱਫ ਜੈਨਿਜ਼ਮ, ਸਿੰਕਲੇਅਰ ਸਟੀਵਨਸਨ ।
2. ਵਿਸ਼ਵ ਧਰਮ ਬਾਨੀ, ਗ੍ਰੰਥ ਅਤੇ ਚਿੰਤਕ, ਡਾ. ਸਰਬਜਿੰਦਰ ਸਿੰਘ (ਸੰ.) ।
3. ਸੰਸਾਰ ਧਰਮ, ਗਿਆਨੀ ਪ੍ਰਤਾਪ ਸਿੰਘ ।
4. ਜੈਨਾ ਪਾਥ ਆੱਫ ਪਿਓਰੀਫਿਕੇਸ਼ਨ, ਪਦਮਨਾਭ ਐਸ.ਜੈਨੀ ।
5. ਜੈਨਿਜ਼ਮ, ਗੁਰਬਚਨ ਸਿੰਘ ਤਾਲਿਬ (ਸੰ.) ।
6. ਏਨ ਇੰਟਰੋਡਕਸ਼ਨ ਟੂ ਇੰਡੀਅਨ ਰਿਲੀਜਨਸ, ਹਰਬੰਸ ਸਿੰਘ ਅਤੇ ਲਾਲ ਮਣੀ ਜੋਸ਼ੀ।
7. ਹਿਸਟਰੀ ਆੱਫ ਏਨਸ਼ੀਅੰਟ ਇੰਡੀਆ, ਜੇ.ਐਲ.ਮਹਿਤਾ ਅਤੇ ਸਰਿਤਾ ਮਹਿਤਾ।

ਪਾਠ ਨੰ: 2.2

ਪ੍ਰੋ.ਜਤਿੰਦਰ ਕੁਮਾਰ

# ਜੈਨ ਮੱਤ,ਸੰਖੇਪ ਜਾਣ ਪਛਾਣ,ਜੀਵ,ਅਜੀਵ,ਅਨੇਕਵਾਦ

## ਜਾਣਕਾਰੀ :

ਵਿਦਵਾਨਾਂ ਦੇ ਮਤ ਅਨੁਸਾਰ ਜੈਨ ਧਰਮ ਦੀ ਉਤਪਤੀ ਵੈਦਿਕ ਹਿੰਸਾ ਪ੍ਰਧਾਨ ਅਤੇ ਬ੍ਰਾਹਮਣਾਂ ਦੇ ਵਿਸ਼ੇਸ਼ ਅਧਿਕਾਰਾਂ ਦੇ ਪ੍ਰਤੀ ਵਿਰੋਧ ਦੇ ਫਲਸਰੂਪ ਹੋਈ। ਇਸ ਧਰਮ ਦੇ ਤਿੰਨ ਪ੍ਰਵਰਤਕ-ਰਿਸ਼ਭਦੇਵ, ਅਜਿਤਨਾਥ ਅਤੇ ਨੇਮਿਨਾਥ ਦਾ ਵੇਦਾਂ ਵਿਚ ਵੀ ਉਲੇਖ ਆਉਂਦਾ ਹੈ। ਇਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਜੈਨ ਧਰਮ ਦਾ ਆਰੰਭ ਵੈਦਿਕ ਕਾਲ ਵਿਚ ਹੋ ਚੁੱਕਾ ਸੀ। ਜਿਨ੍ਹਾਂ ਮਹਾਂਪੁਰਖਾਂ ਨੇ ਇਸ ਦਰਸ਼ਨ ਦੇ ਵਿਕਾਸ ਵਿਚ ਵਿਸ਼ੇਸ਼ ਯੋਗਦਾਨ ਦਿੱਤਾ, ਉਨ੍ਹਾਂ ਨੂੰ ਤੀਰਥੰਕਰ ਕਿਹਾ ਜਾਂਦਾ ਹੈ, ਜਿਨ੍ਹਾਂ ਦੀ ਗਿਣਤੀ 24 ਦੱਸੀ ਗਈ ਹੈ। ਰਿਸ਼ਭਦੇਵ ਪਹਿਲੇ ਅਤੇ ਵਰਧਮਾਨ ਮਹਾਂਵੀਰ ਆਖਰੀ ਤੀਰਥੰਕਰ ਮੰਨੇ ਜਾਂਦੇ ਹਨ। ਜੈਨ ਧਰਮ ਦੇ ਇਤਿਹਾਸ ਵਿਚ ਪਾਰਸ਼ਵਨਾਥ ਅਤੇ ਮਹਾਂਵੀਰ ਦਾ ਮਹੱਤਵਪੂਰਨ ਸਥਾਨ ਹੈ, ਕਿਉਂਕਿ ਇਨ੍ਹਾਂ ਦੋਵੇਂ 23ਵੇਂ ਅਤੇ 24ਵੇਂ ਤੀਰਥੰਕਰਾਂ ਨੇ ਜੈਨ ਧਰਮ ਦੇ ਸ਼ਰਧਾਲੂਆਂ ਨੂੰ ਸੰਗਠਿਤ ਕਰਨ ਅਤੇ ਜੈਨ ਧਰਮ ਦੇ ਮੂਲ ਸਰੂਪ ਨੂੰ ਨਿਰਧਾਰਿਤ ਕਰਨ ਵਿਚ ਮਹੱਤਵਪੂਰਨ ਯੋਗਦਾਨ ਦਿੱਤਾ।

ਤੀਰਥੰਕਰਾਂ ਨੂੰ 'ਜਿਨ' ਕਿਹਾ ਜਾਂਦਾ ਹੈ, ਜਿਸ ਦਾ ਅਰਥ ਹੈ ਜਿੱਤਣਵਾਲਾ, ਅਰਥਾਤ ਜਿਸਨੇ ਰਾਗ-ਦਵੈਸ਼ ਨੂੰ ਜਿੱਤ ਕੇ ਕੈਵਲਯ ਦੀ ਪ੍ਰਾਪਤੀ ਕੀਤੀ ਹੈ। ਜਿਨ੍ਹਾਂ ਦੇ ਉਪਦੇਸ਼ ਅਨੁਸਾਰ ਜੀਵਨ ਜਿਊਣ ਵਾਲੇ ਨੂੰ ਜੈਨ ਕਿਹਾ ਜਾਂਦਾ ਹੈ।

ਜੈਨ ਧਰਮ ਈਸ਼ਵਰ ਵਿਚ ਵਿਸ਼ਵਾਸ਼ ਨਹੀਂ ਰੱਖਦਾ, ਜੈਨ ਧਰਮ ਵਿਚ ਤੀਰਥੰਕਾਰ ਦਾ ਸਥਾਨ ਸਭ ਤੋਂ ਉੱਚਾ ਹੈ। ਤੀਰਥੰਕਰ ਸਭ ਕੁੱਝ ਜਾਣਨ ਵਾਲੇ, ਸਰਵ ਸ਼ਕਤੀਮਾਨ, ਸਿੱਧ ਅਤੇ ਮੁਕਤ ਹੁੰਦੇ ਹਨ। ਜੈਨ ਧਰਮ ਵਿਚ ਤੀਰਥੰਕਰਾਂ ਦੀ ਉਪਾਸਨਾ ਕੀਤੀ ਜਾਂਦੀ ਹੈ।

ਪ੍ਰੋਫੈਸਰ ਹੋਪਕਿਨ ਨੇ ਜੈਨ ਧਰਮ ਨੂੰ ਬ੍ਰਾਹਮਣਵਾਦ ਅਤੇ ਬੁੱਧ ਮਤ ਦੇ ਵਿਚਕਾਰਲਾ ਧਰਮ ਮੰਨਿਆ ਹੈ।

## ਜੈਨ ਸਾਹਿਤ

ਜੈਨ ਧਰਮ ਅਨੁਸਾਰ ਦੋ ਤਰ੍ਹਾਂ ਦੀਆਂ ਧਾਰਮਿਕ ਪੁਸਤਕਾਂ ਹਨ, ਵੇਦਪੁਰਵ ਅਤੇ ਗਿਆਰਾ ਅੰਗ। ਪੁਰਵ ਸਾਹਿਤ ਸਮੇਂ ਨਾਲ ਖੋਅ ਗਿਆ। ਜੈਨ ਪਰੰਪਰਾ ਦਾ ਸਭ ਤੋਂ ਪੁਰਾਣਾ ਸਾਹਿਤ ਗਿਆਰਾ ਅੰਗ ਹੈ, ਜਿਨ੍ਹਾਂ ਵਿਚ ਕੁੱਝ ਪ੍ਰਮੁੱਖ ਇਸ ਤਰ੍ਹਾਂ ਹਨ, ਸੂਤ੍ਰਕ੍ਰਿਤਾਂਗ, ਅਚਾਰ, ਸਥਾਨਾ, ਸਮਵਾਯ, ਭਰਾਵਤੀ, ਵਿਪਾਦ ਆਦਿ।

ਇਸ ਤੋਂ ਇਲਾਵਾ ਬਾਰਾਂ ਉਪਅੰਗ, ਦਸ ਪਰੀਕਰਨ, ਛੇ ਵੇਦਾਸੂਤਕ, ਨੰਦੀ, ਅਨੁਯੋਗਦਵਾਰ ਅਤੇ ਚਾਰ ਮੂਲਸੂਤਰ। ਦਿਗੰਬਰ ਇਸ ਸਾਹਿਤ ਦੀ ਪ੍ਰਮਾਣਿਕਤਾ ਤੇ ਸ਼ੱਕ ਕਰਦੇ ਹਨ, ਕਿਉਂਕਿ ਉਨ੍ਹਾ ਅਨੁਸਾਰ ਅਸਲੀ ਸਾਹਿਤ ਖੋ ਚੁੱਕਾ ਹੈ। ਸੋ ਚੋਦਾਂ ਪੂਰਵ ਸਨ ਜਿਨ੍ਹਾ ਵਿਚੋਂ ਚਾਰ ਇਸ ਲਈ ਨਸ਼ਟ ਹੋ ਗਏ ਕਿਉਂਕਿ ਕਾਲ ਪੈ ਗਿਆ ਸੀ, ਗਿਆਰਾ ਅੰਗ, ਬਾਰਾਂ ਉਪਾਂਗ, ਦਸ ਪ੍ਰਕ੍ਰਿਣਕ, ਛੇ ਵੇਦਸੂਤਰ, ਚਾਰ ਮੂਲਸੂਤਰ ਇਸ ਵੇਲੇ ਪ੍ਰਾਪਤ ਹਨ। ਇਸ ਨੂੰ ਸ਼ਵੇਤਾਂਬਰ ਆਗਾਮ ਸਾਹਿਤ ਆਖਦੇ ਹਨ। 14 ਪੂਰਵ ਸੰਪਾਦਨ ਹੋ ਕੇ, 4 ਪੂਰਵ ਖ਼ਤਮ ਹੋ ਗਏ, 11 ਅੰਗ, 12 ਉਪਾਂਗ, 10 ਪ੍ਰਕ੍ਰਿਣਕ, 6 ਵੇਦ ਸੂਤਰ, 4 ਮੂਲ ਸੂਤਰ = 43 ਜੈਨ ਸਾਹਿਤਕਾਰਾਂ ਨੇ ਪ੍ਰਕ੍ਰਿਤੀ ਭਾਸ਼ਾ ਦਾ ਪ੍ਰਯੋਗ ਕੀਤਾ। ਇਨ੍ਹਾਂ ਤੇ ਭਾਸ਼ ਵੀ ਲਿਖੇ ਗਏ, ਜਿਨ੍ਹਾਂ ਵਿਚ ਸਭ ਤੋਂ ਪ੍ਰਚੀਨ ਉਮਾਸਵਾਤੀ ਦਾ ਤਤਵਾਰਥਾਦਿਗਮ ਸੂਤਰ ਹੈ।

## ਜੈਨਾਂ ਦੇ ਸੰਪਰਦਾਇ :

210 ਈ. ਪੂ. ਦੇ ਲੱਗਭਗ ਭਦ੍ਰਬਾਹੂ ਅਤੇ ਸਥੂਲਭਦ੍ਰ ਦੇ ਪਰਸਪਰ ਮੱਤਭੇਦ ਕਾਰਨ ਜੈਨਾਂ ਦੇ ਦੋ ਦਲ ਹੋ ਗਏ-ਸਵੇਤਾਂਬਰ ਅਤੇ ਦਿਗੰਬਰ। ਸਵੇਤਾਂਬਰ ਸਫੇਦ ਰੰਗ ਦੇ ਕੱਪੜੇ ਪਹਿਨਦੇ ਹਨ ਜਦ ਕਿ ਦਿਗੰਬਰ ਕੱਪੜੇ ਨਹੀਂ ਪਹਿਨਦੇ। ਇਸ ਤੋਂ ਇਲਾਵਾ ਦਿਗੰਬਰ, ਸ਼ਵੇਤਾਂਬਰ ਦੁਆਰਾ ਕੀਤੇ ਗਏ ਧਰਮ ਗ੍ਰੰਥਾਂ ਨੂੰ ਨਹੀਂ ਮੰਨਦੇ ਕਿਉਂਕਿ ਉਨ੍ਹਾਂ ਅਨੁਸਾਰ ਗ੍ਰੰਥਾਂ ਦਾ ਪਹਿਲਾਂ ਹੀ ਨਾਸ਼ ਹੋ ਚੁੱਕਾ ਹੈ। ਇਸ ਤੋਂ ਇਲਾਵਾ ਦਿਗੰਬਰ ਮੰਨਦੇ ਹਨ ਕਿ ਕੇਵਲ (ਜਿਹੜੇ ਸਾਧੂ ਮੁਕਤ ਹੋ ਜਾਣ) ਭੋਜਨ ਨਹੀਂ11
ੇ, ਔਰਤਾਂ ਨੂੰ ਮੋਕਸ਼ ਦੀ ਪ੍ਰਾਪਤੀ ਨਹੀਂ ਹੋ ਸਕਦੀ। ਪਰ ਸਵੇਤਾਂਬਰ ਇਨ੍ਹਾਂ ਵਿਚਾਰਾਂ ਨੂੰ ਨਹੀਂ ਮੰਨਦੇ।

**ਜੈਨ ਅਤੇ ਬੋਧ :**

ਜੈਨ ਅਤੇ ਬੋਧ ਦੋਵੇਂ ਵੈਦਿਕ ਕਰਮਕਾਂਡ ਅਤੇ ਉਪਨਿਸ਼ਦਾਂ ਦੇ ਬ੍ਰਾਹਮਣਵਾਦ ਦੇ ਵਿਰੋਧ ਤੋਂ ਉਤਪੰਨ ਹੋਏ ਧਰਮ ਹਨ। ਦੋਵੇਂ ਜੈਨ ਅਤੇ ਬੋਧ ਈਸ਼ਵਰ ਦੀ ਸੱਤਾ ਅਤੇ ਵੇਦਾਂ ਦੀ ਪ੍ਰਮਾਣਕਿਤਾ ਨੂੰ ਨਾ ਮੰਨਣ ਕਾਰਨ ਨਾਸਤਿਕ ਹਨ। ਦੋਵੇਂ ਜੈਨ ਅਤੇ ਬੋਧ ਭਾਵੇ ਂ ਈਸ਼ਵਰ ਵਿਚ ਵਿਸ਼ਵਾਸ਼ ਨਹੀਂ ਰੱਖਦੇ, ਪਰ ਕਰਮ ਦੇ ਸਿਧਾਂਤ ਅਤੇ ਮੋਕਸ਼ ਵਿਚ ਵਿਸ਼ਵਾਸ਼ ਰੱਖਦੇ ਹਨ। ਦੋਵੇਂ ਮੋਕਸ਼ ਦੀ ਪ੍ਰਾਪਤੀ ਲਈ ਸੰਨਿਆਸ ਤੇ ਜ਼ੋਰ ਦਿੰਦੇ ਹਨ। ਜੈਨੀਆਂ ਦੇ 24ਵੇਂ ਤੀਰਥੰਕਾਰ ਮਹਾਂਵੀਰ ਸੁਆਮੀ ਅਤੇ ਬੋਧ ਮੱਤ ਦੇ ਪ੍ਰਵਰਤਕ ਮਹਾਤਮਾ ਬੁੱਧ ਸਮਕਾਲੀ ਹੋਏ ਹਨ, ਦੋਵੇਂ ਕਸ਼ਤਰੀ ਰਾਜ ਕੁਮਾਰ ਸਨ, ਜਿਨ੍ਹਾ ਨੇ ਘਰ ਬਾਰ ਛੱਡ ਕੇ ਸ੍ਰਾਵਕ ਦਾ ਜੀਵਨ ਬਤੀਤ ਕੀਤਾ। ਪਰ ਇਨ੍ਹਾਂ ਸਮਾਨਤਾਵਾਂ ਦੇ ਬਾਵਜੂਦ ਦੋਵਾਂ ਵਿਚ ਕੁੱਝ ਮੌਲਿਕ ਮੱਤਭੇਦ ਵੀ ਹਨ। ਜੈਨੀਆਂ ਨੇ ਪ੍ਰਾਕ੍ਰਿਤ ਭਾਸ਼ਾ ਦਾ ਪ੍ਰਯੋਗ ਕੀਤਾ, ਜਦ ਕਿ ਬੋਧੀਆਂ ਨੇ ਪਾਲੀ ਦਾ। ਜੈਨੀ ਸਰੀਰ ਤੋਂ ਵੱਖਰੀ ਚੇਤਨ ਸੱਤਾ, ਜਿਸ ਨੂੰ ਜੀਵ ਕਿਹਾ ਗਿਆ ਹੈ, ਵਿਚ ਵਿਸ਼ਵਾਸ਼ ਰੱਖਦੇ ਹਨ। ਪਰ ਅਜਿਹੀ ਸਰੀਰ ਤੋਂ ਅਲੱਗ ਚੇਤਨ ਸੱਤਾ ਨੂੰ ਬੋਧੀ ਨਹੀਂ ਮੰਨਦੇ। ਇਸ ਤੋਂ ਇਲਾਵਾ ਜੈਨੀ ਮੋਕਸ਼ ਪ੍ਰਾਪਤੀ ਲਈ ਕਠੋਰ ਤਪੱਸਿਆ ਨੂੰ ਜ਼ਰੂਰੀ ਮੰਨਦੇ ਹਨ, ਪਰ ਬੋਧੀਆਂ ਦਾ ਸਾਧਨਾ ਦਾ ਮਾਰਗ ਮੱਧ ਮਾਰਗ ਹੈ ਅਤੇ ਕਠਿਨ ਮਾਰਗ ਦੀ ਆਲੋਚਨਾ ਕਰਦੇ ਹਨ।

**ਅਨੇਕਤਾਵਾਦ :**

ਜੈਨੀਆਂ ਅਨੁਸਾਰ ਸੱਤ ਉਹ ਹੈ ਜਿਸ ਵਿਚ ਜਨਮ, ਮਰਨ ਅਤੇ ਸਥਿਰਤਾ ਦੇ ਗੁਣ ਹੁੰਦੇ ਹਨ। ਇਸ ਤਰ੍ਹਾਂ ਸੱਤ ਭਾਵੇਂ ਆਪਣੇ ਆਪ ਵਿਚ ਨਿੱਤ ਹੈ, ਪਰ ਉਸ ਵਿਚ ਪਰਿਵਰਤਨ ਆਉਂਦੇ ਜਾਂਦੇ ਰਹਿੰਦੇ ਹਨ। ਇਸ ਲਈ ਸੱਤ ਸੰਯੁਕਤ ਅਤੇ ਗਤੀਸ਼ੀਲ ਹੈ। ਪਰਿਵਰਤਨ ਨੂੰ ਪ੍ਰਯਾਯ ਕਿਹਾ ਜਾਂਦਾ ਹੈ ਜੋ ਗੁਣ ਤੋਂ ਵੱਖਰਾ ਹੁੰਦਾ ਹੈ। ਗੁਣ ਹੋਂਦ ਦੇ ਵਿਸ਼ੇਸ਼ ਕਾਲ ਵੱਲ ਨਿਰਦੇਸ਼ਿਤ ਕਰਦੇ ਹਨ, ਜਦਕਿ ਪ੍ਰਯਾਯ ਪ੍ਰਗਟ ਹੁੰਦੇ ਹਨ, ਕੁੱਝ ਦੇਰ ਸਥਿਰ ਰਹਿੰਦੇ ਹਨ ਅਤੇ ਖਤਮ ਹੋ ਜਾਂਦੇ ਹਨ।

ਜੈਨੀਆਂ ਅਨੁਸਾਰ ਸੱਤ ਅਸਥਿਰਤਾ ਵਿਚ ਸਥਿਰਤਾ ਅਤੇ ਅਨੇਕਤਾ ਵਿਚ ਏਕਤਾ ਹੈ। ਇਸ ਤਰ੍ਹਾਂ ਸਥਿਰਤਾ ਹੀ ਅੰਤਿਮ ਵਾਸਤਵਿਕਤਾ ਹੈ, ਪਰ ਉਹ ਗਤੀਸ਼ੀਲ ਅਤੇ ਪਰਿਵਰਤਨਸ਼ੀਲ ਹੈ। ਹੋਂਦ ਦਾ ਸਰੂਪ ਨਾ ਤਾਂ ਪੂਰੀ ਤਰ੍ਹਾਂ ਸਥਿਰ ਅਤੇ ਨਾ ਹੀ ਪੂਰੀ ਤਰ੍ਹਾਂ ਗਤੀਸ਼ੀਲ ਹੈ। ਇਸ ਵਿੱਚ ਦੋਵੇਂ ਗੁਣ ਹਨ। ਇਸ ਲਈ ਜੈਨੀਆਂ ਅਨੁਸਾਰ ਅੰਤਿਮ ਵਾਸਤਵਿਕਤਾ ਨੂੰ ਅਲੱਗ-ਅਲੱਗ ਦ੍ਰਿਸ਼ਟੀਕੋਣ ਤੋਂ ਵੇਖਣਾ ਜ਼ਰੂਰੀ ਹੈ ਤਾਂ ਕਿ ਉਸ ਦੇ ਸਰੂਪ ਨੂੰ ਪੂਰੀ ਤਰ੍ਹਾਂ ਸਮਝਿਆ ਜਾ ਸਕੇ। ਉਨ੍ਹਾਂ ਅਨੁਸਾਰ ਦੂਜੇ ਦਰਸ਼ਨਾਂ ਨੇ ਵਾਸਤਵਿਕਤਾ ਨੂੰ ਅਧੂਰੇ ਰੂਪ ਨਾਲ ਹੀ ਜਾਣਿਆ ਹੈ ਅਤੇ ਏਕਤਾਵਾਦ ਦੇ ਸਿੱਧਾਂਤ ਦਿੱਤੇ ਹਨ।

ਜੈਨ ਧਰਮ ਅਨੁਸਾਰ ਵੇਦਾਂਤੀਆਂ ਦਾ ਮੱਤ ਹੈ ਕਿ ਕੇਵਲ ਮਾਤਰਾ ਪਦਾਰਥ ਹੀ ਸੱਤ ਹੈ, ਅਤੇ ਉਸ ਵਿਚ ਹੋਣ ਵਾਲੇ ਗੁਣ ਸਭ ਮਿਥਿਆ ਅਤੇ ਭ੍ਰਮ ਹਨ, ਠੀਕ ਨਹੀਂ ਹੈ। ਇਸ ਤੋਂ ਇਲਾਵਾ ਬੋਧੀਆਂ ਦਾ ਇਹ ਮੱਤ ਹੈ ਕਿ ਨਾ ਬਦਲਣ ਵਾਲੇ ਕਿਸੇ ਪਦਾਰਥ ਦੀ ਹੋਂਦ ਹੀ ਨਹੀਂ ਹੈ ਤੇ ਕੇਵਲ ਮਾਤਰ ਬਦਲਦੇ ਹੋਏ ਗੁਣ ਹੀ ਸੱਤ ਹਨ ਵੀ ਦੂਜੇ ਤਰ੍ਹਾਂ ਦੀ ਸਿਖਰ ਹੋਣ ਕਾਰਣ ਠੀਕ ਨਹੀਂ ਹੈ। ਦੋਹਾਂ ਵਿਚ ਪੂਰਾ ਸੱਚ ਨਾ ਹੋ ਕੇ ਸੱਚ ਦਾ ਕੁੱਝ ਅੰਸ਼ ਹੈ। ਵਸਤਾਂ ਦੇ ਕੁੱਝ ਗੁਣ ਬਦਲਦੇ ਰਹਿੰਦੇ ਹਨ ਅਤੇ ਕੁੱਝ ਗੁਣ ਸਥਿਰ ਰਹਿੰਦੇ ਹਨ। ਇਕ ਘੜੇ ਦੇ ਬਣਨ ਵਿਚ ਮਿੱਟੀ ਦੇ ਢੇਰ ਦਾ ਨਾਸ਼ ਹੁੰਦਾ ਹੈ, ਉਸ ਵਿਚੋਂ ਇਕ ਘੜੇ ਦਾ ਨਿਰਮਾਣ ਹੁੰਦਾ ਹੈ, ਮਿੱਟੀ ਦਾ ਗੁਣ ਨਹੀਂ ਬਦਲਦਾ। ਇਸ ਤਰ੍ਹਾਂ ਉਤਪਾਦਨ ਦਾ ਅਰਥ ਹੋਇਆ ਕੁੱਝ ਪੁਰਾਣੇ ਗੁਣਾਂ ਦਾ ਨਾਸ਼, ਕੁੱਝ ਨਵੇ ਂ ਗੁਣਾਂ ਦੀ ਉਤਪਤੀ ਅਤੇ ਉਸ ਦਾ ਕੁੱਝ ਭਾਗ ਇਸ ਸਾਰੇ ਬਦਲਨ ਦੀ ਪ੍ਰਕਿਰਿਆ ਤੋਂ ਪਰੇ ਸਥਿਰ ਰਹਿੰਦਾ ਹੈ। ਘੜੇ ਦੀ ਉਤਪਤੀ ਵਿਚ ਮਿੱਟੀ ਦੇ ਕੁੱਝ ਗੁਣਾਂ ਦਾ ਅੰਤ, ਕੁਝ ਗੁਣਾਂ ਦੀ ਉਤਪਤੀ ਅਤੇ ਕੁਝ ਸਥਿਰ ਰਹਿੰਦੇ ਸਨ। ਇਸ ਤਰ੍ਹਾਂ ਸੱਤ ਦਾ ਸਰੂਪ ਨਾ ਤਾਂ ਹਮੇਸ਼ਾ ਸਥਿਰ ਰਹਿਣ ਵਾਲਾ ਅਤੇ ਨਾ ਹੀ ਹਮੇਸ਼ਾ ਬਦਲਣ ਵਾਲਾ ਹੈ, ਉਸ ਵਿਚ ਦੋਵੇਂ ਗੁਣ ਹਨ।

ਇਸ ਲਈ ਜੈਨੀਆਂ ਅਨੁਸਾਰ ਸੱਤ ਦਾ ਏਕਾਂਤਿਕ ਸਰੂਪ ਮੰਨਣਾ ਇਕ ਦਾਰਸ਼ਨਿਕ ਭੁੱਲ ਹੈ ਜਿਸ ਦੀ ਆਲੋਚਨਾ ਕੀਤੀ ਗਈ ਹੈ, ਕਿਉਂਕਿ ਇਸ ਵਿਚ ਇਕ ਹੀ ਦ੍ਰਿਸ਼ਟੀਕੋਣ ਨੂੰ ਮਹੱਤਵ ਦਿੱਤਾ ਜਾਂਦਾ ਹੈ। ਇਕ ਹੀ ਸਰੂਪ ਨੂੰ ਲੋੜ ਤੋਂ ਵੱਧ ਮਹੱਤਵ ਦੇ ਣ ਨੂੰ ਜੈਨ ਦਾਰਸ਼ਨਿਕਾਂ ਨੇ ਚਾਰ ਜਨਮ ਦੇ ਅੰਨ੍ਹਿਆਂ ਵੱਲੋਂ ਹਾਥੀ ਨੂੰ ਸਮਝਣ ਦੀ ਕਥਾ ਤੋਂ ਸਮਝਾਇਆ ਹੈ। ਇਹ ਚਾਰੇ ਅੰਨੇ ੍ਹ ਹਾਥੀ ਦੀ ਵਿਆਖਿਆ ਉਸ ਦੇ ਅੰਗਾਂ ਦੇ ਅਨੁਸਾਰ ਕਰਦੇ ਹਨ, ਜਿਸ-ਜਿਸ ਅੰਗ ਨੂੰ ਉਹ ਛੂੰਹਦੇ ਹਨ। ਪਰ ਹਾਥੀ ਦੇ ਅਸਲੀ ਸਰੂਪ ਨੂੰ ਸਮਝਣ ਵਿਚ ਇਹ ਚਾਰੇ ਅਸਮਰਥ ਹਨ, ਕਿਉਂਕਿ ਇਨ੍ਹਾਂ ਚਾਰਾਂ ਦੇ ਦ੍ਰਿਸ਼ਟੀਕੋਣ ਅਧੂਰੇ ਅਤੇ ਏਕਾਂਤਿਕ ਹਨ।

ਜੈਨ ਦਾਰਸ਼ਨਿਕਾਂ ਅਨੁਸਾਰ ਸੱਤ ਦੇ ਬਹੁਤ ਸਰੂਪ ਹਨ, ਅਤੇ ਉਹ ਅਨੇਕਾਂਤਿਕ ਹੈ, ਇਸ ਲਈ ਉਸ ਦੀ ਇਕ ਹੀ ਦ੍ਰਿਸ਼ਟੀਕੋਣ ਤੋਂ ਵਿਆਖਿਆ ਕਰਨਾ ਦਾਰਸ਼ਨਿਕ ਭੁੱਲ ਹੈ। ਸੱਤ ਨੂੰ ਪੂਰੀ ਤਰ੍ਹਾਂ ਸਮਝਣ ਲਈ ਉਸ ਨੂੰ ਉਸ ਦੇ ਅਲੱਗ ਅਲੱਗ ਸਰੂਪ ਵਿਚ ਵੇਖਣਾ ਜ਼ਰੂਰੀ ਹੈ। ਇਹ ਜੈਨੀਆਂ ਦਾ ਤੱਤ ਵਿਗਿਆਨ (Metaphysics) ਦਾ ਸਿੱਧਾਂਤ ਹੈ, ਜਿਸ ਨੂੰ ਅਨੇਕਤਾਵਾਦ ਕਿਹਾ

ਜਾਂਦਾ ਹੈ।

ਜੈਨੀਆਂ ਦਾ ਅਨੇਕਾਂਤਵਾਦ ਦਾ ਸਿੱਧਾਂਤ ਵਿਸ਼ਵ ਦੀਆਂ ਸਾਰੀਆਂ ਵਸਤੂਆਂ ਵਿਚ ਵਿਰੋਧੀ ਧਰਮ ਨੂੰ ਸਵੀਕਾਰ ਕਰਦਾ ਹੈ, ਜਿਵੇ ੰ ਆਕਾਸ਼ ਨਿੱਤ ਵੀ ਹੈ ਅਤੇ ਅਨਿੱਤ ਵੀ। ਇਸ ਮੱਤ ਅਨੁਸਾਰ ਕੋਈ ਵੀ ਮੱਤ ਪੂਰੀ ਤਰ੍ਹਾਂ ਮਿੱਥਿਆ ਨਹੀਂ ਹੈ। ਇਹ ਸਿਧਾਂਤ ਸਾਪੇਖ ਸੱਚ ਦਾ ਪ੍ਰਤੀਪਾਦਨ ਕਰਦਾ ਹੈ।

**ਨਯ ਦਾ ਸਿੱਧਾਂਤ :**

ਅਨੇਕਤਾਵਾਦ ਦੇ ਸਿੱਧਾਂਤ ਅਨੁਸਾਰ ਵਸਤੂ ਦੇ ਅਨੰਤ ਧਰਮ ਹਨ। ਹਰ ਵਸਤੂ ਵਿਚ ਅਣਗਿਣਤ ਸਕਾਰਾਤਮਕ ਅਤੇ ਨਿਸ਼ੇਧਾਤਮਕ ਗੁਣ ਹਨ। ਸਾਧਾਰਣ ਵਿਅਕਤੀ ਲਈ ਇਨ੍ਹਾਂ ਸਭ ਨੂੰ ਜਾਣਨਾ ਸੰਭਵ ਨਹੀਂ ਹੈ। ਇਸ ਲਈ ਮਨੁੱਖ ਦਾ ਗਿਆਨ ਸਾਪੇਖ ਅਤੇ ਸੀਮਤ ਹੈ। ਇਸ ਤਰ੍ਹਾਂ ਜੈਨਾਂ ਦਾ ਅਨੇਕਤਾਵਾਦ ਦਾ ਸਿੱਧਾਂਤ ਉਨ੍ਹਾਂ ਦੇ ਨਯ ਦੇ ਸਿੱਧਾਂਤ ਤੇ ਪਹੁੰਚਦਾ ਹੈ।

ਨਯ ਦਾ ਅਰਥ ਕਿਸੇ ਵਸਤੂ ਦੇ ਇਕ ਦ੍ਰਿਸ਼ਟੀਕੋਣ, ਭਾਗ ਜਾਂ ਗੁਣ ਦਾ ਗਿਆਨ ਹੈ। ਦੂਜੇ ਸ਼ਬਦਾਂ ਵਿਚ ਕਿਸੇ ਵਸਤੂ ਦਾ ਉਸ ਦੇ ਦ੍ਰਿਸ਼ਟੀਕੋਣ ਦੇ ਸੰਬੰਧ ਵਿਚ ਗਿਅਨ ਨਯ ਹੈ। ਨਯ ਅਤੇ ਪ੍ਰਮਾਣ ਵਿਚ ਅੰਤਰ ਹੈ। ਪ੍ਰਮਾਣ ਦਾ ਅਰਥ ਕਿਸੇ ਵਸਤੂ ਦਾ ਵਾਸਤਵਿਕ ਅਤੇ ਸੰਪੂਰਨ ਗਿਆਨ ਹੈ। ਹਰ ਨਯ ਇਕ ਅਲੱਗ ਦ੍ਰਿਸ਼ਟੀ ਬਿੰਦੂ ਦਿੰਦਾ ਹੈ ਅਤੇ ਅਲੱਗ ਸਿੱਟਾ, ਇਸ ਤਰ੍ਹਾਂ ਇਹ ਸਿਧਾਂਤ ਤੋਂ ਅਨੇਕਤਾਵਾਦ ਸਿੱਟੇ ਵਜੋਂ ਨਿਕਲਦਾ ਹੈ। ਸੱਤ ਦਾ ਸਰੂਪ ਕਿਸੇ ਇਕ ਨਯ ਦੁਆਰਾ ਪੂਰੀ ਤਰ੍ਹਾਂ ਵਿਅਕਤ ਨਹੀਂ ਹੁੰਦਾ।

**ਸਯਾਤਵਾਦ :**

ਜੈਨੀਆਂ ਅਨੁਸਾਰ ਕਿਸੇ ਵਸਤੂ ਨੂੰ ਦੇਖਣ ਦੇ ਅਨੇਕ ਦ੍ਰਿਸ਼ਟੀਕੋਣ ਹੋ ਸਕਦੇ ਹਨ, ਇਸ ਲਈ ਨਿਰਪੇਖ ਨਿਰਣੇ ਜਾਂ ਇਸ ਤਰ੍ਹਾ ਦੇ ਨਿਰਣੇ 'ਕ ਖ' ਹੈ ਨਹੀਂ ਕਰ ਸਕਦੇ। ਇਸ ਤਰ੍ਹਾਂ ਦੇ ਸਾਰੇ ਨਿਰਣੇ ਸਾਪੇਖ ਅਤੇ ਮਿਸ਼ਰਤ ਹਨ ਅਤੇ ਹਰ ਨਯ ਦਾ ਆਰੰਭ 'ਸਾਯਾਤ' ਸ਼ਬਦ ਨਾਲ ਹੋਣਾ ਚਾਹੀਦਾ ਹੈ। 'ਸਾਯਾਤ' ਸ਼ਬਦ ਦੇ ਪ੍ਰਯੋਗ ਨਾਲ ਇਹ ਭ੍ਰਮ ਦੂਰ ਹੋ ਜਾਂਦਾ ਹੈ ਕਿ ਕੋਈ ਵਸਤੂ ਜਾਂ ਵਿਚਾਰ ਨਿੱਤ ਅਤੇ ਸਾਪੇਖ ਹਨ ਅਤੇ ਇਹ ਨਿਸ਼ਚਾ ਹੁੰਦਾ ਹੈ ਕਿ ਕਿਸੇ ਵੀ ਵਸਤੂ ਦਾ ਅਸਤਿਤਵ ਕਾਲ ਵਿਸ਼ੇਸ਼, ਸਥਾਨ ਵਿਸ਼ੇਸ਼ ਅਤੇ ਗੁਣ ਵਿਸ਼ੇਸ਼ ਤੇ ਆਧਾਰਿਤ ਹੈ। ਜੈਨੀਆਂ ਦਾ ਇਹ ਸਿਧਾਂਤ ਸਯਾਤਵਾਦ ਦਾ ਸਿਧਾਂਤ ਹੈ।

ਸਯਾਤਵਾਦ ਇਹ ਪ੍ਰਤੀਪਾਦਨ ਕਰਦਾ ਹੈ ਕਿ ਸਾਡਾ ਗਿਆਨ ਪੂਰਨ ਸੱਚ ਨਹੀਂ ਕਿਹਾ ਜਾ ਸਕਦਾ। ਇਹ ਵਸਤੂ ਇਕ ਦ੍ਰਿਸ਼ਟੀਕੋਣ ਦਾ ਗਿਆਨ ਹੋਣ ਕਾਰਨ ਸੀਮਤ ਹੈ। ਅਨੁਭਵ ਦੇ ਆਧਾਰ ਤੇ ਇਹ ਜਾਹਿਰ ਹੁੰਦਾ ਹੈ, ਕਿ ਸਾਰੀਆਂ ਵਸਤਾਂ ਆਪਣੇ ਦ੍ਰਵ ਰੂਪ ਤੋਂ ਸਥਿਰ ਹਨ, ਪਰ ਉਹ ਕੋਈ ਵੀ ਰੂਪ ਅਤੇ ਗੁਣ ਗ੍ਰਹਿਣ ਕਰ ਸਕਦੀਆਂ ਅਤੇ ਬਦਲ ਸਕਦੀਆਂ ਹਨ, ਜਾਂ ਇਹ ਵੀ ਹੋ ਸਕਦਾ ਹੈ ਕਿ ਉਸ ਵਿਚ ਇਕ ਖਾਸ ਗੁਣ ਦੀ ਹੋਂਦ ਵੀ ਹੋਵੇ ਅਤੇ ਖਤਮ ਹੋ ਜਾਵੇ। ਇਸ ਅਸਿਤਤਵ ਦੀ ਅਸਪਸ਼ਟਤਾ ਨੂੰ ਅਨੇਕਤਾਵਾਦ (ਸਾਪੇਖ ਬਹੁਵਾਦ) ਕਿਹਾ ਜਾਂਦਾ ਹੈ। ਜੈਨੀਆਂ ਅਨੁਸਾਰ ਕੋਈ ਸਰਵੱਗ ਹੀ ਕਿਸੇ ਵਸਤੂ ਦਾ ਉਸ ਦੇ ਅਨੰਤ ਦ੍ਰਿਸ਼ਟੀਕੋਣ ਵਿਚ ਸਿੱਧਾ ਗਿਆਨ ਪ੍ਰਾਪਤ ਕਰ ਸਕਦਾ ਹੈ। ਪਰ ਇਕ ਸਾਧਾਰਨ ਮਾਨਵ ਕੇਵਲ ਇਕ ਦ੍ਰਿਸ਼ਟੀਕੋਣ ਤੋਂ ਹੀ ਕਿਸੇ ਵਸਤੂ ਨੂੰ ਜਾਣ ਸਕਦਾ ਹੈ। ਇਸ ਲਈ ਉਸ ਦਾ ਗਿਆਨ ਸੀਮਤ ਹੈ।

ਸਯਾਤਵਾਦ (ਨਿਰਣੇ ਦੀ ਸਾਪੇਖਤਾ ਦਾ ਸਿਧਾਂਤ) ਸੀਮਤ ਜਾਂ ਸਾਪੇਖ ਨਿਰਣੇ ਕਰਕੇ ਗਿਆਨ ਦੇ ਭਰਮ ਤੋਂ ਰੱਖਿਆ ਕਰਦਾ ਹੈ। ਇਸ ਕਥਨ ਤੋਂ ਕਿ 'ਜੱਗ ਹੈ' ਮਿਥਿਆ ਬੋਧ ਹੁੰਦਾ ਹੈ ਕਿ ਇਹ (ਜੱਗ) ਸਭ ਕਾਲ ਵਿਚ ਅਤੇ ਸਭ ਥਾਂ ਤੇ ਹੈ। ਜੈਨ ਇਸ ਕਥਨ ਨੂੰ 'ਸਯਾਦ' ਸ਼ਬਦ ਨਾਲ ਸਾਪੇਖਿਤ ਕਰਦੇ ਹਨ। 'ਸਯਾਤ ਜੱਗ ਹੋਵੇ' ਇਹ ਕਥਨ ਦ੍ਰਿਸ਼ਟੀਕੋਣ ਨੂੰ ਸਪੱਸ਼ਟ ਕਰਦਾ ਹੈ।

**ਸਪਤਭੰਗੀ ਨਯ :**

ਜੈਨੀਆਂ ਅਨੁਸਾਰ ਭਾਵੇਂ ਵਸਤੂ ਦੇ ਅਨੰਤ ਧਰਮ ਹੋਣ ਕਾਰਨ ਉਸ ਦੇ ਸਬੰਧ ਵਿਚ ਅਨੰਤ ਦ੍ਰਿਸ਼ਟੀਕੋਣ ਹੋ ਸਕਦੇ ਹਨ, ਪਰ ਜੈਨੀਆਂ ਨੇ ਤੱਤ ਸੰਬੰਧੀ ਸੱਤ ਨਿਰਣਿਆਂ ਉਤੇ ਵਿਚਾਰ ਕੀਤਾ ਜੋ ਜੈਨ ਦਰਸ਼ਨ ਵਿਚ ਸਪਤਭੰਗੀ ਨਯ ਦੇ ਨਾਂ ਨਾਲ ਜਾਣੇ ਜਾਂਦੇ ਹਨ। ਪੱਛਮੀ ਦਰਸ਼ਨ ਵਿਚ ਨਿਰਣਿਆਂ ਵਿਚ ਦੋ ਤਰ੍ਹਾਂ ਦੇ ਭੇਦ ਦਿੱਤੇ ਗਏ ਹਨ – ਰਚਨਾਤਮਕ ਅਤੇ ਨਿਸ਼ੇਧਾਤਮਕ। ਪਰ ਜੈਨ ਦਾਰਸ਼ਨਿਕਾਂ ਨੇ ਸੱਤ ਭੇਦ ਦਿੱਤੇ ਹਨ, ਜੋ ਕਿ ਇਸ ਤਰ੍ਹਾਂ ਹਨ :

1. ਸਯਾਤ ਆਸਤੀ (ਹੋ ਸਕਦਾ ਹੈ ਵਸਤੂ ਹੋਵੇ)
2. ਸਯਾਤ ਨਾਸਤੀ (ਹੋ ਸਕਦਾ ਹੈ ਵਸਤੂ ਨਾ ਹੋਵੇ)
3. ਸਯਾਤ ਆਸਤੀ ਚਾ ਨਾਸਤੀ (ਹੋ ਸਕਦਾ ਹੈ ਵਸਤੂ ਹੋਵੇ ਅਤੇ ਨਾ ਵੀ ਹੋਵੇ)
4. ਸਯਾਤ ਅਵਕਤਯਮ (ਹੋ ਸਕਦਾ ਹੈ ਵਸਤੂ ਅਵਿਅਕਤ ਹੋਵੇ)
5. ਸਯਾਤ ਆਸਤੀ ਚਾ ਅਵਦਤਯਮ (ਹੋ ਸਕਦਾ ਹੈ ਵਸਤੂ ਹੋਵੇ ਅਤੇ ਅਵਿਅਕਤ ਹੋਵੇ)

6. ਸਯਾਤ ਨਾਸਤੀ ਚਾ ਅਵਕਤਵਯਮ (ਹੋ ਸਕਦਾ ਹੈ ਵਸਤੂ ਨਹੀਂ ਹੈ ਅਤੇ ਅਵਿਅਕਤ ਹੈ)
7. ਸਯਾਤ ਆਸਤੀ ਚਾ ਨ੍ਹਸਤੀ ਚਾ ਅਵਕਤਵਯਮ (ਹੋ ਸਕਦਾ ਹੈ ਵਸਤੂ ਹੈ ਅਤੇ ਨਾ ਵੀ ਹੈ ਅਤੇ ਅਵਿਕਤ

## ਦ੍ਰਵ ਕੀ ਹੈ :

ਜੈਨ ਦਰਸ਼ਨ ਵਿਚ ਦ੍ਰਵ ਦੀ ਪਰਿਭਾਸ਼ਾ ਦੱਸਦੇ ਹੋਏ ਕਿਹਾ ਗਿਆ ਹੈ ਕਿ ਦ੍ਰਵ ਉਹ ਹੈ ਜਿਸ ਵਿਚ ਗੁਣ ਅਤੇ ਪਰਿਆਏ ਹੁੰਦੇ ਹਨ। ਜਿਹੜਾ ਬਦਲਣ ਵਾਲਾ ਧਰਮ ਹੈ ਉਹ ਪਰਿਆਏ ਹੈ ਅਤੇ ਗੁਣ ਸਰੂਪ ਧਰਮ ਹੈ। ਜੈਨ ਦਾਰਸ਼ਨਿਕਾਂ ਅਨੁਸਾਰ ਵਸਤੂਆਂ ਵਿਚ ਬਹੁਤੇ ਸਾਰੇ ਧਰਮ ਹੁੰਦੇ ਹਨ। ਮੁੱਖ ਰੂਪ ਵਿੱਚ ਇਨ੍ਹਾਂ ਦੇ ਦੋ ਭੇਦ ਹੋ ਸਕਦੇ ਹਨ :

(1) ਭਾਵਆਤਮਕ : ਭਾਵਤਮਕ ਦ੍ਰਵ ਚੀਜ਼ ਨੂੰ ਆਪਣੀ ਸਥਿਤੀ ਅਤੇ ਰੂਪ ਵਿਚ ਦਿਖਾਉਂਦੇ ਹਨ। ਇਸ ਨੂੰ ਸਰਵ ਪਰਿਆਏ ਵੀ ਕਿਹਾ ਗਿਆ ਹੈ।

(2) ਅਭਾਵਆਤਮਕ : ਇਹ ਕਿਸੇ ਚੀਜ਼ ਨੂੰ ਦੂਸਰੀ ਚੀਜ਼ ਨਾਲੋਂ ਵੱਖ ਹੋਣਾ ਦਿਖਾਉਂਦੇ ਹਨ। ਇਨ੍ਹਾਂ ਨੂੰ ਪਰਿਆਏ ਵੀ ਕਹਿੰਦੇ ਹਨ। ਸਮੇਂ ਦੇ ਬਦਲਣ ਨਾਲ ਇਹ ਧਰਮ ਵੀ ਬਦਲਦੇ ਹਨ।

## ਦ੍ਰਵ ਦੇ ਰੂਪ : ਦ੍ਰਵ ਦੇ ਦੋ ਰੂਪ ਹਨ :

(ੳ) ਅਸਤੀਕਾਏ : ਅਸਤੀਕਾਏ ਉਹ ਦ੍ਰਵ ਹੈ ਜਿਸ ਦਾ ਮੂਰਤ ਰੂਪ ਹੁੰਦਾ ਹੈ ਅਤੇ ਆਕਾਸ਼ ਨੂੰ ਘੇਰਦਾ ਹੈ।

(ਅ) ਅਨਸਤੀਕਾਏ : ਅਨਸਤੀਕਾਏ ਦਾ ਕੋਈ ਸਰੂਪ ਨਹੀਂ ਹੈ ਅਤੇ ਉਹ ਅਮੂਰਤ ਹੈ। ਅਨਸਤੀਕਾਏ ਵਿਚ ਕੇਵਲ ਕਾਲ ਹੀ ਦ੍ਰਵ ਆਉਂਦਾ ਹੈ। ਅਨਸਤੀਕਾਏ ਵਿਚ ਦੋ ਪ੍ਰਕਾਰ ਦੇ ਦ੍ਰਵ ਹਨ :

1. ਜੀਵ ਦ੍ਰਵ 2. ਅਜੀਵ ਦ੍ਰਵ

## 1. ਜੀਵ ਦ੍ਰਵ

ਚੇਤਨਾ ਦ੍ਰਵ ਨੂੰ ਜੀਵ ਜਾਂ ਆਤਮਾ ਕਹਿੰਦੇ ਹਨ। (ਚੇਤਨਤਾ ਲਕਸ਼ਣ ਜੀਵਾ) ਇਸ ਦਾ ਅਰਥ ਹੈ (ਜੀਵ ਲਕਸ਼ਣ ਜੀਵਾ ਹੈ) ਜੀਵ ਵਿਚ ਪ੍ਰਾਣ, ਸਰੀਰਕ, ਮਾਨਸਿਕ ਅਤੇ ਇੰਦਰੀਆਂ ਦੀ ਸ਼ਕਤੀ ਹੈ, ਸ਼ੁੱਧ ਅਵਸਥਾ ਵਿਚ ਜੀਵ ਵਿਚ ਸ਼ੁੱਧ ਗਿਆਨ ਅਤੇ ਦਰਸ਼ਨ ਰਹਿੰਦਾ ਹੈ, ਪ੍ਰੰਤੂ ਕਰਮ ਦੇ ਪ੍ਰਭਾਵ ਨਾਲ ਜੀਵ ਦਾ ਸ਼ੁਭ ਚੇਤਨ ਸਰੂਪ ਲੁੱਕ ਜਾਂਦਾ ਹੈ।

ਜੀਵ ਦੀ ਹੋਂਦ ਦਾ ਪਰਿਮਾਣ :- ਜੀਵ ਨੂੰ ਅੱਖਾਂ ਦੇ ਨਾਲ ਹੀ ਦੇਖਿਆ ਜਾ ਸਕਦਾ ਕਿਉਂਕਿ ਇਸ ਦਾ ਕੋਈ ਰੂਪ ਨਹੀਂ ਹੈ। ਆਤਮ ਅਨਭੂਤੀ ਨਾਲ ਉਸ ਦੇ ਅਸਤਿਤਵ ਦਾ ਸਰੂਪ ਮਿਲਦਾ ਹੈ।

ਜੀਵ ਦੇ ਪਰਿਆਇ : ਜੀਵ ਦੇ ਪਰਿਆਏ ਜਾਂ ਪ੍ਰਮਾਣ ਚਾਰ ਹਨ : ਦਿਵ, ਮਨੁਸ਼, ਨਾਰਕੀਏ, ਤੀਰਥੰਕਰ। ਪਰਿਆਏ ਦੋ ਤਰ੍ਹਾਂ ਦੇ ਹੁੰਦੇ ਹਨ : (ੳ) ਦ੍ਰਵ ਪਰਿਆਏ, (ਅ) ਗੁਣ ਪਰਿਆਏ।

(ੳ) ਦ੍ਰਵ ਪਰਿਆਏ : ਦ੍ਰਵ ਪਰਿਆਏ ਅਲੱਗ-ਅਲੱਗ ਦ੍ਰਵਾ ਵਿਚ ਏਕਤਾ ਦੇ ਕਾਰਨ ਹੈ। ਦ੍ਰਵ ਪਰਿਆਏ ਦੇ ਭੇਦ ਸਮਾਨ ਜਾਤੀ ਦੇ ਦ੍ਰਵ ਪਰਿਆਏ ਇਹ ਜੜ੍ਹ ਦੇ ਸੰਗਠਨ ਨਾਲ ਪੈਦਾ ਹੁੰਦਾ ਹੈ। ਜਿਵੇਂ ਸਕੰਦ।

(ਅ) ਅਸਮਾਨ ਜਾਤੀਏ ਦ੍ਰਵ ਪਰਿਆਏ : ਇਹ ਜੜ੍ਹ ਅਤੇ ਚੇਤਨ ਦੋਹਾਂ ਦੇ ਸੰਗਠਨ ਨਾਲ ਪੈਦਾ ਹੁੰਦਾ ਹੈ ਜਿਵੇਂ ਮਨੁੱਖ ਦਾ ਸਰੀਰ।

## ਜੀਵ ਦੇ ਗੁਣ :

ਜੈਨ ਧਰਮ ਅਨੁਸਾਰ ਜੀਵ ਸਵੈ-ਪ੍ਰਕਾਸ਼ ਹੈ ਅਤੇ ਦੂਜੀਆਂ ਵਸਤਾਂ ਨੂੰ ਵੀ ਪ੍ਰਕਾਸ਼ਿਤ ਕਰਦਾ ਹੈ। ਉਹ ਨਿੱਤ ਸਾਰੇ ਸਰੀਰ ਵਿਚ ਵੱਸਿਆ ਰਹਿੰਦਾ ਹੈ। ਉਹ ਅਮੂਰਤ, ਕਰਤਾ, ਸਥੂਲ ਸਰੀਰ ਦੀ ਤਰ੍ਹਾਂ ਚੌੜਾ, ਕਰਮ ਫਲ ਦਾ ਭੋਗਣਾ ਸਿੱਧ ਹੈ। ਅਵਿਦਿਆ ਦੇ ਕਾਰਨ ਉਸ ਵਿਚ ਕਰਮ ਪ੍ਰਵੇਸ਼ ਕਰਦਾ ਹੈ ਅਤੇ ਉਹ ਬੰਧਨ ਵਿਚ ਬੰਧ ਜਾਂਦਾ ਹੈ।

## ਜੀਵ ਸਵਾਦੇਹੀ ਪ੍ਰਮਾਣ ਹੁੰਦਾ ਹੈ :

ਜੀਵ ਵਿਚ ਸੰਕੋਚ ਅਤੇ ਵਿਕਾਸ ਦੇ ਗੁਣ ਹਨ ਉਹ ਜਿਸ ਸਰੀਰ ਵਿਚ ਪ੍ਰਵੇਸ਼ ਕਰਦਾ ਹੈ, ਉਸੇ ਦਾ ਰੂਪ ਧਾਰਨ ਕਰ ਲੈਂਦਾ ਹੈ। ਸਰੀਰ ਦੇ ਹਰ ਅੰਗ ਵਿਚ ਉਸ ਦਾ ਅਨੁਭਵ ਕੀਤਾ ਜਾ ਸਕਦਾ ਹੈ। ਇਸ ਲਈ ਜੀਵ ਨੂੰ ਸਵਾਦੇਹੀ ਪ੍ਰਮਾਣ ਕਹਿੰਦੇ ਹਨ।

ਉਦਾਹਰਣ : ਜਿਸ ਤਰ੍ਹਾਂ ਹਾਥੀ ਵਿਚ ਜੀਵ ਵੱਡਾ ਹੈ, ਅਤੇ ਕੀੜੀ ਵਿਚ ਜੀਵ ਛੋਟਾ ਹੈ।

**ਜੀਵ ਚੇਤਨ ਹੈ :**

ਜੀਵ ਚੇਤਨ ਸਰੂਪ ਹੈ। ਜੀਵ ਦੀ ਚੇਤਨਾ ਸਰੀਰ ਨਾਲ ਸੰਪਰਕ ਦੇ ਕਾਰਨ ਪੈਦਾ ਹੁੰਦੀ ਹੈ। ਪਰ ਇਸ ਚੇਤਨਾ ਦੀ ਸੰਭਾਵਨਾ ਉਸ ਦੇ ਅੰਦਰ ਪਹਿਲਾਂ ਤੋਂ ਹੀ ਮੌਜੂਦ ਹੈ। ਜੀਵ ਅਧਿਆਤਮਕ ਤੇ ਅਮੂਰਤ ਹੈ।

**ਜੀਵ ਨਿੱਤ ਹੈ :**

ਜੀਵ ਗਿਆਨ ਪ੍ਰਾਪਤ ਕਰਦਾ ਹੈ। ਉਹ ਕਰਮ ਵੀ ਕਰਦਾ ਹੈ। ਸੁੱਖ ਦੁੱਖ ਵੀ ਉਹੀ ਭੋਗਦਾ ਹੈ। ਜੀਵ ਆਪ ਪ੍ਰਕਾਸ਼ਮਾਨ ਹੈ ਅਤੇ ਹੋਰ ਵਸਤੂਆਂ ਨੂੰ ਪ੍ਰਕਾਸ਼ਿਤ ਕਰਦਾ ਹੈ। ਉਹ ਨਿੱਤ ਹੈ ਪਰ ਉਸ ਦੀਆਂ ਅਵਸਥਾਵਾਂ ਬਦਲਦੀਆਂ ਰਹਿੰਦੀਆਂ ਹਨ। ਉਹ ਸਰੀਰ ਤੋਂ ਭਿੰਨ ਹੈ। ਉਸ ਦਾ ਅਸਤਿਤਵ ਆਤਮਾਨਭੂਤੀ ਤੋਂ ਹੀ ਪ੍ਰਮਾਣਿਤ ਹੈ।

**ਜੀਵ ਸੰਪੂਰਨ ਸਰੀਰ ਵਿਚ ਵਿਆਪਤ ਰਹਿੰਦਾ ਹੈ :**

ਸੰਚਿਤ ਕਰਮਾਂ ਦੇ ਕਾਰਨ ਜਨਮ-ਮਰਨ, ਪੁਨਰ-ਜਨਮ ਦੇ ਚੱਕਰ ਵਿਚ ਪੈਣ ਤੇ ਅਨੇਕ ਸਰੀਰ ਧਾਰਨ ਕਰਨੇ ਪੈਂਦੇ ਹਨ। ਜਿਸ ਤਰ੍ਹਾਂ ਦੀਪਕ ਆਪਣੇ ਚਾਰੇ ਪਾਸੇ ਪ੍ਰਕਾਸ਼ ਫੈਲਾਉਂਦਾ ਹੈ, ਉਸੇ ਤਰ੍ਹਾਂ ਜੀਵ ਵੀ ਸੰਪੂਰਨ ਸਰੀਰ ਨੂੰ ਪ੍ਰਕਾਸ਼ਤ ਕਰਦਾ ਹੈ। ਜੀਵ ਦੀ ਕੋਈ ਮੂਰਤੀ ਨਹੀਂ ਹੁੰਦੀ, ਇਹ ਅਮੂਰਤ ਹੈ, ਜਿਸ ਤਰ੍ਹਾਂ ਪ੍ਰਕਾਸ਼ ਸਥਾਨ ਦੇ ਮੁਤਾਬਿਕ ਆਕਾਰ ਦਾ ਰੂਪ ਧਾਰਨ ਕਰ ਲੈਂਦਾ ਹੈ ਉਸੇ ਤਰ੍ਹਾਂ ਜੀਵ ਦਾ ਵਿਸਥਾਰ ਵੀ ਸਰੀਰ ਦੇ ਅਨੁਸਾਰ ਹੁੰਦਾ ਹੈ। ਜੀਵ ਸਰਵ-ਵਿਆਪੀ ਨਹੀਂ ਪਰ ਵਿਆਪਕ ਸਰੀਰ ਤੱਕ ਸੀਮਤ ਹੈ। ਇਸ ਨੂੰ ਕੇਵਲ ਸਰੀਰਕ ਵਿਸ਼ਿਆਂ ਦਾ ਹੀ ਪ੍ਰਤੱਖ ਗਿਆਨ ਹੋ ਸਕਦਾ ਹੈ। ਚੇਤਨਾ ਸਰੀਰ ਦੇ ਬਾਹਰ ਨਹੀਂ ਇਸ ਦੇ ਅੰਦਰ ਰਹਿੰਦੀ ਹੈ।

**ਜੀਵ ਦੀਆਂ ਚਾਰ ਪੂਰਨਤਾਵਾਂ :**

ਜੀਵ ਦੀਆਂ ਚਾਰ ਤਰ੍ਹਾਂ ਦੀਆਂ ਪੂਰਨਤਾਵਾਂ ਹੁੰਦੀਆਂ ਹਨ, ਜੋ ਕਿ ਇਸ ਤਰ੍ਹਾਂ ਹਨ, ਅਨੰਤ ਗਿਆਨ, ਅਨੰਤ ਦਰਸ਼ਨ, ਅਨੰਤ ਆਨੰਦ ਸ਼ਕਤੀ ਆਦਿ।

**ਜੀਵ ਦੇ ਭੇਦ :**

ਜੀਵ ਦੇ ਦੋ ਭੇਦ ਕੀਤੇ ਜਾ ਸਕਦੇ ਹਨ : 1. ਬੰਧ, 2. ਮੁਕਤ। ਬੰਧ ਜਾਂ ਸੰਸਾਰੀ ਜੀਵ ਦੇ ਵੀ ਦੋ ਭੇਦ ਹਨ :

**ਸਥਾਵਰ :**

ਸਥਾਵਰ ਜੀਵਾਂ ਵਿਚ ਇਕ ਹੀ ਇੰਦਰੀਏ ਹੁੰਦੀ ਹੈ ਅਤੇ ਇਨ੍ਹਾਂ ਨੂੰ ਇਕ ਇੰਦਰੀਏ ਜੀਵ ਕਹਿੰਦੇ ਹਨ। ਪ੍ਰਿਥਵੀ, ਜਲ, ਅਗਨੀ, ਵਾਯੂ ਅਤੇ ਬਨਸਪਤੀ ਜਗਤ ਇਹ ਸਾਰੇ ਸਥਾਵਰ ਜੀਵ ਹਨ।

**ਤਰਸ ਜਾਂ ਜੰਗਮ :**

ਜਿਨ੍ਹਾਂ ਵਿਚ ਇਕ ਤੋਂ ਜ਼ਿਆਦਾ ਇੰਦਰੀਏ ਹਨ ਉਨ੍ਹਾਂ ਨੂੰ ਤਰਸ ਜੀਵ ਕਹਿੰਦੇ ਹਨ। ਇਨ੍ਹਾਂ ਦੀਆਂ ਕਿਸਮਾਂ ਇਸ ਤਰ੍ਹਾਂ ਹਨ।

(ੳ) ਦ੍ਵਿਇੰਦਰੀਏ : ਜਿਨ੍ਹਾਂ ਵਿਚ ਦੋ ਇੰਦਰੀਆਂ ਹਨ ਜਿਵੇਂ ਘੋਗਾ।

(ਅ) ਤ੍ਰਿਇੰਦਰੀਏ : ਜਿਨ੍ਹਾਂ ਵਿਚ ਤਿੰਨ ਇੰਦਰੀਆਂ ਹਨ ਜਿਵੇਂ : ਪਿਪਲੀਕਾ (ਕੀੜੀ)

(ੲ) ਚਤੁਰਇੰਦਰੀਏ : ਜਿਨ੍ਹਾਂ ਵਿਚ ਚਾਰ ਇੰਦਰੀਆਂ ਹੁੰਦੀਆਂ ਹਨ, ਜਿਵੇਂ ਭੰਵਰਾ।

(ਸ) ਪੰਜਇੰਦਰੀਏ : ਜਿਨ੍ਹਾਂ ਵਿਚ ਪੰਜ ਇੰਦਰੀਆਂ ਹੁੰਦੀਆਂ ਹਨ। ਜਿਵੇਂ ਮਨੁੱਖ, ਪਸ਼ੂ, ਮੱਛੀ।

**ਬੰਧਨ ਦੇ ਕਾਰਨ :**

ਜੀਵ ਦੇ ਬੰਧਨ ਦਾ ਕਾਰਨ ਉਸ ਦਾ ਕਰਮ ਪਦਾਰਥਾਂ ਰਾਹੀਂ ਢੱਕਿਆ ਜਾਣਾ ਹੈ। ਜੀਵ ਪੁਦਗਲ ਜੀਵ ਦੇ ਸ਼ੁੱਧ ਸਰੂਪ ਨੂੰ ਦੂਸ਼ਿਤ ਕਰ ਦਿੰਦਾ ਹੈ ਤਾਂ ਉਹ ਬੰਧਨ ਨੂੰ ਪ੍ਰਾਪਤ ਹੁੰਦਾ ਹੈ।

**ਮੁਕਤੀ ਦੇ ਉਪਾਅ :**

ਜੀਵ ਆਪਣੇ ਪਿਛਲੇ ਜਨਮ ਵਿਚ ਕੀਤੇ ਗਏ ਪੁੰਨ ਅਤੇ ਪਾਪ ਦੇ ਅਨੁਸਾਰ ਕਰਮ ਅਣੂਆਂ ਨੂੰ ਆਪਦੇ ਵੱਲ ਖਿੱਚਦਾ ਹੈ। ਕਰਮ ਅਣੂਆਂ ਦਾ ਜੀਵ ਦੇ ਵਿਚ ਪ੍ਰਵੇਸ਼ ਕਾਰਨ ਬੰਧਨ ਪੈਦਾ ਹੁੰਦਾ ਹੈ। ਪੁਦਗਲ ਦੇ ਅੰਦਰ ਆਉਣ ਤੋਂ ਰੋਕਣ ਲਈ ਮੁਕਤੀ ਦਾ ਰਾਹ ਖੁੱਲ੍ਹਦਾ ਹੈ। ਆਸਰਵ ਦੇ ਰੋਕਣ ਨੂੰ ''ਸੰਵਰ'' ਕਹਿੰਦੇ ਹਨ। ਮੁਕਤੀ ਲਈ ''ਸਮੰਵਰ'' ਤੇ ''ਨਿਰਜਰ'' ਦੋਵੇਂ ਹੀ ਜ਼ਰੂਰੀ ਹਨ।

**2. ਅਜੀਵ ਦ੍ਰਵ :**

ਅਜੀਵ ਤੱਤ ਦਾ ਕਦੀ ਨਾਸ਼ ਨਹੀਂ ਹੁੰਦਾ। ਪੁਦਗਲ ਤੋਂ ਇਲਾਵਾ ਹੋਰ ਯੁਕਤ ਨਹੀਂ ਹੁੰਦੇ ਹਨ। ਪੁਦਗਲ ਵਿਚ ਇਹ ਚਾਰੇ ਗੁਣ ਹਨ। ਧਰਮ, ਅਧਰਮ ਅਤੇ ਆਕਾਸ਼ ਵਿਚ ਇਕ-ਇਕ ਹੀ ਗੁਣ ਹਨ। ਪੁਦਗਲ ਦੇ ਜੀਵ ਅਨੇਕ ਹਨ। ਇਨ੍ਹਾਂ ਵਿਚ ਕਿਰਿਆ ਵੀ ਹੈ। ਹੋਰ ਤਿੰਨਾਂ ਵਿਚ ਕਿਰਿਆ ਨਹੀਂ ਹੈ।

**I. ਪੁਦਗਲ :**

ਜੈਨ ਦਾਰਸ਼ਨਿਕਾਂ ਅਨੁਸਾਰ ਜਿਸ ਦਾ ਸੰਯੋਗ ਵਿਭਾਗ ਹੋ ਸਕੇ ਜਾਂ ਜੋ ਸੰਗਠਨ ਜਾਂ ਵਿਘਟਨ ਦੁਆਰਾ ਪਰਿਣਾਮ ਨੂੰ ਪ੍ਰਾਪਤ ਕਰੇ , ਉਹ ਪੁਦਗਲ ਹੈ। ਪੁਦਗਲ ਅਨਾਦਿ, ਅਨਾਸ਼ਵਾਨ ਅਤੇ ਅਕਾਰਹੀਣ ਹੈ। ਇਹ ਕੁਝ ਵੀ ਬਣ ਸਕਦਾ ਹੈ। ਪੁਦਗਲ ਦੇ ਚਾਰ ਗੁਣ ਰੂਪ, ਰਸ, ਸੁਗੰਧ ਅਤੇ ਸਪਰਸ਼ ਹਨ। ਪੁਦਗਲ ਅਣੂਆਂ ਦਾ ਬਣਿਆ ਹੋਇਆ ਹੈ। ਅਣੂ ਮਿਲ ਕੇ ਹੀ ਸੰਕਟ ਬਣਦੇ ਹਨ। ਇਹ ਸਾਰਾ ਭੌਤਿਕ ਜਗਤ ਅਣੂਆਂ ਨਾਲ ਮਿਲ ਕੇ ਬਣਿਆ ਹੋਇਆ ਹੈ। ਜਿਸ ਨੂੰ ਮਹਾਂ ਸੰਕਟ ਕਿਹਾ ਜਾਂਦਾ ਹੈ। ਪੁਦਗਲ ਜੀਵਾਂ ਦੀਆਂ ਦੋ ਅਵਸਥਾਵਾਂ ਹਨ।

(ੳ) ਸੂਖਮ

(ਅ) ਸਥੂਲ

**II. ਆਕਾਸ਼ :**

ਆਕਾਸ਼ ਦੇ ਕਾਰਨ ਹੀ ਵਿਸਥਾਰ ਸੰਭਵ ਹੈ। ਆਕਾਸ਼ ਜ਼ਰੂਰੀ ਲੋੜ ਹੈ। ਆਕਾਸ਼ ਪੂਰਾ ਗਿਆਨ ਹੈ, ਇਸ ਵਿਚ ਗਿਆਨ ਅਨੁਮਾਨ ਤੋਂ ਪ੍ਰਾਪਤ ਹੁੰਦਾ ਹੈ। ਲੋਕਾਂ ਵਿਚ ਜੀਵ ਅਤੇ ਅਜੀਵ ਦੋਨਾਂ ਦਾ ਨਿਵਾਸ ਹੈ। ਆਕਾਸ਼ ਦੋ ਪ੍ਰਕਾਰ ਦੇ ਹਨ :

(ੳ) ਲੌਕਿਕ ਆਕਾਸ਼

(ਅ) ਅਲੌਕਿਕ ਆਕਾਸ਼

**III. ਧਰਮ :**

ਇਹ ਲੋਕਾਂ ਵਿਚ ਫੈਲਿਆਂ ਹੋਇਆ ਹੈ, ਇਸ ਵਿਚ ਰੂਪ, ਰਸ, ਸੁਗੰਧ ਅਤੇ ਪਹਿਚਾਣ ਨਹੀਂ ਹੈ। ਇਹ ਪ੍ਰੀਣਾਮੀ ਹੈ, ਇਹ ਨਿੱਤ ਹੈ। ਇਹ ਨਾਂ ਤਾਂ ਆਪ ਕ੍ਰਿਆਸ਼ੀਲ ਹੈ ਅਤੇ ਨਾ ਹੀ ਦੂਸਰਿਆਂ ਵਿਚ ਕ੍ਰਿਆ ਪੈਦਾ ਕਰਦਾ ਹੈ ਪਰ ਇਸ ਦੇ ਕਾਰਣ ਹੀ ਸਭ ਤਰ੍ਹਾਂ ਦੀ ਗਤੀ ਸੰਭਵ ਹੈ।

**IV. ਅਧਰਮ :**

ਧਰਮ ਅਤੇ ਅਧਰਮ ਦੋਵੇਂ ਹੀ ਲੋਕਾਂ ਨਾਲ ਰਹਿੰਦੇ ਹਨ। ਦੋਵੇਂ ਨਿੱਤ, ਨਿਰਾਕਾਰ ਤੇ ਗਤੀਹੀਣ ਹਨ। ਧਰਮ ਦੇ ਅਲੱਗ ਹੋਣ ਤੇ ਵੀ ਇਨ੍ਹਾਂ ਵਿਚ ਰੂਪ, ਰਸ ਸੁਗੰਧ ਅਤੇ ਸਪੱਰਸ਼ ਦੀ ਕਮੀ ਹੈ। ਅਧਰਮ ਸਥਿਰਤਾ ਦਾ ਸਿਧਾਂਤ ਹੈ ਅਤੇ ਸੰਸਾਰ ਵਿਚ ਹੋਣ ਵਾਲੀ ਸਥਿਰਤਾ ਦਾ ਕਾਰਣ ਹੈ।

**V. ਕਾਲ :**

ਕਾਲ ਪੁਦਗਲ ਦੇ ਦੂਸਰੇ ਦ੍ਰਵਾਂ ਦੇ ਪਰਿਣਾਮ ਦਾ ਕਾਲ ਹੈ। ਕਾਲ ਨਿੱਤ ਹੈ, ਇਸ ਲਈ ਪੁਦਗਲ ਵਿਚ ਹਮੇਸ਼ਾਂ ਗਤੀ ਰਹਿੰਦੀ ਹੈ। ਇਸ ਦਾ ਅਨੁਮਾਨ ਗਿਆਨ ਰਾਹੀਂ ਸੰਭਵ ਹੈ। ਅਗੋਚਰ ਹੋਣ ਦੇ ਕਾਰਨ ਉਸ ਦੀ ਹੋਂਦ ਅਨੁਮਾਨ ਤੋਂ ਸਿੱਧ ਹੁੰਦੀ ਹੈ। ਸਮਾਂ ਕਾਲ ਨੂੰ ਹੀ ਕਿਹਾ ਜਾਂਦਾ ਹੈ। ਘੰਟਾ, ਮਿੰਟ, ਦਿਨ ਤੇ ਰਾਤ ਆਦਿ ਸਮੇਂ ਦੇ ਭਿੰਨ-ਭਿੰਨ ਰੂਪ ਹਨ। ਕਾਲ ਦਾ ਅਨਸਤੀਕਾਏ ਸਰੂਪ ਹੈ। ਚੀਜ਼ਾਂ ਵਿਚ ਪਰਿਵਰਤਨ ਕਾਲ ਤੋਂ ਬਿਨ੍ਹਾਂ ਸੰਭਵ ਨਹੀਂ ਹੈ। ਕਾਲ ਦੇ ਕਾਰਨ ਹੀ ਨਵੀਨਤਾ, ਕਿਰਿਆ ਆਦਿ ਸੰਭਵ ਹੈ। ਜਿਵੇਂ ਕੱਚਾ ਅੰਬ ਸਮੇਂ ਦੇ ਨਾਲ ਹੀ ਪੱਕਦਾ ਹੈ। ਅੰਬ ਦੀਆਂ ਦੋਵੇਂ ਅਵਸਥਾਵਾਂ ਇਕੋ ਸਮੇਂ ਵਿਚ ਨਹੀਂ ਹੋ ਸਕਦੀਆਂ। ਬਿਨ੍ਹਾਂ ਕਾਲ ਪਰਿਵਰਤਨ ਤੋਂ ਇਕ ਵਸਤੂ ਵਿਚ ਦੋ ਪਰਸਪਰ ਵਿਰੋਧੀ ਗੁਣ ਨਹੀਂ ਰਹਿ ਸਕਦੇ। ਕਾਲ ਦੋ ਤਰ੍ਹਾਂ ਦੇ ਹਨ :

**ਪ੍ਰਮਾਰਥਿਕ ਕਾਲ :**

ਇਹ ਕਾਲ ਇਕੋ ਜਿਹਾ ਰਹਿੰਦਾ ਹੈ। ਇਹ ਨਿੱਤ ਅਤੇ ਨਿਰਾਕਾਰ ਹੈ।

**ਵਿਵਹਾਰਿਕ ਕਾਲ :**

ਵਿਵਹਾਰਿਕ ਕਾਲ ਨੂੰ ਸਮਾਂ ਕਿਹਾ ਜਾਂਦਾ ਹੈ : ਵਰਤਮਾਨ, ਭਵਿੱਖ, ਭੂਤਕਾਲ, ਸਮੇਂ ਦਾ ਆਰੰਭ ਤੇ ਅੰਤ ਹੁੰਦਾ ਹੈ। ਜੈਨੀਆਂ ਨੇ ਦੋ ਕਾਲ ਮੰਨੇ ਹਨ :

**ਉਤਸਰਪੀਣੀ :**

ਇਸ ਵਿਚ ਨੈਤਿਕ ਕੀਮਤਾਂ ਦਾ ਵਿਕਾਸ ਹੁੰਦਾ ਹੈ।

**ਅਵਸਰਪੀਨੀ :**

ਇਸ ਵਿਚ ਸਦਗੁਣਾਂ ਦਾ ਵਿਕਾਸ (ਘਟਨਾ) ਹੁੰਦਾ ਹੈ

**ਆਲੋਚਨਾ :**

ਜੈਨ ਦਰਸ਼ਨ ਦੀ ਵਿਚਾਰਧਾਰ ਦੀ ਬਹੁਤ ਆਲੋਚਨਾ ਕੀਤੀ ਗਈ ਹੈ। ਇਸ ਵਿੱਚ ਮੁੱਖ ਗੱਲਾਂ ਇਸ ਤਰ੍ਹਾਂ ਹਨ :

1. ਜੈਨ ਤੱਤ ਵਿਚਾਰ ਵਿਚ ਜੀਵ ਅਤੇ ਪੁਦਗਲ ਦਾ ਸੰਬੰਧ ਉਪਯੁਕਤ ਨਹੀਂ ਹੈ।

2. ਅਮਿਤਕਾਲ ਦ੍ਰਵ ਦਾ ਦੂਸਰਾ ਤੱਤ ਹੈ। ਅਜੀਵ ਜੀਵ ਦੇ ਪੰਜ ਭੇਦ ਹਨ : ਧਰਮ, ਅਧਰਮ, ਆਕਾਸ਼, ਪੁਦਗਲ ਅਤੇ ਕਾਲ। ਪਰੰਤੂ ਇਨ੍ਹਾਂ ਤਰਕਵਾਕਾਂ ਤੋਂ ਕੇਵਲ ਆਤਮਾ ਦੀ ਜਾਂ ਮਨੋਵਿਆਨਿਕ ਅਨੇਕਤਾ ਵੀ ਸਿੱਧ ਹੁੰਦੀ ਹੈ ਜਿਸ ਤੋਂ ਕੋਈ ਵੀ ਇਨਕਾਰ ਨਹੀਂ ਕਰ ਸਕਦਾ।

ਪਾਠ ਨੰ: 2.3

ਡਾ. ਪਰਮਵੀਰ ਸਿੰਘ

# ਬੁੱਧ ਧਰਮ ਦੀ ਉਤਪਤੀ ਅਤੇ ਵਿਕਾਸ

ਬੁੱਧ ਧਰਮ ਦੀ ਉਤਪਤੀ ਲਗਭਗ 2500 ਸਾਲ ਪਹਿਲਾਂ ਹੋਈ ਸੀ। ਇਸ ਨੂੰ ਹਿੰਦੂ ਧਰਮ ਵਿਚ ਇਕ ਸਮਾਜ-ਸੁਧਾਰਕ ਦੇ ਰੂਪ ਵਿਚ ਵੀ ਦੇਖਿਆ ਜਾ ਰਿਹਾ ਹੈ ਅਤੇ ਉਨ੍ਹਾਂ ਨੇ ਭਗਵਾਨ ਬੁੱਧ ਨੂੰ ਵਿਸ਼ਨੂੰ ਦਾ ਨੌਵਾਂ ਅਵਤਾਰ ਵੀ ਮੰਨਿਆ ਹੈ। ਕੁੱਝ ਵਿਦਵਾਨਾਂ ਦਾ ਤਾਂ ਇਹ ਕਹਿਣਾ ਹੈ ਕਿ ਭਗਵਾਨ ਬੁੱਧ ਵੈਦਿਕ ਵਿਚਾਰਾਂ ਤੋਂ ਬਹੁਤ ਜ਼ਿਆਦਾ ਪ੍ਰਭਾਵਤ ਸੀ ਅਤੇ ਇਸੇ ਕਰਕੇ ਬੁੱਧ ਦੇ ਉਪਦੇਸ਼ਾਂ ਨੂੰ ਉਪਨਿਸ਼ਦਾਂ ਨਾਲ ਮਿਲਾ ਕੇ ਵੇਖਿਆ ਗਿਆ। ਪਰ ਕੁੱਝ ਵੀ ਕਿਹਾ ਜਾਵੇ ਇਕ ਗੱਲ ਤਾਂ ਸਾਫ ਹੈ ਕਿ ਭਾਵੇਂ ਭਗਵਾਨ ਬੁੱਧ ਦੀਆਂ ਕੁੱਝ ਕੁ ਸਿਖਿਆਵਾਂ ਹਿੰਦੂ ਧਰਮ ਨਾਲ ਮੇਲ ਖਾਂਦੀਆਂ ਹਨ ਪਰ ਫਿਰ ਵੀ ਭਗਵਾਨ ਬੁੱਧ ਨੇ ਇਕ ਸੁਤੰਤਰ ਵਿਚਾਰਧਾਰਾ ਨੂੰ ਜਨਮ ਦਿੱਤਾ ਜਿਸ ਤੋਂ ਬੁੱਧ ਧਰਮ ਦਾ ਆਪਣਾ ਵੱਖਰਾ ਗ੍ਰੰਥ 'ਤ੍ਰਿਪਿਟਕ' ਬਣਿਆ ਹੈ। ਇਸੇ ਕਰਕੇ ਭਾਰਤੀ ਫਲਸਫੇ ਵਿਚ ਬੁੱਧ ਧਰਮ ਨੂੰ ਹਿੰਦੂ ਧਰਮ ਤੋਂ ਵੱਖਰਾ ਸਥਾਨ ਪ੍ਰਾਪਤ ਹੈ ਜਿਸ ਨੂੰ ਅਵੈਦਿਕ ਵਿਚਾਰਧਾਰਾ ਦੇ ਤੌਰ ਤੇ ਮੰਨਿਆ ਜਾਂਦਾ ਹੈ।

ਭਗਵਾਨ ਬੁੱਧ ਦਾ ਜਨਮ ਲੁੰਬਿਨੀ ਵਿਖੇ ਸ਼ਾਕਯਵੰਸ਼ੀ ਰਾਜਾ ਸੁਦੋਧਨ ਦੇ ਘਰ ਮਾਯਾਦੇਵੀ ਦੀ ਕੁੱਖੋਂ 624 ਈ. ਪੂ. ਮਾਘ ਸੁਦੀ 15 ਨੂੰ ਹੋਇਆ। ਭਾਵੇਂ ਕਿ ਭਗਵਾਨ ਬੁੱਧ ਦਾ ਮੁੱਢਲਾ ਜੀਵਨ ਕਾਫੀ ਐਸ਼ੋ ਆਰਾਮ ਨਾਲ ਬਤੀਤ ਹੋਇਆ ਪਰ ਇਹ ਆਰਾਮ ਭਗਵਾਨ ਬੁੱਧ ਨੂੰ ਸ਼ਾਹੀ ਠਾਠ-ਬਾਠ ਨਾਲ ਬਹੁਤੀ ਦੇਰ ਤੱਕ ਬੰਨ ਕੇ ਨਾ ਰੱਖ ਸਕਿਆ। ਇਕ ਬੁੱਢੇ ਆਦਮੀ, ਇਕ ਬੀਮਾਰ ਆਦਮੀ, ਇਕ ਅਰਥੀ ਅਤੇ ਇਕ ਸਾਧੂ ਨੇ ਉਨ੍ਹਾਂ ਦੇ ਮਨ ਤੇ ਇਕ ਗਹਿਰਾ ਅਸਰ ਕੀਤਾ ਅਤੇ ਉਹ ਘਰ-ਬਾਰ ਛੱਡ ਕੇ ਜੰਗਲਾਂ ਨੂੰ ਚਲੇ ਗਏ। ਇਸ ਵਕਤ ਉਨ੍ਹਾਂ ਦੀ ਉਮਰ ਕੋਈ 29 ਸਾਲ ਦੇ ਲਗਭਗ ਸੀ। ਘਰ ਛੱਡ ਕੇ ਜਾਣ ਤੋਂ ਪਹਿਲਾਂ 19 ਸਾਲ ਦੀ ਉਮਰ ਵਿਚ ਉਨ੍ਹਾਂ ਦੀ ਸ਼ਾਦੀ ਦੰਡਪਾਣੀ ਦੀ ਪੁਤਰੀ ਯਸ਼ੋਧਰਾ ਨਾਲ ਹੋਈ ਜਿਸ ਤੋਂ ਰਾਹੁਲ ਨਾਮਕ ਪੁੱਤਰ ਨੇ ਜਨਮ ਲਿਆ। ਪਤਨੀ ਅਤੇ ਪੁੱਤਰ ਮੋਹ ਵੀ ਉਸ ਨੂੰ ਘਰ ਤੋਂ ਬਾਹਰ ਜਾਣ ਤੋਂ ਨਾ ਰੋਕ ਸਕਿਆ ਅਤੇ ਭਗਵਾਨ ਬੁੱਧ ਸਿੱਧੇ ਜੰਗਲਾਂ ਵਿਚ ਚਲੇ ਗਏ। ਜਿੱਥੇ ਉਨ੍ਹਾਂ ਨੇ ਕਠੋਰ ਤਪੱਸਿਆ ਕੀਤੀ।

ਜਦੋਂ ਕਠੋਰ ਤਪ ਨਾਲ ਆਪਣੇ ਉਦੇਸ਼ ਦੀ ਪੂਰਤੀ ਨਾ ਹੋਈ ਤਾਂ ਉਨ੍ਹਾਂ ਨੇ ਭਵਿੱਖ ਲਈ ਕਠੋਰ ਤਪੱਸਿਆ ਦਾ ਰਾਹ ਅਪ੍ਰਵਾਨ ਕਰ ਦਿੱਤਾ। ਇਕ ਦਿਨ ਬੋਧ-ਗਯਾ ਨਾਮਕ ਸਥਾਨ ਤੇ ਇਕ ਦਰਖਤ ਹੇਠ ਭੋਜਨ ਕਰਨ ਲਈ ਬੈਠੇ ਹੀ ਸਨ ਤਾਂ ਉਨ੍ਹਾਂ ਨੂੰ ਇਕ ਦਿੱਬ ਜੋਤੀ ਦੇ ਦਰਸ਼ਨ ਹੋਏ। ਸੱਚਾ ਜੀਵਨ ਕੀ ਹੈ? ਹੁਣ ਇਹ ਉਨ੍ਹਾਂ ਨੂੰ ਸਾਫ਼ ਪ੍ਰਗਟ ਹੋਣ ਲੱਗਾ। ਕਿਹਾ ਜਾਂਦਾ ਹੈ ਕਿ ਇਸ ਵਿਸ਼ੇ ਉਤੇ ਪੂਰੇ ਇਕ ਦਿਨ ਰਾਤ ਉਹ ਗੰਭੀਰ ਵਿਚਾਰ ਕਰਦੇ ਰਹੇ ਅਤੇ ਇਸ ਤੋਂ ਮਗਰੋਂ ਉਹ ਸੰਸਾਰ ਨੂੰ ਆਪਣਾ ਇਹ ਗਿਆਨ ਸਿਖਾਉਣ ਲਈ ਚਲ ਪਏ। ਸਭ ਤੋਂ ਪਹਿਲਾਂ ਉਹ ਬਨਾਰਸ ਗਏ। ਉਥੇ ਜਾ ਕੇ ਉਨ੍ਹਾਂ ਨੇ ਉਨ੍ਹਾਂ ਚੇਲਿਆਂ ਨੂੰ ਢੂੰਡਿਆ ਜਿਹੜੇ ਜੰਗਲ ਵਿਚ ਉਨ੍ਹਾਂ ਨੂੰ ਇਕੱਲਿਆਂ ਛੱਡ ਕੇ ਆ ਗਏ ਸਨ ਅਤੇ ਉਨ੍ਹਾਂ ਨੂੰ ਨਵਾਂ ਉਪਦੇਸ਼ ਸੁਣਾ ਕੇ ਆਪਣੇ ਚੇਲੇ ਬਣਾਇਆ। ਫੇਰ ਉਹ ਬਨਾਰਸ ਵਿਚ ਸਾਰਨਾਥ ਨਾਮਕ ਸਥਾਨ ਤੇ ਕੁਟੀਆ ਬਣਾ ਕੇ ਰਹਿਣ ਲੱਗਾ ਅਤੇ ਉਥੇ ਉਨ੍ਹਾਂ ਨੇ ਇਕ ਤਰ੍ਹਾਂ ਦਾ ਵਿਦਿਆਲਾ ਖੋਲ ਦਿੱਤਾ ਜਿਸ ਵਿਚ ਕਿੰਨੇ ਹੀ ਗਿਆਨ ਦੇ ਇਛੁੱਕ ਆਉਣ ਲੱਗੇ। ਇਥੇ ਲਗਭਗ 61 ਭਿਕਸ਼ੂ ਉਨ੍ਹਾਂ ਦੇ ਚੇਲੇ ਬਣ ਗਏ। ਇਥੋਂ ਉਹ ਪਹਿਲਾਂ ਗਯਾ ਅਤੇ ਫਿਰ ਰਾਜਗ੍ਰਹਿ ਪਹੁੰਚੇ। ਰਾਹ ਵਿਚ ਉਨ੍ਹਾਂ ਦੇ ਉਪਦੇਸ਼ ਸੁਣ-ਸੁਣ ਕੇ ਬਹੁਤ ਸਾਰੇ ਬ੍ਰਾਹਮਣ ਵਿਦਵਾਨ ਅਤੇ ਸਾਧੂ ਉਨ੍ਹਾਂ ਦੇ ਚੇਲੇ ਬਣ ਗਏ। ਇਥੋਂ ਤੱਕ ਕਿ ਮਗਧ ਦਾ ਰਾਜਾ ਬਿੰਬੀਸਾਰ ਵੀ ਉਨ੍ਹਾਂ ਦਾ ਚੇਲਾ ਬਣ ਗਿਆ ਅਤੇ ਉਸ ਨੇ ਪਹਿਲਾ ਬੋਧ ਮੱਠ ਸਾਧੂਆਂ ਨੂੰ ਮੀਂਹ ਤੋਂ ਬਚਾਉਣ ਲਈ ਦਾਨ ਵਿਚ ਦਿੱਤਾ। ਬੁੱਧ ਆਪਣੀਆਂ ਸਿਖਿਆਵਾਂ ਦਾ ਪ੍ਰਚਾਰ ਕਰਨ ਲਈ ਬਹੁਤ ਸਾਰੀਆਂ ਥਾਵਾਂ ਤੇ ਗਏ ਅਤੇ ਉਨ੍ਹਾਂ ਦੇ ਖੁੱਲ੍ਹਦਿਲੀ ਦੇ ਸਿੱਧਾਂਤ ਨੇ ਆਮ ਲੋਕਾਂ ਨੂੰ ਆਪਣੇ ਵੱਲ ਖਿਚਿਆ ਜਿਨ੍ਹਾਂ ਵਿਚ ਅਮੀਰ ਵਪਾਰੀ, ਬ੍ਰਾਹਮਣ, ਕਸ਼ੱਤਰੀ, ਵੈਸ਼, ਸੂਦਰ ਅਤੇ ਔਰਤਾਂ ਸ਼ਾਮਿਲ ਸਨ। ਭਗਵਾਨ ਬੁੱਧ ਨੇ ਜਾਤ-ਪਾਤ ਤੋਂ ਉਪਰ ਇਕ ਨਵੇਂ ਸਮਾਜ ਦੀ ਸਿਰਜਣਾ ਕੀਤੀ ਜਿਸ ਦੇ ਫਲਸਰੂਪ ਜਾਤ-ਪਾਤ ਅਤੇ ਅਭਿਮਾਨ ਵਿਚ ਗ੍ਰਸਤ ਪ੍ਰਚੱਲਿਤ ਹਿੰਦੂ ਧਰਮ ਨੂੰ ਭਾਰੀ ਢਾਹ ਵੀ ਲੱਗੀ। ਬੁੱਧ ਧਰਮ ਦੇ ਇਨ੍ਹਾਂ ਸਰਬ ਸਾਂਝੀਵਾਲਤਾ ਦੇ ਸਿਧਾਂਤਾ ਦਾ ਅਸਰ ਇਹ ਹੋਇਆ ਕਿ ਹਰ ਤਰ੍ਹਾਂ ਦੇ ਲੋਕ ਸਮਾਨਤਾ ਅਤੇ ਬਰਾਬਰੀ ਦੇ ਸਥਾਨ ਤੇ ਆ ਗਏ ਅਤੇ ਉਨ੍ਹਾਂ ਨੇ ਖੁਲ੍ਹ-ਦਿਲੀ ਨਾਲ ਭਗਵਾਨ ਬੁੱਧ ਦੇ ਸਿਧਾਂਤਾਂ ਨੂੰ ਪ੍ਰਚਾਰਨ ਦਾ ਬੀੜਾ ਚੁੱਕਿਆ। ਅਨਾਥਪਿੰਡਕ ਨਾਮਕ ਇਕ ਬਹੁਤ ਹੀ ਅਮੀਰ ਵਿਅਕਤੀ

ਨੇ ਸਰਾਵਸਤੀ ਵਿਖੇ ਬਹੁਤ ਹੀ ਸ਼ਾਨਦਾਰ ਵਿਹਾਰ ਦਾ ਨਿਰਮਾਣ ਕੀਤਾ ਜਿਥੇ ਕਿ ਭਗਵਾਨ ਬੁੱਧ ਨੇ ਲਗਭਗ 25 ਬਰਸਾਤਾਂ ਦਾ ਆਨੰਦ ਮਾਣਿਆ ਅਤੇ ਅਨੇਕਾਂ ਹੀ ਭਾਸ਼ਨ ਕੀਤੇ। ਆਪਣੇ ਸੁਤੰਤਰ ਵਿਚਾਰਾਂ ਦਾ ਰਸ ਵੰਡਦੇ ਹੋਏ ਭਗਵਾਨ ਬੁੱਧ 544 ਬੀ.ਸੀ. ਨੂੰ 80 ਸਾਲ ਦੀ ਉਮਰ ਪੂਰੀ ਕਰਕੇ ਕੁਸ਼ੀਨਗਰ ਵਿਖੇ ਨਿਰਵਾਣ ਨੂੰ ਪ੍ਰਾਪਤ ਹੋਏ।

**ਬੁੱਧ ਧਰਮ ਦੀ ਉਤਪੱਤੀ :** ਜਦੋਂ ਬੁੱਧ ਧਰਮ ਦਾ ਜਨਮ ਹੋਇਆ ਉਦੋਂ ਭਾਰਤ ਵਿਚ ਕੇਵਲ ਦੋ ਹੀ ਮੁੱਖ ਵਿਚਾਰਧਾਰਾਵਾਂ ਚੱਲ ਰਹੀਆਂ ਸਨ- ਇਕ ਸੀ ਵੈਦਿਕ ਵਿਚਾਰਧਾਰਾ ਅਤੇ ਦੂਜੀ ਜੀ ਅਵੈਦਿਕ ਵਿਚਾਰਧਾਰਾ। ਪਹਿਲੀ ਕਿਸਮ ਦੀ ਵਿਚਾਰਧਾਰਾ ਨੂੰ ਮੂਲ ਰੂਪ ਵਿਚ ਆਰਯ ਵਿਚਾਰਧਾਰਾ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਦੂਜੀ ਕਿਸਮ ਦੀ ਵਿਚਾਰਧਾਰਾ ਨੂੰ ਮੁਨੀਆਂ ਜਾਂ ਬ੍ਰਾਹਮਣਾਂ ਦੀ ਵਿਚਾਰਧਾਰਾ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਵੈਦਿਕ ਵਿਚਾਰਧਾਰਾ ਉਸ ਨੂੰ ਕਹਿੰਦੇ ਹਨ ਜਿੱਥੇ ਵੇਦਾਂ ਦੀ ਹੋਂਦ ਨੂੰ ਪ੍ਰਮਾਣਿਕ ਮੰਨਦੇ ਹੋਏ ਉਸੇ ਅਨੁਸਾਰ ਕੰਮ ਵੀ ਕੀਤਾ ਜਾਵੇ। ਇਸੇ ਤਰ੍ਹਾਂ ਅਵੈਦਿਕ ਵਿਚਾਰਧਾਰਾ ਉਸ ਨੂੰ ਕਹਿੰਦੇ ਹਨ। ਜਿਸ ਵਿਚ ਵੇਦਾਂ ਦੀ ਸਰਵਉਚਤਾ ਨੂੰ ਵੀ ਪ੍ਰਵਾਨ ਨਹੀਂ ਕੀਤਾ ਗਿਆ। ਵੈਦਿਕ ਵਿਚਾਰਧਾਰਾ ਭੌਤਿਕਵਾਦੀ ਪ੍ਰੋਹਿਤ ਪ੍ਰਧਾਨ, ਯੱਗ ਪ੍ਰਧਾਨ, ਦੇਵਤਿਆਂ ਦੀ ਉਪਾਸਨਾ ਤੇ ਮਾਨਵ ਜੀਵਨ ਦੇ ਸਾਧਾਰਣ ਆਦਰਸ਼ਾਂ ਦੀ ਹੱਦ ਵਿੱਚ ਬੰਨੀ ਹੋਈ ਸੀ। ਇਸ ਦਾ ਸਾਹਿਤ ਵੈਦਿਕ ਸਾਹਿਤ ਹੈ, ਇਸ ਤੋਂ ਬ੍ਰਾਹਮਣ ਧਰਮ ਦਾ ਵਿਕਾਸ ਹੋਇਆ ਹੈ। ਇਸ ਦਾ ਮੱਧਕਾਲੀ ਰੂਪ ਹਿੰਦੂ ਧਰਮ ਹੈ, ਜਿਸ ਵਿਚ ਵੈਦਿਕ ਤੋਂ ਅਵੈਦਿਕ ਦੋਹਾਂ ਸੰਸਕ੍ਰਿਤੀਆਂ ਦੀ ਮਿਲਾਵਟ ਜਾਂ ਮਿਸ਼ਰਣ ਹੈ। ਦੂਜੀ ਵਿਚਾਰਧਾਰਾ ਵਿਚ ਸੰਸਾਰ ਦਾ ਵਿਚਾਰ, ਕਰਮ ਦਾ ਸਿੱਧਾਂਤ, ਨੈਤਿਕ ਆਦਰਸ਼, ਧਿਆਨ ਯੋਗ ਸਾਧਨਾ ਤੇ ਮੋਕਸ਼ ਦੇ ਵਿਚਾਰ ਮੁੱਖ ਸਨ। ਇਸ ਨੂੰ 'ਸ਼੍ਰਮਣ ਸੰਸਕ੍ਰਿਤੀ' ਕਿਹਾ ਗਿਆ। ਬੁੱਧ ਤੋਂ ਪੂਰਵਵਰਤੀ ਸ਼੍ਰਮਣ ਸੰਸਕ੍ਰਿਤੀ ਦਾ ਸਾਹਿਤ ਨਸ਼ਟ ਹੋ ਗਿਆ ਹੈ, ਜਿਵੇਂ ਕਿ ਵਿਦੇਸ਼ੀ ਹਮਲਾਵਰਾਂ ਆਦਿ ਦੇ ਹਮਲਿਆਂ ਕਰਕੇ ਬੁੱਧ ਸਾਹਿਤ ਨਸ਼ਟ ਹੋ ਗਿਆ, ਉਸੇ ਤਰ੍ਹਾਂ 'ਸ਼੍ਰਮਣ ਸੰਸਕ੍ਰਿਤੀ'' ਦਾ ਸਾਹਿਤ ਵੀ ਬੁੱਧ ਤੋਂ ਪੂਰਬ ਨਸ਼ਟ ਹੋ ਚੁਕਿਆ ਸੀ। ਇਸ ਦੇ ਪ੍ਰਧਾਨ ਆਚਾਰਯ ਜੋਗੀ, ਜਤੀ, ਮੁਨੀ, ਵਾਨਪ੍ਰਸਥੀ ਤੇ ਉਦਾਸੀ ਸਾਧੂ ਸਨ। ਸਾਂਖਯ ਦਰਸ਼ਨ, ਯੋਗ ਅਭਿਆਸ, ਜੈਨ-ਧਰਮ, ਬੁੱਧ ਧਰਮ, ਆਜੀਵਿਕ ਧਰਮ ਤੇ ਉਪਨਿਸ਼ਦਾਂ ਤੇ ਉਦਾਸੀ ਸਾਧੂ ਸਨ। ਸਾਂਖਯ ਦਰਸ਼ਨ, ਯੋਗ ਅਭਿਆਸ, ਜੈਨ-ਧਰਮ, ਬੁੱਧ ਧਰਮ, ਆਜੀਵਿਕ ਧਰਮ ਤੇ ਉਪਨਿਸ਼ਦਾਂ ਦੀ ਉਹ ਵਿਚਾਰਧਾਰਾਂ ਜੋ ਵੈਦਿਕ ਵਿਚਾਰਾਂ ਦੀ ਵਿਰੋਧੀ ਤੇ ਸਾਂਖਯ-ਯੋਗ ਅਤੇ ਬੁੱਧ-ਜੈਨ ਆਦਰਸ਼ਾਂ ਦੇ ਅਨੁਕੂਲ ਹੈ, ਇਸੇ ਅਵੈਦਿਕ ਸੰਸਕ੍ਰਿਤੀ ਦੀ ਹੀ ਦੇਣ ਹੈ। ਇਥੇ ਸਵਾਲ ਇਹ ਹੈ ਕਿ ਉਪਨਿਸ਼ਦ ਵੈਦਿਕ ਅਤੇ ਬ੍ਰਾਹਮਣ ਧਰਮ ਦੇ ਗ੍ਰੰਥ ਹਨ, ਇਨ੍ਹਾਂ ਵਿਚ ਅਵੈਦਿਕ ਵਿਚਾਰ ਕਿੱਥੋਂ ਆਏ? ਪੱਕੀ ਗੱਲ ਹੈ ਕਿ ਇਹ ਵੈਦਿਕ ਵਿਚ ਅਵੈਦਿਕ ਸੰਸਕ੍ਰਿਤੀ ਤੋਂ ਦਾਖਲ ਹੋਏ ਸਨ।

ਸ਼ਾਕਯ ਮੁਨੀ ਬੁੱਧ ਇਸੇ ਅਵੈਦਿਕ, ਸ਼੍ਰਮਣ-ਮੁਨੀ-ਸੰਸਕ੍ਰਿਤੀ ਦੇ ਨੇਤਾ ਸਨ। ਬੁੱਧ ਧਰਮ ਦੀਆਂ ਕੁੱਝ ਗੱਲਾਂ ਵੈਦਿਕ ਧਰਮ ਦੀ ਪੂਰਵਵਰਤੀ ਸਭਿਅਤਾ ਜਾਂ ਅਵੈਦਿਕ ਸੰਸਕ੍ਰਿਤੀ ਨਾਲ ਮੇਲ ਖਾਂਦੀਆਂ ਹਨ। ਹੜੱਪਾ ਤੇ ਮੋਹਿੰਜੋਦੜੋ ਦੀ ਸਭਿਅਤਾ ਵਿਚ ਯੋਗ ਤੇ ਧਿਆਨ ਪ੍ਰਚਲਿਤ ਸੀ। ਪਰੰਤੂ ਨਿਰਵਾਣ ਦੀ ਖੋਜ ਤੇ ਸਦਾਚਾਰਕ ਨਿਯਮਾਂ ਤੇ ਬਲ ਦੇਣਾ ਬੁੱਧ ਦਾ ਆਦਰਸ਼ ਸੀ। ਕੋਈ ਵੀ ਉਪਨਿਸ਼ਦ ਬੁੱਧ ਦੇ ਸਮੇਂ ਨਹੀਂ ਰਚਿਆ ਗਿਆ ਸੀ, ਕੁਝ ਉਪਨਿਸ਼ਦ ਬੁੱਧ ਤੋਂ ਬਾਅਦ ਦੀ ਰਚਨਾ ਹਨ। ਬੁੱਧ ਤੋਂ ਬਾਅਦ ਰਚੇ ਗਏ ਉਪਨਿਸ਼ਦਾਂ ਦੇ ਉਤੇ ਅਵੈਦਿਕ ਸ਼੍ਰਮਣ ਸੰਸਕ੍ਰਿਤੀ ਤੇ ਬੁੱਧ ਸੰਸਕ੍ਰਿਤੀ ਦਾ ਪ੍ਰਭਾਵ ਹੈ। ਬੋਧੀ ਸਾਹਿਤ ਵਿਚ ਗੋਤਮ ਬੁੱਧ ਤੋਂ ਪਹਿਲੇ ਹੋਏ ਕੁਝ ਬੁੱਧਾਂ ਦੇ ਹੋਣ ਦੀ ਪ੍ਰੰਪਰਾ ਹੈ। ਜੈਨੀਆਂ ਦੇ ਸਾਹਿਤ ਵਿਚ ਵੀ ਮਹਾਂਵੀਰ ਤੋਂ ਪਹਿਲੇ ਜਨਮੇ ਤੀਰਥੰਕਰਾਂ ਦੀ ਪ੍ਰੰਪਰਾ ਹੈ। ਬੁੱਧ ਤੇ ਜੈਨ ਗ੍ਰੰਥਾਂ ਦੇ ਪਾਠ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਈਸਾ ਮਸੀਹ ਤੋਂ ਛੇ ਸੌ ਈਸਾ ਪੂਰਬ (600ਈ.ਪੂ.) ਭਾਰਤ ਵਿਚ ਇਕ ਧਾਰਮਿਕ ਕ੍ਰਾਂਤੀ ਹੋਈ ਸੀ ਜੋ ਬੌਧਿਕ ਤੇ ਅਧਿਆਤਮਿਕ ਕ੍ਰਾਂਤੀ ਦਾ ਯੁੱਗ ਸੀ। ਬ੍ਰਾਹਮਣ ਤੇ ਸ਼੍ਰਮਣ ਦੋਵੇਂ ਭਾਂਤ-ਭਾਂਤ ਦੇ ਧਾਰਮਿਕ ਦਾਰਸ਼ਨਿਕ ਚਿੰਤਨ ਦੇ ਨਵੇਂ ਮਾਰਗਾਂ ਤੇ ਮਤਾਂ ਦਾ ਪ੍ਰਚਾਰ ਕਰ ਰਹੇ ਸਨ। ਇਹ ਕਿਵੇਂ ਹੋ ਸਕਦਾ ਹੈ ਕਿ ਬੁੱਧ ਧਰਮ ਤੇ ਜੈਨ ਧਰਮ ਇਕਵਾਰਗੀ ਹੀ ਈਸਾ ਮਸੀਹ ਤੋਂ ਛੇ ਸੌ ਸਾਲ ਪੂਰਬ(600 ਈ.ਪੂ.) ਉਤਪੰਨ ਹੋ ਗਏ ਹੋਣ? ਇਨ੍ਹਾਂ ਧਰਮਾਂ ਦੇ ਵਿਕਾਸ ਦੇ ਪਿਛੋਕੜ ਵਿਚ ਪੁਰਾਤਨ ਅਵੈਦਿਕ ਵਿਚਾਰਧਾਰਾ ਸੀ, ਜਿਸ ਦੀ ਸ਼ੁਰੂਆਤ ਸਿੰਧੂ ਘਾਟੀ ਦੀ ਸਭਿਅਤਾ ਤੋਂ ਮੰਨੀ ਜਾਣੀ ਚਾਹੀਦੀ ਹੈ।

ਪ੍ਰਾਚੀਨ ਕਾਲ ਵਿਚ ਬ੍ਰਾਹਮਣ ਧਰਮ ਤੇ ਬੁੱਧ ਧਰਮ ਵਿਚ ਰੱਜ ਕੇ ਵਿਰੋਧ ਸੀ। ਇਸ ਵਿਰੋਧ ਦਾ ਉਲੇਖ ਪਾਲੀ ਨਿਕਾਯਾਂ ਵਿਚ ਮਿਲਦਾ ਹੈ। ਕੁਝ ਬ੍ਰਾਹਮਣ ਵੀ ਬੁੱਧ ਦੇ ਪੈਰੋਕਾਰ ਬਣ ਗਏ ਸਨ। ਪ੍ਰੋਹਿਤ ਵਰਗ ਬੁੱਧ ਦਾ ਵਿਰੋਧੀ ਰਿਹਾ, ਬ੍ਰਾਹਮਣਾਂ ਦੇ ਗ੍ਰੰਥਾਂ ਵਿਚ ਵਿਰੋਧ ਦੇ ਪ੍ਰਮਾਣ ਮਿਲਦੇ ਹਨ। ਜੈਨ ਗ੍ਰੰਥਾਂ ਵਿਚ ਵੀ ਬ੍ਰਾਹਮਣਾਂ ਸ੍ਰਮਵਾਂ ਦੇ ਵਿਰੋਧ ਦੇ ਪ੍ਰਮਾਣ ਹਨ। ਮੈਗਸਥਨੀਜ਼, ਨਾਮ ਯੂਨਾਨੀ ਰਾਜਦੂਤ (400 ਈ. ਪੂ.) ਨੇ ਇਸ ਵਿਰੋਧ ਦਾ ਉਲੇਖ ਕੀਤਾ ਹੈ। ਅਸ਼ੋਕ ਦੇ ਕੁਤਬਿਆਂ (ਅਭਿਲੇਖਾਂ) ਵਿਚ ਬ੍ਰਹਮਣਾਂ ਤੇ ਭਿਖੂਆਂ (ਸ੍ਰਮਣਾ) ਦੇ ਵਿਚਕਾਰ ਵਿਰੋਧ ਦਾ ਬਿਆਨ ਹੈ। ਪਤੰਜਲੀ (150 ਈ.ਪੂ.) ਨੇ ਮਹਾਂਭਾਸ਼ਯ ਵਿਚ ਇਸ ਸਦੀਵੀ ਵਿਰੋਧ

ਨੂੰ ਪ੍ਰਗਟਾਇਆ ਹੈ। ਇਸ ਤੋਂ ਸਪਸ਼ਟ ਹੈ ਕਿ ਬੁੱਧ ਧਰਮ ਬ੍ਰਾਹਮਣ ਪ੍ਰਧਾਨ ਵੈਦਿਕ ਧਰਮ ਤੋਂ ਭਿੰਨ, ਪ੍ਰਾਚੀਨ, ਅਵੈਦਿਕ ਧਰਮ ਦੀ ਪ੍ਰੰਪਰਾ ਨਾਲ ਸੰਬੰਧ ਰੱਖਦਾ ਹੈ ਅਤੇ ਇਥੋਂ ਹੀ ਬੁੱਧ ਧਰਮ ਦੀ ਉਤਪੱਤੀ ਦੀ ਸੰਭਾਵਨਾ ਦਾ ਵੀ ਪਤਾ ਲੱਗਦਾ ਹੈ। 'ਬ੍ਰਾਹਮਣ ਧਰਮ' ਬਦਲ ਕੇ 'ਹਿੰਦੂ ਧਰਮ' ਦੇ ਨਾਂ ਨਾਲ ਜਾਣਿਆ ਜਾਣ ਲੱਗਾ। ਬੁੱਧ ਧਰਮ ਦੇ ਪ੍ਰਭਾਵ ਹੇਠ ਹਿੰਦੂ ਧਰਮ ਦੇ ਗ੍ਰੰਥਾਂ ਵਿਚ ਸੰਨਿਆਸ ਆਸ਼ਰਮ ਦੀ ਵਿਵਸਥਾ ਸ਼ੁਰੂ ਹੋਣ ਲੱਗੀ। ਸਦਾਚਾਰਕ ਨਿਯਮਾਂ ਦੀ ਪਾਲਣਾ ਨੂੰ ਯੱਗ, ਹਵਨ ਦੇ ਕਰਮਕਾਂਡਾਂ ਤੋਂ ਸ਼੍ਰੇਸ਼ਠ ਮੰਨਿਆ ਜਾਣ ਲੱਗਾ। ਪਸ਼ੂਬਲੀ ਦੀ ਥਾਂ ਅਹਿੰਸਾ ਨੂੰ ਮਹੱਤਵ ਮਿਲਣ ਲੱਗਾ। ਪ੍ਰੋਹਿਤਾਂ ਦੀ ਥਾਂ ਤਿਆਗੀ, ਵੈਰਾਗੀ, ਗਿਆਨੀ, ਬੁੱਧੀਮਾਨ ਮੁਨੀਆਂ ਦੀ ਮਾਨਤਾ ਵਧਣ ਲੱਗੀ। ਜਾਤੀ ਪ੍ਰਥਾ ਨੂੰ ਇਕ ਜ਼ੋਰਦਾਰ ਹਲੂਣਾ ਦਿੱਤਾ ਗਿਆ ਅਤੇ ਬੁੱਧ ਧਰਮ ਭਾਰਤ ਵਿਚ ਉਜਾਗਰ ਹੋਣ ਲੱਗਾ। ਬ੍ਰਾਹਮਣਾਂ, ਸਮਰਾਟਾਂ, ਨਵਾਬਾਂ, ਵਿਦਵਾਨਾਂ, ਕਵੀਆਂ, ਦਾਰਸ਼ਨਿਕਾਂ, ਸਾਹਿਤਕਾਰਾਂ, ਸਮਾਜ-ਸੁਧਾਰਕਾਂ ਅਤੇ ਜਨ-ਸਾਧਾਰਣ ਇਸ ਨੂੰ ਅਪਨਾਉਣ ਲੱਗ ਪਏ ਅਤੇ ਉਨ੍ਹਾਂ ਨੇ ਹੀ ਪਹਿਲਾਂ ਭਾਰਤ ਵਿਚ ਅਤੇ ਫਿਰ ਦੁਨੀਆਂ ਵਿਚ ਬੁੱਧ ਧਰਮ ਦਾ ਪ੍ਰਚਾਰ ਕੀਤਾ।

ਬੁੱਧ ਧਰਮ ਦੀ ਉਤਪਤੀ ਦਾ ਇਕ ਹੋਰ ਮੁੱਖ ਕਾਰਣ ਇਹ ਵੀ ਸੀ ਕਿ ਆਮ ਲੋਕ ਮੂਰਤੀ ਪੂਜਾ ਅਤੇ ਹੋਰ ਬਹੁਤ ਸਾਰੇ ਕਰਮਕਾਂਡਾਂ ਵਿਚ ਫਸੇ ਹੋਏ ਸਨ ਜਿਸ ਵਿਚੋਂ ਉਹ ਨਿਕਲਣਾ ਚਾਹੁੰਦੇ ਸਨ ਪਰ ਕੋਈ ਵੀ ਰਾਹ ਵਿਖਾਈ ਨਹੀਂ ਸੀ ਦੇ ਰਿਹਾ। ਜਦੋਂ ਮਹਾਤਮਾ ਬੁੱਧ ਨੇ ਆਪਣੀਆਂ ਸਿਖਿਆਵਾਂ ਦਾ ਪ੍ਰਚਾਰ ਸ਼ੁਰੂ ਕੀਤਾ ਤਾਂ ਉਨ੍ਹਾਂ ਨੇ ਸਭ ਤੋਂ ਪਹਿਲਾਂ ਇਹੀ ਕਿਹਾ ਕਿ ਪਰਮਾਤਮਾ ਜਾਂ ਦੇਵੀ ਦੇਵਤਿਆਂ ਉਤੇ ਨਿਰਭਰ ਹੋਣਾ ਪਰਾਧੀਨਤਾ ਹੈ। ਮਨੁੱਖ ਨੂੰ ਸਵਾਧੀਨ ਹੋਣਾ ਚਾਹੀਦਾ ਹੈ। ਬੁੱਧ ਨੇ ਮਨੁੱਖ ਨੂੰ ਰਾਖਸ਼ਾਂ ਦੇ ਭੈ ਤੋਂ, ਧਰਮ-ਗ੍ਰੰਥਾਂ ਦੀ ਪਾਬੰਦੀ ਤੋਂ, ਪ੍ਰੋਹਿਤਾਂ ਦੇ ਕਰਮਕਾਡਾਂ ਤੋਂ, ਫਿਲਾਸਫਰਾਂ ਦੀ ਰੁੱਖੀ ਫਿਲਾਸਫੀ ਦੇ ਜੰਜਾਲ ਤੋਂ ਮੁਕਤ ਹੋਣ ਦਾ ਉਪਦੇਸ਼ ਦਿੱਤਾ ਸੀ। ਇੰਦ੍ਰੀਆਂ ਦਾ ਸੰਜਮ, ਸਚਿਆਈ, ਅਹਿੰਸਾ, ਮਿਤਰਤਾ, ਕਰੁਣਾ, ਦਾਨ, ਤਿਆਗ, ਧਿਆਨ, ਮਨਨ, ਵਿਵੇਕ, ਜੀਵਨ ਦੀ ਅੰਦਰਲੀ ਤੇ ਬਾਹਰਲੀ ਸ਼ੁੱਧੀ ਸਾਰੇ ਪ੍ਰਾਣੀਆਂ ਦਾ ਸਤਿਕਾਰ, ਸ਼ਾਂਤੀਪੂਰਵ ਪਰਸਪਰ ਸਹਿਯੋਗ ਬੁੱਧ ਦੀਆਂ ਵਿਵਹਾਰਿਕ ਸਿਖਿਆਵਾਂ ਦੇ ਅੰਗ ਹਨ। ਬੁੱਧ ਯੋਗੀ, ਮੁਨੀ ਅਤੇ ਰਿਸ਼ੀ ਦਾ ਸੁਮੇਲ ਸੀ। ਉਨ੍ਹਾਂ ਨੂੰ 'ਮਹਾਸ੍ਰਮਣ, ਸ਼ਾਕਯਮੁਨੀ ਤੇ ਸੱਤਵਾਂ ਰਿਸ਼ੀ ਕਿਹਾ ਗਿਆ ਹੈ। ਉਹ ਸੂਖਮ ਸੋਝੀ ਵਾਲਾ ਸੀ, ਦਾਰਸ਼ਨਿਕ ਵਿਆਖਿਆਤਾ ਨਹੀਂ ਸੀ ਪ੍ਰੰਤੂ ਇਕ ਵੱਡਾ ਵੈਦ ਸੀ ਕਿਉਂਕਿ ਉਨ੍ਹਾਂ ਨੇ ਦੁੱਖ ਵਰਗੇ ਵੱਡੇ ਰੋਗ ਤੋਂ ਮੁਕਤ ਹੋਣ ਦੀ ਦਵਾਈ ਦੱਸੀ। ਇਹ ਸੋਚਣਾ ਗਲਤ ਹੈ ਕਿ ਬੁੱਧ ਧਰਮ ਸਿਰਫ ਇਕ ਸਦਾਚਾਰਕ ਨਿਯਮਾਂ ਦਾ ਸੰਗ੍ਰਹਿ (ਅਚਾਰ ਸੰਘਿਤਾ) ਹੈ। ਬੁੱਧ ਧਰਮ ਇਕ ਦਰਸ਼ਨ ਹੈ, ਜੀਵਨ-ਜਾਂਚ ਹੈ ਜੋ ਇਸ ਸੰਪੂਰਨ ਸੱਭਿਅਤਾ ਅਤੇ ਸੰਸਕ੍ਰਿਤੀ ਦੀ ਰੋਸ਼ਨੀ ਪ੍ਰਗਟ ਕਰਦਾ ਹੈ। ਇਹ ਸਾਰੇ ਗੁਣ ਅਤੇ ਉਪਦੇਸ਼ ਵੀ ਬੁੱਧ ਧਰਮ ਦੀ ਉਤਪਤੀ ਦਾ ਕਾਰਣ ਬਣੇ।

**ਬੁੱਧ ਧਰਮ ਦਾ ਵਿਕਾਸ :** ਬੁੱਧ ਧਰਮ ਭਾਰਤ ਵਿਚ ਇਸ ਕਰਕੇ ਛੇਤੀ ਹੀ ਹਰਮਨ ਪਿਆਰ ਹੋ ਗਿਆ ਕਿਉਂਕਿ ਇਸ ਨੇ ਖਰਚੀਲੇ ਕਰਮਕਾਂਡਾਂ ਦੀ ਵਿਰੋਧਤਾ ਕਰਕੇ ਆਮ ਲੋਕਾਂ ਦੀ ਮੁਕਤੀ ਦਾ ਸੌਖਾ ਤੇ ਆਸਾਨ ਤਰੀਕਾ ਦੱਸਿਆ। ਭਾਰਤ ਤੋਂ ਇਲਾਵਾ ਮਹਾਤਮਾ ਬੁੱਧ ਦੀਆਂ ਸਿਖਿਆਵਾਂ ਨੇ ਜਿਨ੍ਹਾਂ ਲੋਕਾਂ ਨੂੰ ਪ੍ਰਭਾਵਿਤ ਕੀਤਾ ਉਨ੍ਹਾਂ ਵਿਚ ਚੀਨ, ਜਾਪਾਨ, ਤਿੱਬਤ, ਜਾਵਾ, ਸਮਾਟਰਾ, ਲੰਕਾ ਤੇ ਬ੍ਰਹਮਾਂ ਦੇ ਰਹਿਣ ਵਾਲੇ ਲੋਕ ਵੀ ਸ਼ਾਮਿਲ ਸਨ। ਇਸ ਧਰਮ ਦਾ ਵਿਕਾਸ ਨਾ ਕੇਵਲ ਭਾਰਤ ਵਿਚ ਹੀ ਹੋਇਆ ਬਲਕਿ ਦੂਰ-ਦੁਰਾਡੇ ਦੇਸ਼ਾਂ ਵਿਚ ਵੀ ਬੁੱਧ ਧਰਮ ਦੇ ਸਿਧਾਤਾਂ ਨੇ ਜੜ੍ਹ ਫੜ ਲਈ। ਬੁੱਧ ਧਰਮ ਦੇ ਇਨ੍ਹਾਂ ਸਿਧਾਂਤਾਂ ਦਾ ਮੂਲ ਉਨ੍ਹਾਂ ਦੇ ਧਰਮ ਗ੍ਰੰਥ 'ਤ੍ਰਿਪਿਟਕ' ਤੋਂ ਮਿਲਦਾ ਹੈ। ਇਸ 'ਤ੍ਰਿਪਿਟਕ' ਗ੍ਰੰਥ ਵਿਚ 'ਵਿਨੇਪਿਟਕ', ਸੁਤਪਿਟਕ ਅਤੇ ਅਭਿਧਮਪਿਟਕ ਆ ਜਾਂਦੇ ਹਨ। ਪਹਿਲੀ ਪੁਸਤਕ 'ਸੁਤਪਿਟਕ' ਵਿਚ ਮਹਾਤਮਾ ਬੁੱਧ ਦੀਆਂ ਗਾਥਾਵਾਂ ਹਨ, ਇਸ ਦੇ ਅਗੇ ਪੰਜ ਭਾਗ ਹਨ। ਦੂਜੀ 'ਵਿਨੇ ਪਿਟਕ' ਵਿਚ ਬੋਧੀ ਭਿਕਸ਼ੂਆਂ ਲਈ ਨਿਯਮ ਦਿੱਤੇ ਗਏ ਹਨ। ਤੀਜੀ ਪੁਸਤਕ 'ਅਭਿਧਮਪਿਟਕ' ਵਿਚ ਬੁੱਧ ਧਰਮ ਦੇ ਦਰਸ਼ਨ ਨੂੰ ਲਿਆ ਗਿਆ ਹੈ। ਬੁੱਧ ਧਰਮ ਦੇ ਵਿਕਾਸ ਲਈ ਬੋਧ ਭਿਕਸ਼ੂਆਂ ਨੇ ਬਹੁਤ ਯਤਨ ਕੀਤੇ ਅਤੇ ਚਾਰ ਬੁੱਧ ਸਭਾਵਾਂ ਵੀ ਇਸੇ ਦਾ ਨਤੀਜਾ ਹਨ। ਇਨ੍ਹਾਂ ਚਾਰੇ ਸਭਾਵਾਂ ਵਿਚ ਬੁੱਧ ਧਰਮ ਦੇ ਪ੍ਰਸਾਰ ਅਤੇ ਵਿਕਾਸ ਲਈ ਸਾਰੇ ਬੋਧ ਭਿਕਸ਼ੂਆਂ ਵੱਲੋਂ ਸਾਂਝੇ ਤੌਆਰੰਭੇ ਗਏ। ਇਨ੍ਹਾਂ ਨੂੰ ਚਾਰ ਮਹਾਂਸਭਾਵਾਂ ਦੇ ਨਾਮ ਨਾਲ ਜਾਣਿਆ ਜਾਂਦਾ ਹੈ ਕਿਉਂਕਿ ਇਹ ਬੁੱਧ ਧਰਮ ਦੇ ਵਿਕਾਸ ਵਿਚ ਇਕ ਮੀਲ-ਪੱਥਰ ਸਾਬਤ ਹੋਏ।

**(1) ਪਹਿਲੀ ਮਹਾਂ ਸਭਾ :** ਭਗਵਾਨ ਬੁੱਧ ਦੇ ਮਹਾਂਪਰਿਨਿਰਵਾਣ ਦੇ ਵਰ੍ਹੇ 544 ਈ.ਪੂ. ਪਟਨਾ ਤੋਂ ਚਾਲੀ ਮੀਲ ਦੱਖਣ-ਪੂਰਬ ਦੇ ਪਰਬਤ ਉਤੇ ਸਪਤਰਣੀ ਗੁਫਾ ਵਿਚ, ਮਗਧ ਦੇ ਰਾਜਾ ਅਜਾਤਸ਼ਤਰੁ ਦੇ ਸਮੇਂ ਪੰਜ ਸੌ ਬੋਧ ਅਰਹਤਾਂ ਦਾ ਪਹਿਲਾ ਸਮਾਗਮ (ਸੰਗਿਤੀ) ਹੋਇਆ। ਇਸ ਸਮਾਗਮ ਦੀ ਪ੍ਰਧਾਨਗੀ ਮਹਾਂਕਾਸ਼ਯਪ ਨੇ ਕੀਤੀ ਸੀ। ਉਪਾਲੀ ਨੇ ਵਿਨਯ ਦੇ ਨਿਯਮਾਂ (ਵਿਨੇਪਿਟਕ) ਨੂੰ ਸੁਣਾਇਆ ਤੇ ਆਨੰਦ ਨੇ ਧਰਮ ਦੇ ਉਪਦੇਸ਼ਾਂ (ਸੁਤਪਿਟਕ) ਨੂੰ ਸੁਣਾਇਆ। ਸਾਰੇ (ਪੰਜ ਸੌ) ਉਪਸਥਿਤ ਅਰਹਤਾਂ ਦੀ ਸੰਮਤੀ ਨਾਲ ਇਨ੍ਹਾਂ ਦੋ ਸੰਗ੍ਰਹਾਂ ਨੂੰ ਪ੍ਰਮਾਣਿਕ ਬੁੱਧਵਚਨ ਮੰਨਿਆ ਗਿਆ। ਇਸ ਤਰ੍ਹਾਂ ਪਹਿਲੇ ਬੁੱਧ ਸਮਾਗਮ ਵਿਚ ਬੁੱਧ ਧਰਮ

ਦੇ ਸਾਹਿਤ ਦੇ ਦੋ ਵਿਸ਼ਾਲ ਸੰਗ੍ਰਹਿ 'ਵਿਨੇਪਿਟਕ' ਅਤੇ 'ਸੁਤਪਿਟਕ' ਸੰਕਲਿਤ ਤੇ ਸੰਪਾਦਿਤ ਕੀਤੇ ਗਏ। ਇਸ ਸੰਗਿਤੀ ਵਿਚ 'ਅਭਿਧਮਪਿਟਕ' – ਦਾ ਸੰਗ੍ਰਹਿ ਨਹੀਂ ਸੀ ਕੀਤਾ ਗਿਆ। ਬੁੱਧ ਦੇ ਸਮੇਂ ਸੰਘ ਦੀ ਸਭਾ ਵਿਚ ਸਾਰੇ ਭਿਕਸ਼ੂ ਸ਼ਾਮਿਲ ਹੁੰਦੇ ਸਨ ਪ੍ਰੰਤੂ ਪਹਿਲੀ ਸੰਗਿਤੀ ਵਿਚ ਸਿਰਫ ਅਰਹਤਾਂ ਨੇ ਭਾਗ ਲਿਆ ਸੀ। ਇਸ ਤੋਂ ਪਤਾ ਚਲਦਾ ਹੈ ਕਿ ਅਰਹਤ ਜ਼ਿਆਦਾ ਸ਼ਕਤੀਸ਼ਾਲੀ ਹੋ ਗਏ ਸਨ ਤੇ ਦੂਜੇ ਭਿਕਸ਼ੂਆਂ ਦੇ ਹੱਕ ਘੱਟ ਹੋ ਗਏ ਸਨ। ਇਹ ਭੇਦ ਹੀ ਅੱਗੇ ਜਾ ਕੇ ਸੰਘ ਦੀ ਫੁੱਟ ਵਿਚ ਸਹਾਇਕ ਹੋਇਆ। ਬੁੱਧ ਧਰਮ ਦੀ ਇਹ ਪਹਿਲੀ ਮਹਾਂਸਭਾ ਰਾਜਗ੍ਰਹਿ ਵਿਖੇ ਕੀਤੀ ਗਈ।

**(2) ਦੂਜੀ ਮਹਾਂਸਭਾ :–** ਬੁੱਧ ਦੇ ਮਹਾਂਪਿਰਨਿਰਵਾਣ ਦੇ ਸੌ (100) ਸਾਲ ਮਗਰੋਂ ਪਾਲੀ ਪ੍ਰੰਪਰਾ ਵਿਚ ਜਾਂ ਤਿੱਬਤੀ ਪ੍ਰੰਪਰਾ ਵਿਚ ਇਕ ਸੌ ਦਸ (110) ਸਾਲ ਬਾਅਦ 434 ਈ. ਪੂ. ਵਿਚ ਬੋਧ ਭਿਕਸ਼ੂਆਂ ਦੀ ਦੂਜੀ ਸੰਗਿਤੀ ਹੋਈ। ਇਹ ਸੰਗਿਤੀ ਵੈਸ਼ਾਲੀ ਨਗਰ ਆਧੁਨਿਕ ਬਸਾਢ ਪਿੰਡ, ਜ਼ਿਲ੍ਹਾ ਮੁਜੱਫਰਨਗਰ, ਬਿਹਾਰ ਵਿਚ ਮਗਧ ਦੇ ਰਾਜੇ ਕਾਲਾਸ਼ੋਕ ਦੇ ਸਮੇਂ ਹੋਈ। ਇਸ ਸਥਿਤੀ ਦੇ ਇਤਿਹਾਸ ਦੇ ਨਾਲ ਦੋ ਵਿਰੋਧੀ ਸੰਪ੍ਰਦਾਇ ਥੇਰਵਾਦ (ਸਥਿਰਵਾਦ) ਅਤੇ ਮਹਾਂਸੰਘਿਕ ਪਰਸਪਰ ਵਿਰੋਧੀ) ਰੂਪ ਵਿਚ ਉਠ ਪਏ। ਇਸ ਸਭਾ ਦੇ ਬੁਲਾਉਣ ਦਾ ਮੁੱਖ ਕਾਰਣ ਇਹ ਸੀ ਕਿ ਵੈਸ਼ਾਲੀ ਦੇ ਕੁਝ ਭਿਕਸ਼ੂਆਂ ਨੇ ਦਸ ਨਵੇਂ ਨਿਯਮਾਂ ਦਾ ਨਿਰਮਾਣ ਕਰ ਲਿਆ ਜਿਨ੍ਹਾਂ ਨੂੰ ਦਸਵੱਥਨੀ (Dasa-Vitthuni) ਕਿਹਾ ਜਾਂਦਾ ਸੀ। ਜਿਵੇਂ ਕਿ

(1) ਵੈਸ਼ਾਲੀ ਦੇ ਭਿਕਸ਼ੂਆਂ ਦਾ ਸਿੰਗਾਂ ਦੇ ਭਾਂਡੇ ਵਿਚ ਲੂਣ ਇਕੱਠਾ ਕਰਨਾ।
(2) ਦੁਪਹਿਰ 12 ਵਜੇ ਤੋਂ ਉਪਰੰਤ ਭੋਜਨ ਖਾਣਾ।
(3) ਇਕੋ ਦਿਨ ਵਿਚ ਦੋ ਵਾਰੀ ਵੱਖ-ਵੱਖ ਪਿੰਡਾਂ ਵਿਚ ਜਾ ਕੇ ਭੋਜਨ ਖਾਣਾ।
(4) ਇਕੋ ਵਿਹਾਰ ਦੀ ਸੀਮਾ ਵਿਚ ਅੱਡ-ਅੱਡ ਵਰਤ ਰੱਖਣਾ।
(5) ਸ਼ਰਾਬ ਦਾ ਸੇਵਣ ਕਰਨਾ।
(6) ਸੋਨਾ, ਚਾਂਦੀ, ਰੁਪਿਆ, ਪੈਸਾ ਇਕੱਠਾ ਕਰਨਾ ਆਦਿਕ।

ਵੈਸ਼ਾਲੀ ਦੇ ਕੁੱਝ ਬਜ਼ੁਰਗ ਭਿਕਸ਼ੂਆਂ ਨੇ ਉਪਰੋਕਤ ਅਨੈਤਿਕ ਨਿਯਮਾਂ ਨੂੰ ਅਵੈਧਾਨਿਕ ਕਰਾਰ ਦਿੱਤਾ ਤੇ ਸੰਘ ਨੇ ਇਨ੍ਹਾ ਬੇ ਨਿਯਮੀਆਂ ਦਾ ਵਿਰੋਧ ਕੀਤਾ। ਵੈਸ਼ਾਲੀ ਦੇ ਵਧੇਰੇ ਭਿਕਸ਼ੂਆਂ ਨੇ ਉਨ੍ਹਾਂ ਨਾਲ ਬੋਲਚਾਲ ਬੰਦ ਕਰ ਦਿੱਤੀ। ਇਸ ਤੋਂ ਮਗਰੋਂ ਯਸ਼ ਕੋਸ਼ਾਮਬੀ (ਅਲਾਹਾਬਾਦ), ਆਵੰਤੀ (ਗਵਾਲੀਅਰ), ਅਹੋਗੰਗਾ (ਪੱਛਮ ਯੂ.ਪੀ.) ਵਿਚ ਗੰਗਾ ਦੇ ਕੰਢੇ ਤੇ ਪੁੱਜੇ ਤੇ ਸਾਰੇ ਭਿਕਸ਼ੂਆਂ ਨੂੰ ਵੈਸ਼ਾਲੀ ਵਿਚ ਸੰਗਿਤੀ ਲਈ ਸੱਦਾ ਪੱਤਰ ਭੇਜਿਆ। ਇਸ ਸੰਗਿਤੀ ਵਿਚ ਸੱਤ ਸੌ (700) ਅਰਹਤਾਂ ਨੇ ਭਾਗ ਲਿਆ। ਕਾਫੀ ਵਾਦ-ਵਿਵਾਦ ਤੋਂ ਉਪਰੰਤ ਅੱਠ (ਚਾਰ ਪੂਰਬੀ ਭਾਰਤ ਤੇ ਚਾਰ ਪੱਛਮੀ ਭਾਰਤ) ਸਥਵਿਰਾਂ ਦੀ ਇਕ ਕਮੇਟੀ ਬਣਾਈ ਗਈ। ਅਰਹਤ ਸਰਵਕਾਮੀ ਨੂੰ ਪ੍ਰਧਾਨ ਤੇ ਭਿਕਸ਼ੂ ਅਜਿੱਤ ਨੂੰ ਪ੍ਰਬੰਧਕ ਚੁਣਿਆ ਗਿਆ। ਕਮੇਟੀ ਨੇ ਵੈਸ਼ਾਲੀ ਦੇ ਭਿਕਸ਼ੂਆਂ ਦੇ ਦਸ ਪ੍ਰਕਾਰ ਦੇ ਆਚਰਣਾਂ ਨੂੰ ਗੈਰ ਕਾਨੂੰਨੀ ਕਰਾਰ ਦਿੱਤਾ। ਪ੍ਰੰਤੂ ਵੈਸ਼ਾਲੀ ਦੇ ਭਿਕਸ਼ੂਆਂ ਨੇ ਇਸ ਫੈਸਲੇ ਨੂੰ ਸਵੀਕਾਰ ਨਾ ਕੀਤਾ ਤੇ ਆਪਣੀ ਇਕ ਵੱਖਰੀ ਵਿਸ਼ਾਲ ਸਭਾ (ਮਹਾਂਸੰਗਿਤੀ) ਬੁਲਾਈ, ਜਿਸ ਵਿਚ ਭਿਖੂ ਤੇ ਉਪਾਸਕ ਦੋਵੇਂ ਸ਼ਾਮਿਲ ਹੋਏ।

ਪਾਲੀ ਗ੍ਰੰਥ ਦੀਪਵੰਸ਼ ਅਨੁਸਾਰ ਇਸ ਸੰਗਿਤੀ ਵਿਚ ਦਸ ਹਜ਼ਾਰ (10000) ਭਿਕਸ਼ੂਆਂ ਨੇ ਭਾਗ ਲਿਆ ਅਤੇ ਇਨ੍ਹਾਂ ਵਿਚੋਂ ਸੱਤ ਸੋ (700) ਸਥਾਵਿਰਾਂ ਨੇ ਪਿਟਕਾ, ਨਿਕਾਯਾਂ, ਅੰਗਾਂ ਤੇ ਧਰਮ ਗ੍ਰੰਥਾਂ ਨੂੰ, ਵੱਖ-ਵੱਖ ਗ੍ਰੰਥਾਂ ਵਿਚ ਨਵੇਂ ਰੂਪ ਵਿਚ ਸੰਪਾਦਿਤ ਕੀਤਾ। ਇੰਝ ਇਸ ਸਥਿਤੀ ਵਿਚ ਬੁੱਧ ਸੰਘ ਦੇ ਸ਼ਾਖਾਵਾਂ (Branches) ਵਿਚ ਵੰਡਿਆ ਗਿਆ। ਅਰਹਤਾਂ ਜਾਂ ਸਥਾਵਿਰਾਂ ਦੀ ਸ਼ਾਖਾ ਨੂੰ ਮਹਾਂ ਸੰਗੀਤਿਕ ਜਾਂ ਮਹਾਂਸੰਘਿਕ ਕਿਹਾ ਜਾਣ ਲੱਗਾ। ਆਚਾਰਯ ਵਸੁਮਿਤਰ ਦੇ ਗ੍ਰੰਥ ਦੀ ਚੀਨੀ ਅਤੇ ਤਿੱਬਤੀ ਅਨੁਵਾਦ ਵਿਚ ਦੂਜੀ ਸੰਗਿਤੀ ਦੇ ਬੁਲਾਉਣ ਦੇ ਕਾਰਣ ਕੁਝ ਭਿੰਨ ਹੀ ਹਨ। ਉਤਰੀ ਪ੍ਰੰਪਰਾ ਦੇ ਅਨੁਸਾਰ ਸੰਗਿਤੀ ਬੁਲਾਉਣ ਦਾ ਕਾਰਣ ਭਿਕਸ਼ੂ ਮਹਾਂਦੇਵ ਦੁਆਰਾ ਪ੍ਰਚੱਲਿਤ ਪੰਜ (5) ਸਿਧਾਂਤ ਸਨ ਜੋ ਅਰਹਤਾਂ ਦੇ ਖਿਲਾਫ ਸਨ। ਮਹਾਂਦੇਵ ਸਖੁਰਾ ਦਾ ਵਸਨੀਕ ਸੀ, ਤੇ ਪਟਨਾ ਦੇ ਕੁੱਕਟਾਰਾਮ ਵਿਹਾਰ ਵਿਚ ਭਿਕਸ਼ੂ ਹੋਇਆ ਕਰਦਾ ਸੀ, ਉਸ ਨੂੰ ਰਾਜੇ ਦਾ ਸਮਰਥਨ ਮਿਲਿਆ ਹੋਇਆ ਸੀ। ਉਸ ਦੇ ਅਨੁਸਾਰ (1) ਕੋਈ ਵੀ ਅਰਹਤ ਪਾਪ ਕਰ ਸਕਦਾ ਹੈ। (2) ਕੋਈ ਅਰਹਤ ਹੋ ਕੇ ਵੀ ਇਸ ਗੱਲ ਤੋਂ ਅਣਜਾਣ ਹੋ ਸਕਦਾ ਹੈ ਕਿ ਅਰਹਤ ਹੈ (3) ਅਰਹਤ ਨੂੰ ਵੀ ਧਰਮ ਦੇ ਵਿਸ਼ੇ ਵਿਚ ਸ਼ੰਸ਼ਾ ਹੋ ਸਕਦੀ ਹੈ ਇਹ ਵਿਚਾਰ ਅਰਹਤਾਂ ਦੇ ਵਿਰੁੱਧ ਸਨ। ਇਹ ਨਿਸ਼ਚਿਤ ਹੈ ਕਿ ਦੂਜੀ ਬੋਧੀ ਸੰਗਿਤੀ ਦੇ ਉਪਰੰਤ ਬੁੱਧ ਧਰਮ ਦੋ ਸੰਪਰਦਾਵਾਂ ਵਿਚ ਵੰਡਿਆ ਗਿਆ ਸੀ।

(1) ਸਥਾਵਿਰਵਾਦ (ਥੇਰਵਾਦ), ਜੋ ਰੂੜੀਵਾਦੀ ਸੀ ਤੇ ਅਰਹਤਾਂ ਦੀ ਹਕੂਮਤ ਦਾ ਸਮਰਥਕ ਸੀ।

(2) ਮਹਾਂਸੰਘਿਕ ਜੋ ਸੁਧਾਰਵਾਦੀ, ਪ੍ਰਗਤੀਵਾਦੀ ਤੇ ਆਮ ਲੋਕਾਂ ਦੇ ਵਧੇਰੇ ਨੇੜੇ ਸੀ। ਅੱਗੇ ਜਾ ਕੇ ਸਮਰਾਟ ਅਸ਼ੋਕ ਦੇ ਰਾਜ ਤੋਂ ਉਪਰੰਤ ਥੇਰਵਾਦ ਤੋਂ ਹੀ ਨਯਾਨ ਤੇ ਮਹਾਂਸੰਘਿਕ ਜਾਂ ਮਹਾਂਯਾਨ ਦੀ ਉਤਪਤੀ ਹੋਈ।

**(3) ਤੀਜੀ ਮਹਾਂਸਭਾ :** ਬੁੱਧ ਧਰਮ ਅਤੇ ਨਿਯਮਾਂ ਦੇ ਵਿਕਾਸ ਲਈ ਤੀਜੀ ਮਹਾਂਸਭਾ 250 ਈ.ਪੂ. ਵਿਚ ਪਾਟਲੀਪੁਤਰ (ਪਟਨਾ) ਵਿਖੇ ਹੋਈ। ਇਸ ਸੰਗਿਤੀ ਵਿਚ ਇਕ ਹਜ਼ਾਰ ਪ੍ਰਧਾਨ ਲੋਕਾਂ ਨੇ ਭਾਗ ਲਿਆ ਤੇ ਨੌ ਮਹੀਨੇ ਤੱਕ ਚਲਦੀ ਰਹੀ। ਇਸ ਮਹਾਂਸਭਾ ਵਿਚ ਬੁੱਧ ਧਰਮ, ਦੇ ਖਾਸ਼ ਸ਼ੁਭ ਚਿੰਤਕ ਸਨ। ਉਨ੍ਹਾਂ ਦੇ ਸਮੇਂ ਸਥਵਿਰ ਮੋਗਲਿਪੁੱਤ ਤਿੱਸ (Moggaliputta Tissa) ਦੀ ਪ੍ਰਧਾਨਗੀ ਹੇਠ ਇਹ ਤੀਜੀ ਬੋਧੀ ਸੰਗਿਤੀ ਹੋਈ, ਇਸ ਸੰਗਿਤੀ ਵਿਚ ਬੋਧ ਸੰਘ ਵਿਚ ਸੁਧਾਰ ਕੀਤਾ ਗਿਆ ਅਤੇ ਥੇਰਵਾਦ ਦੇ ਵਿਰੋਧੀ ਵਿਚਾਰਾਂ ਦਾ ਖੰਡਨ ਹੋਇਆ। 'ਮਹਾਂਵੰਸ' ਤੋਂ ਜਾਣਿਆ ਜਾਂਦਾ ਹੈ ਕਿ ਅਸ਼ੋਕ ਨੇ ਫੁੱਟ ਪਾਉਣ ਵਾਲਿਆਂ ਨੂੰ ਸਜ਼ਾ ਦਿੱਤੀ ਸੀ ਅਤੇ ਅਸ਼ੋਕ ਦੇ ਕੁਤਬਿਆਂ (Inpsciptions) ਵਿਚ ਇਹ ਗਲ ਉਲੀਕੀ ਮਿਲਦੀ ਹੈ। ਪਾਲੀ ਪ੍ਰੰਪਰਾ ਦੇ ਅਨੁਸਾਰ ਇਸ ਸੰਗਿਤੀ ਦੇ ਨਿਰਣੇ ਨੇ ਬੁੱਧ ਧਰਮ ਨੂੰ 'ਵਿਭਜਯਵਾਦ' (ਵਿਸਲੇਸ਼ਨਾਤਮਕ ਬੌਧਿਕ ਦਰਸ਼ਨ) ਦਾ ਨਾਂ ਦਿੱਤਾ ਤੇ ਵਿਰੋਧੀ ਖਿਆਲਾਂ ਵਾਲੇ ਸੱਠ ਹਜ਼ਾਰ (60,000) ਭਿਕਸ਼ੂਆਂ ਨੂੰ ਸੰਘ ਤੋਂ ਕੱਢ ਦਿੱਤਾ ਗਿਆ। ਥੇਰਵਾਦ ਬੁੱਧ ਵਿਭਜਯਵਾਦੀ ਸਨ, ਇੰਝ ਲਗਦਾ ਹੈ ਕਿ ਤੀਜੀ ਬੋਧ ਸੰਗਿਤੀ ਸਿਰਫ ਥੇਰਵਾਦ ਦੀ ਸਭਾ ਸੀ ਅਤੇ ਦੂਜੀਆ ਬੋਧੀ ਸੰਪ੍ਰਦਾਵਾਂ ਸਰਵਾਸਤੀਵਾਦੀਆਂ ਤੇ ਮਹਾਂਸੰਘਿਕਾਂ ਨੂੰ ਇਸ ਸਭਾ 'ਚੋਂ ਕੱਢ ਦਿੱਤਾ ਗਿਆ ਸੀ। ਮੋਗਲਿਪੁੱਤ ਤਿੱਸ ਨੇ ਪਾਲੀ ਵਿਚ 'ਕਥਾਵਰਥਾ ਨਾਂ ਦਾ ਗ੍ਰੰਥ ਲਿਖਿਆ ਜਿਸ ਵਿਚ 'ਥੇਰਵਾਦ' ਤੋਂ ਇਲਾਵਾ ਦੂਜੀਆਂ ਬੁੱਧ ਧਰਮ ਦੀਆਂ ਸ਼ਾਖਾਵਾਂ ਦੀ ਅਲੋਚਨਾ ਕੀਤੀ ਗਈ, ਇਸ ਗ੍ਰੰਥ ਵਿਚ 253 ਮਤਾਂ ਦਾ ਜ਼ਿਕਰ ਹੈ, ਇਹ ਗ੍ਰੰਥ ਅਭਿਧਮਪਿਟਕ ਵਿਚ ਸ਼ਾਮਿਲ ਹੈ। ਤੀਜੀ ਸੰਗਿਤੀ ਦੇ ਸਮੇਂ ਪਾਲੀ ਦੇ ਤਿੰਨ ਪਿਟਕ (ਤ੍ਰਿਪਿਟਕ) ਵਿਨਯ, ਸੁੱਤ, ਤੇ ਅਭਿਧਮ ਸੰਕਲਿਤ ਕਰ ਲਏ ਗਏ ਸਨ। ਪ੍ਰੰਤੂ ਪਾਲੀ ਤ੍ਰਿਪਿਟਕ ਵਿਚ ਸਿਰਫ 'ਥੇਰਵਾਦ' ਦਾ ਸਾਹਿਤ ਹੈ। ਦੂਜੀਆਂ ਪ੍ਰਾਚੀਨ ਬੋਧੀ ਸੰਪ੍ਰਦਾਵਾਂ ਦਾ ਮੌਲਿਕ ਸਾਹਿਤ ਵੀ ਅਸ਼ੋਕ ਦੇ ਸਮੇਂ ਤੋਂ ਪਹਿਲਾਂ ਹੀ ਸੰਕਲਿਤ ਕਰ ਲਿਆ ਗਿਆ ਸੀ।

**(4) ਚੌਥੀ ਮਹਾਂਸਭਾ :** ਬੁੱਧ ਧਰਮ ਦੀ ਚੌਥੀ ਸਭਾ ਕਨਿਸ਼ਕ ਦੇ ਸਮੇਂ ਈਸਾ ਦੀ ਪਹਿਲੀ ਸਦੀ ਵਿਚ ਬੁਲਾਈ ਗਈ, ਇਸ ਸੰਗਿਤੀ ਦਾ ਬਿਆਨ ਪਾਲੀ ਗ੍ਰੰਥਾਂ ਵਿਚ ਨਹੀਂ ਮਿਲਦਾ। ਇਸ ਸਭਾ ਦਾ ਇਤਿਹਾਸ ਸੰਸਕ੍ਰਿਤੀ ਬੋਧੀ ਗ੍ਰੰਥਾਂ ਤੇ ਚੀਨੀ ਅਤੇ ਤਿੱਬਤੀ ਬੋਧੀ ਗ੍ਰੰਥਾਂ ਵਿਚ ਮਿਲਦਾ ਹੈ। ਕੁੱਝ ਪ੍ਰਮਾਣਾਂ ਦੇ ਅਨੁਸਾਰ ਇਹ ਸੰਗਿਤੀ ਸ੍ਰੀਨਗਰ, ਕੁਝ ਦੇ ਅਨੁਸਾਰ ਪੇਸ਼ਾਵਰ, ਕੁਝ ਦੇ ਅਨੁਸਾਰ ਜਲੰਧਰ ਵਿਖੇ ਹੋਈ ਸੀ। ਸਮਰਾਟ ਕਨਿਸ਼ਕ ਅਸ਼ੋਕ ਤੋਂ ਉਪਰੰਤ ਬੁੱਧ ਧਰਮ ਦਾ ਸਮਰਥਕ ਤੇ ਬੜਾ ਤੇਜਸਵੀ ਰਾਜਾ ਸੀ। ਉਸ ਦੇ ਸਮੇਂ ਬੁੱਧ ਧਰਮ ਮੱਧ ਏਸ਼ੀਆ ਤੇ ਚੀਨ ਵਿਚ ਫੈਲਿਆ ਸੀ। ਤਿੱਬਤੀ ਪ੍ਰੰਪਰਾ ਦੇ ਅਨੁਸਾਰ ਇਨ੍ਹਾਂ ਸਾਰੀਆਂ ਪੁਰਾਣੀਆਂ ਸੰਪ੍ਰਦਾਵਾਂ ਨੂੰ ਸਤਿਕਾਰ ਪ੍ਰਾਪਤ ਸੀ। ਚੀਨੀ ਯਾਤਰੀ ਸ਼ਵਾਨਚਵਾਂਗ ਦੇ ਅਨੁਸਾਰ ਇਸ ਸੰਗਿਤੀ ਦੀ ਪ੍ਰਧਾਨਗੀ ਆਚਾਰਯ ਵਸ਼ੁਮਿੱਤਰ ਨੇ ਕੀਤੀ ਸੀ ਜੋ ਅਰਹਤ ਪਦ ਲਈ ਨਹੀਂ ਪ੍ਰੰਤੂ ਬੁੱਧ ਪਦ ਲਈ ਯਤਨਸ਼ੀਲ ਸੀ। ਇਸ ਸੰਗਿਤੀ ਵਿਚ ਵਿਚਾਰ-ਵਟਾਂਦਰਾ ਕਰਨ ਵਾਲੇ ਅਰਹਤ, ਬੋਧੀਸਤਵ ਤੇ ਭਿਖੂ ਸਾਰੀਆਂ ਸ਼ਾਖਾਵਾਂ ਦੇ ਵਿਅਕਤੀ ਸਨ। ਇਸ ਸੰਗਿਤੀ ਤੋਂ ਕੁੱਝ ਪਹ੍ਲੇ ਪੂਰਵ ਮਹਾਂਯਾਨ ਬੁੱਧ ਧਰਮ ਦਾ ਵਿਕਾਸ ਹੋ ਚੁਕਿਆ ਸੀ। ਗੰਧਾਰ ਪ੍ਰਦੇਸ਼ ਵਿਚ ਮਹਾਂਸੰਸਘਿਕ ਤੇ ਸਰਵਾਸਤੀਵਾਦੀਆਂ ਦੇ ਵਿਚਾਰਾਂ ਦੇ ਉਲੇਖ ਇਕ ਸੌ ਈ.ਪੂ. (100 ਬੀ.ਸੀ.) ਤੋਂ ਪਹਿਲੀ ਸ਼ਤਾਬਦੀ (100 ਈ.) ਦੇ ਵਿਚਕਾਰ ਪ੍ਰਾਪਤ ਖਰੋਸਨੀ ਅਭਿਲੇਖਾਂ ਵਿਚ ਹਨ।

ਇਹ ਅਨੁਮਾਨ ਹੈ ਕਿ ਪਾਰਸ਼ਵ, ਅਸ਼ਵਘੋਸ਼, ਅਚਾਰਯ ਨਾਗਾਰਜੁਨ ਆਦਿਕ ਵੀ ਇਸ ਸੰਗਿਤੀ ਵਿਚ ਸ਼ਾਮਿਲ ਹੋਏ ਸਨ। ਕੁੱਝ ਵਿਦਵਾਨਾਂ ਦਾ ਵਿਚਾਰ ਹੈ ਕਿ ਚੋਥੀ ਸੰਗਿਤੀ ਵਿਚ ਸਰਵਾਸਤੀਵਾਦੀਆਂ: ਦਾ ਸਮਾਗਮ ਹੋਇਆ ਸੀ। ਇਹ ਸਹੀ ਨਹੀਂ ਹੈ, ਕਿਉਂਕਿ ਇਸ ਸੰਗਿਤੀ ਦਾ ਸਾਰਾ ਕਾਰਜ ਸੰਸਕ੍ਰਿਤ ਭਾਸ਼ਾ ਵਿਚ ਹੋਇਆ ਤੇ ਸੰਸਕ੍ਰਿਤ ਤ੍ਰਿਪਿਟਕ ਅਤੇ ਵਿਸਤ੍ਰਿਤ ਟੀਕਾਵਾਂ ਲਿਖੀਆਂ ਗਈਆਂ। ਇਕ ਪ੍ਰਮਾਣ ਦੇ ਅਨੁਸਾਰ ਇਹ ਭਾਸ਼ਯ ਤਾਂਬੇ ਦੀਆਂ ਪਲੇਟਾਂ ਤੇ ਉਲੀਕ ਕੇ ਪੱਥਰਾਂ ਦੇ ਸੰਦੂਕਾਂ ਵਿਚ ਸਾਂਭ ਕੇ, ਇਕ ਵਿਸ਼ਾਲ ਸਤੂਪ ਦੇ ਅੰਦਰ ਸਰੁੱਖਿਅਤ ਰੱਖੇ ਗਏ। ਇਹ ਸਮੱਗਰੀ ਖੁਦਾਈ ਵਿਚ ਨਹੀਂ ਮਿਲੀ ਹੈ। ਉਤਰ ਪੱਛਮੀ ਭਾਰਤ (ਸਿੰਧ, ਪੰਜਾਬ, ਕਸ਼ਮੀਰ, ਅਫਗਾਨਿਸਤਾਨ) ਵਿਚ ਸੰਸਕ੍ਰਿਤ ਬੋਧੀ ਸਾਹਿਤ ਤੇ ਪ੍ਰਾਕ੍ਰਿਤ ਬੋਧੀ ਸਾਹਿਤ ਦਾ ਬਹੁਤ ਅਧਿਕ ਵਿਕਾਸ ਹੋਇਆ ਹੈ।

ਇਸ ਤਰ੍ਹਾਂ ਇਨਾਂ ਸਭਾਵਾਂ ਵਿਚ ਭਾਵੇਂ ਬਹੁਤ ਸਾਰੇ ਮੱਤਭੇਦ ਵੀ ਉਭਰ ਕੇ ਸਾਹਮਣੇ ਆਏ ਹਨ ਪਰ ਫਿਰ ਵੀ ਇਹ ਮਹਾਂਸਭਾਵਾਂ ਬੁੱਧ ਧਰਮ ਦੇ ਗ੍ਰੰਥਾਂ ਨੂੰ ਇਕੱਲਾ ਕਰਨ ਅਤੇ ਬੁੱਧ ਧਰਮ ਦੇ ਪ੍ਰਸਾਰ ਲਈ ਬਹੁਤ ਹੀ ਉਪਯੋਗੀ ਅਤੇ ਮੀਲ-ਪੱਥਰ ਸਾਬਿਤ ਹੋਈਆਂ ਹਨ। ਇਸੇ ਤਰ੍ਹਾਂ ਹੀ ਬੁੱਧ ਧਰਮ ਦੇ ਦਾਰਸ਼ਨਿਕ ਸਕੂਲਾਂ ਦੀ ਗਿਣਤੀ ਪਿੱਛੇ ਨਾ ਜਾਂਦੇ ਹੋਏ ਕੇਵਲ ਪ੍ਰਚਲਿਤ ਅਤੇ ਮਹੱਤਵਪੂਰਨ ਸਕੂਲਾਂ ਰਾਹੀਂ ਇਹ ਜਾਨਣ ਦੀ ਕੋਸ਼ਿਸ਼ ਕੀਤੀ ਜਾਵੇਗੀ ਕਿ ਕਿਵੇਂ ਇਨ੍ਹਾਂ ਸਕੂਲਾਂ ਨੇ ਬੁੱਧ ਧਰਮ ਦੀਆਂ ਸਿਖਿਆਵਾਂ ਨੂੰ ਬੁਲੰਦੀਆਂ ਦੀ ਸਿਖਰ ਤੇ ਪਹੁੰਚਾਇਆ। ਇਨ੍ਹਾਂ ਸਕੂਲਾਂ ਰਾਹੀਂ ਹੀ ਬੁੱਧ ਧਰਮ ਦੇ ਦਰਸ਼ਨ ਦਾ ਵਿਕਾਸ ਸੰਭਵ ਹੋਇਆ ਹੈ।

**(1) ਸ਼ੂਨਯਵਾਦ :** ਸ਼ੂਨਯਵਾਦ ਦਾ ਦੂਜਾ ਨਾ ਅਧਿਆਤਮਿਕ ਸਿਧਾਂਤ ਹੈ। ਕਿਸੇ ਵੀ ਗਿਆਨ ਦੀ ਸਭ ਤੋਂ ਉੱਚੀ ਅਵਸਥਾ ਨੂੰ ਉਤਮ ਅਵਸਥਾ ਕਿਹਾ ਜਾਂਦਾ ਹੈ ਅਤੇ ਉਸ ਦੀ ਸਭ ਤੋਂ ਨੀਵੀਂ ਅਵਸਥਾ ਨੂੰ ਅਧਮ ਅਵਸਥਾ ਕਿਹਾ ਜਾਂਦਾ ਹੈ,

ਨਾ ਉਚੀ ਅਤੇ ਨਾ ਨੀਵੀਂ ਅਵਸਥਾ ਨੂੰ ਮੱਧ ਅਵਸਥਾ ਕਿਹਾ ਜਾਂਦਾ ਹੈ। ਮਹਾਤਮਾ ਬੁੱਧ ਦੇ ਅਨੁਸਾਰ ਸੰਸਾਰ ਇਕ ਸਦਾ ਵਗਦਾ ਸਮੁੱਚਾ ਪ੍ਰਵਾਹ ਹੈ, ਜਿਸ ਦਾ ਕੋਈ ਵੀ ਕਿਨਾਰਾ ਸਾਡੇ ਅਨੁਭਵ ਦੇ ਸਪਰਸ਼ ਵਿਚ ਕਦੇ ਵੀ ਨਹੀਂ ਆਉਂਦਾ। ਇਸ ਲਈ ਮਨੁੱਖੀ ਭਾਵਨਾ ਦੇ ਮੱਧਮ ਵਿਚ ਰਹਿਣਾ ਹੀ ਠੀਕ ਹੈ। 'ਸੁਨਿਅਤਾ' ਦੀ ਅਵਧਾਰਨਾ ਦੀ ਸਹਾਇਤਾ ਨਾਲ ਮਾਧਿਅਮਿਕ ਦਰਸ਼ਨਾਂ ਦੇ ਪ੍ਰਸਿੱਧ ਆਚਾਰੀਆਂ ਨਾਗਾਰਜੁਨ ਨੇ ਇਸ ਦਰਸ਼ਨ ਦੀ ਅਦੁੱਤੀ ਵਿਆਖਿਆ ਕਰਕੇ ਉਸ ਨੂੰ ਇਕ ਨਵਾਂ ਨਾਮ ਸੂਨਯਵਾਦ ਹੀ ਪ੍ਰਦਾਨ ਨਹੀਂ ਕੀਤਾ, ਸਗੋਂ ਭਾਰਤੀ ਦਰਸ਼ਨ ਵਿਚ ਇਕ ਅਦਵੈਤਵਾਦੀ ਧਾਰਾ ਦਾ ਮੁੱਢ ਬੰਨਿਆ ਹੈ। 'ਸ਼ੂਨਯ' ਤੋਂ ਭਾਵ ਹੈ, ਉਹ ਤੱਤ ਜਿਸ ਨੂੰ ਨਾ ਸਤ, ਨਾ ਅਸਤ, ਨਾ ਸਤ ਤੇ ਅਸਤ ਦੋਵੇਂ ਅਤੇ ਨਾ ਹੀ ਸਤ ਤੇ ਅਸਤ ਤੋਂ ਵੱਖਰਾ ਆਖਿਆ ਜਾ ਸਕਦਾ ਹੈ। ਆਪਣੇ ਸਰਵ-ਸੁਨਿਅਤਾ ਦੇ ਸਿਧਾਂਤ ਅਨੁਸਾਰ ਆਚਾਰੀਆਂ ਨਾਗਾਰਜੁਨ ਬੁੱਧ ਧਰਮ ਦੇ ਸੰਘ ਨੂੰ ਵੀ ਸ਼ੂਨਯ ਮੰਨਦੇ ਹਨ, ਅਤੇ ਉਹ ਸ਼ੁਨਿਅਤਾ ਦੀ ਆਪਣੇ ਤੌਰ ਤੇ ਘੋਸ਼ਣਾ ਕਰਦੇ ਹੋਏ ਵੀ ਨਹੀਂ ਹਿਚਕਦੇ। ਸੰਸਾਰ ਦੇ ਨਿਰਵਾਣ ਦੀਆਂ ਹੱਦਾਂ ਨੂੰ ਨਕਾਰਦੇ ਹੋਏ, ਉਹ ਤੱਥਤਾ ਦੀ ਗੱਲ ਨੂੰ ਦਸਦੇ ਹਨ, ਜਿਹੜੀ 'ਹੈ' ਅਤੇ 'ਨਹੀਂ' ਆਦਿ ਸਾਰੇ ਸ਼ਬਦਾਂ ਦੀ ਕੈਦ ਤੋਂ ਪਰੇ ਸਿੱਧਾਂ ਦਾ ਅਨੁਭਵ ਹੋਵੇ। ਸ਼ੂਨਯਵਾਦ ਦਾ ਮੂਲ ਆਧਾਰ ਤਰਕ ਹੈ ਜਿਹੜਾ ਬਾਕੀ ਸਾਰੇ ਤਰਕਾਂ ਨੂੰ ਅਸਿੱਧ ਕਰ ਦਿੰਦਾ ਹੈ, ਅਤੇ ਆਪਣੀ ਚਰਮ ਸੀਮਾਂ ਤੇ ਪਹੁੰਚ ਕੇ ਸੁਨਿਅਤਾ ਦਾ ਰੂਪ ਧਾਰਨ ਕਰ ਲੈਂਦਾ ਹੈ। ਬੁੱਧ ਮੱਤ ਵਿਚ ਚਾਰ ਭਾਵਨਾਵਾਂ ਦਾ ਉਪਦੇਸ਼ ਦਿੱਤਾ ਜਾਂਦਾ ਹੈ, ਜਿਨ੍ਹਾਂ ਅਨੁਸਾਰ ਸਭ ਕੁੱਝ ਛਖਿਣ ਹੈ, ਸਭ ਦੁੱਖ ਹੀ ਦੁੱਖ ਹੈ, ਸਭ ਕੁੱਝ ਸਵੈਲੱਛਣ ਹੈ ਅਤੇ ਸਭ ਕੁਝ ਸ਼ੂਨਯ ਹੈ। ਮਨੁੱਖੀ ਗਿਆਨ ਦੀਆਂ ਇਨ੍ਹਾਂ ਸਾਰੀਆਂ ਅਵਸਥਾਵਾਂ ਬਾਰੇ ਦੱਸ ਕੇ ਨਾਗਾਰਜੁਨ ਨੇ ਬੁੱਧ ਧਰਮ ਦੇ ਮੱਧ ਦੇ ਸਿਧਾਂਤ ਨੂੰ ਲੋਕਾਂ ਤੱਕ ਪਹੁੰਚਾਇਆ ਹੈ।

**(2) ਵਿਗਿਆਨਵਾਦ :** ਵਿਗਿਆਨਵਾਦ ਬੋਧਾਂ ਦਾ ਯੋਗਾਚਾਰ ਸਕੂਲ ਦਾ ਸਿਧਾਂਤ ਹੈ। ਇਸ ਸਿਧਾਂਤ ਅਨੁਸਾਰ ਮਹਾਤਮਾ ਬੁੱਧ ਦਾ ਦੱਸਿਆ ਹੋਇਆ ਵਿਗਿਆਨ-ਸਕੰਧ ਹੀਜਗਤ ਦੀ ਸਾਰੀ ਸੱਚਾਈ ਦੀ ਪ੍ਰਤੀਨਿਧਤਾ ਕਰਦਾ ਹੈ। ਪ੍ਰਮਾਣ, ਪ੍ਰਮੇ ਯ ਆਦਿ ਸਾਰੇ ਵਿਵਹਾਰ ਦਾ ਆਧਾਰ ਵਿਗਿਆਨ ਹੈ, ਕਿਉਂਕਿ ਬਾਹਰ ਦੇ ਸਾਰੇ ਪਦਾਰਥ ਜਦ ਤੱਕ ਵਿਗਿਆਨ ਦਾ ਵਿਸ਼ਾ ਨਹੀਂ ਬਣਦੇ ਤੱਦ ਤੱਕ ਉਨ੍ਹਾਂ ਦੀ ਹੋਂਦ ਦਾ ਗਿਆਨ ਨਹੀਂ ਹੋ ਸਕਦਾ। ਵਿਗਿਆਨਵਾਦੀਆਂ ਦਾ ਕਹਿਣਾ ਹੈ ਕਿ ਬਾਹਰ ਦਾ ਸਾਰਾ ਵਿਵਹਾਰ ਵਿਗਿਆਨ ਨਾਲ ਵੀ ਸੰਬੰਧਿਤ ਹੋਵੇ, ਇਸ ਲਈ ਵਿਗਿਆਨ ਦੀ ਹੋਂਦ ਤੋਂ ਵੱਖਰੀ ਵਿਵਹਾਰ ਨਾਲ ਸੰਬੰਧਿਤ ਪਦਾਰਥਾਂ ਦੀ ਹੋਂਦ ਨਹੀਂ ਮੰਨੀ ਜਾ ਸਕਦੀ। ਜਿਵੇਂ ਪ੍ਰਿਥਵੀ ਆਦਿ ਤੱਤਾਂ ਦੇ ਪ੍ਰਮਾਣੂਆਂ ਦਾ ਸਾਨੂੰ ਕੋਈ ਸੁਤੰਤਰ ਗਿਆਨ ਨਹੀਂ ਹੁੰਦਾ, ਕਿਉਂਕਿ ਉਨ੍ਹਾਂ ਦਾ ਸਮੂਹ ਵੀ ਸਥੂਲ ਪਦਾਰਥਾਂ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ, ਅਤੇ ਸਥੂਲ ਪਦਾਰਥਾਂ ਦਾ ਗਿਅਨ ਉਨ੍ਹਾਂ ਦੇ ਵਿਚਾਰਾਂ ਦਾ ਹੀ ਰੂਪ ਹੁੰਦਾ ਹੈ।

ਜਦ ਤੱਕ ਕਿਸੇ ਪਦਾਰਥ ਦਾ ਵਿਚਾਰ ਬੁੱਧੀ ਵਿਚ ਨਹੀਂ ਆਉਂਦਾ, ਤਦ ਤੱਕ ਉਸ ਪਦਾਰਥ ਦੀ ਹੋਂਦ ਸਿੱਧ ਨਹੀਂ ਹੋ ਸਕਦੀ। ਇਸ ਦਾ ਭਾਵ ਇਹ ਹੈ ਕਿ ਹਰੇਕ ਪਦਾਰਥ ਦੀ ਹੋਂਦ ਦਾ ਮੂਲ ਸਰੋਤ ਉਸ ਦਾ ਵਿਚਾਰ ਜਾਂ ਉਸ ਦਾ ਗਿਆਨ ਹੀ ਹੁੰਦਾ ਹੈ, ਜਿਵੇਂ ਖੰਭ, ਕੰਧ, ਘੜੇ ਅਤੇ ਕੱਪੜੇ ਦਾ ਗਿਆਨ ਆਦਿ। ਗਿਆਨ ਦੇ ਭੇਤ ਵੱਖਰੇ-ਵੱਖਰੇ ਨਹੀਂ ਜਾਣੇ ਜਾ ਸਕਦੇ, ਕਿਉਂਕਿ ਗਿਆਨ ਹੀ ਵਸਤੂਆਂ ਦਾ ਰੂਪ ਧਾਰਨ ਕਰ ਲੈਂਦਾ ਹੈ, ਤਾਂ ਵਸਤੂਆਂ ਦੀ ਸੁਤੰਤਰ ਹੋਂਦ ਨਹੀਂ ਮੰਨੀ ਜਾ ਸਕਦੀ। ਇਸ ਤਰ੍ਹਾਂ ਜੇ ਵਸਤੂ ਅਤੇ ਉਸ ਦੇ ਗਿਆਨ ਦੀ ਪ੍ਰਾਪਤੀ ਇਕੱਠੇ ਹੀ ਹੁੰਦੇ ਹਨ, ਤਾਂ ਦੋਹਾਂ ਦੀ ਹੋਂਦ ਵਿਚ ਅਭੇਦ ਦੀ ਭਾਵਨਾ ਆ ਜਾਂਦੀ ਹੈ, ਕਿਉਂਕਿ ਇਕ ਤੋਂ ਬਿਨ੍ਹਾਂ ਦੂਜੇ ਦੀ ਪ੍ਰਾਪਤੀ ਹੋ ਹੀ ਨਹੀਂ ਸਕਦੀ। ਵਿਗਿਆਨਵਾਦੀਆਂ ਨੇ ਹਰ ਚੀਜ਼ ਨੂੰ ਵਿਗਿਆਨ ਨਾਲ ਜੋੜ ਕੇ ਦੱਸਿਆ ਹੈ ਜੋ ਕਿ ਆਧੁਨਿਕ ਕਾਲ ਦਾ ਮਹੱਤਵਪੂਰਨ ਵਿਸ਼ਾ ਵੀ ਹੈ।

**(3) ਸੌਤਰਾਂਤਿਕ :-** ਬੁੱਧਮਤ ਦੀ ਇਸ ਪ੍ਰਨਾਲੀ ਨੇ ਯਥਾਰਥਵਾਦ (ਸਰਵਾਸਤੀਵਾਦ) ਰਾਹੀਂ ਬੁੱਧ ਧਰਮ ਦੀਆਂ ਸਿਖਿਆਵਾਂ ਦਾ ਅਧਿਐਨ ਕਰਕੇ ਆਪਣਾ ਯੋਗਦਾਨ ਪਾਇਆ। ਇਹ ਸਕੂਲ 'ਸੁਤਰਾ' ਜਾਂ ਸੂਤ੍ਰਾਤ ਨੂੰ ਪ੍ਰਮਾਣ ਮੰਨਦਾ ਹੈ। ਇਸ ਲਈ ਇਸ ਦਾ ਨਾਂ ਸੌਤ੍ਰਾਂਤਿਕ ਪੈ ਗਿਆ। ਸੌਤ੍ਰਾਂਤਿਕ ਪ੍ਰਣਾਲੀ ਨੇ ਗਿਆਨ-ਮੀਮਾਂਸਾ ਦੇ ਖੇਤਰ ਰਾਹੀਂ ਬੁੱਧ ਧਰਮ ਦੇ ਵਿਕਾਸ ਵਿਚ ਹਿੱਸਾ ਪਇਆ ਹੈ। ਸੌਤ੍ਰਾਤਿਕ ਇਹ ਸਿੱਧ ਕਰਦੇ ਹਨ ਕਿ ਵਸਤੂਆਂ ਨੂੰ ਕੇਵਲ ਅਪ੍ਰਤਖ ਰੂਪ ਨਾਲ ਹੀ ਜਾਣਦੇ ਹਾਂ। ਇਸ ਦਲੀਲ ਨੂੰ ਉਹ ਦੋ ਆਧਾਰਾਂ ਤੇ ਸਿੱਧ ਕਰਦੇ ਹਨ। ਇਕ ਤਾਂ ਉਹ ਇਹ ਕਹਿੰਦੇ ਹਨ ਕਿ ਖਿਣਿਕਵਾਦ ਅਨੁਸਾਰ ਸਾਰੀਆਂ ਵਸਤੂਆਂ ਉਸ ਪਲ ਨਹੀਂ ਰਹਿ ਸਕਦੀਆਂ ਜਦੋਂ ਅਸੀਂ ਉਨ੍ਹਾਂ ਨੂੰ ਵੇਖਦੇ ਹਾਂ। ਜੇਕਰ ਵਸਤੂਆਂ ਦਾ ਸਿੱਧਾ ਸਾਖਿਆਤਕਾਰ ਕਰਦੇ ਹੁੰਦੇ ਤਾਂ ਉਨ੍ਹਾਂ ਨੂੰ ਘੱਟੋ-ਘੱਟ ਦੋ ਪਲਾਂ ਵਾਸਤੇ ਅਵੱਸ਼ ਸਥਿਰ ਰਹਿਣਾ ਪੈਂਦਾ। ਇਸ ਗੱਲ ਦੀ ਵਿਆਖਿਆ ਇੰਞ ਕੀਤੀ ਜਾ ਸਕਦੀ ਹੈ ਕਿ ਆਕਾਸ਼ ਵਿਚ ਦੂਰ ਸਥਿਤ ਸੂਰਜ ਪ੍ਰਕਾਸ਼ ਦੀਆਂ ਕਿਰਣਾਂ ਭੇਜਦਾ ਹੈ ਜਿਸ ਨੂੰ ਸਾਡੇ ਤੱਕ ਪਹੁੰਚਣ ਲਈ ਨੌ ਮਿੰਟ ਲੱਗ ਜਾਂਦੇ ਹਨ ਅਤੇ ਇਸ ਸਮੇਂ ਜਿਹੜਾ ਸੂਰਜ ਅਸੀਂ ਵੇਖਦੇ ਹਾਂ ਉਹ ਨੌ ਮਿੰਟ ਪਹਿਲਾਂ ਸੀ। ਇਸ ਤੋਂ ਸੌਤ੍ਰਾਂਤਿਕ ਇਹ ਸਿੱਟਾ ਕੱਢਦੇ

ਹਨ ਕਿ ਹਰੇਕ ਵਸਤੂ ਸਾਡੇ ਮਨ ਉੱਤੇ ਇਕ ਬਿੰਬ ਜਾਂ ਮਾਨਸਿਕ ਚਿਤਰ ਛੱਡ ਜਾਂਦੀ ਹੈ, ਜਿਸ ਤੋਂ ਅਸੀਂ ਉਸ ਦਾ ਬਾਅਦ ਵਿਚ ਗਿਆਨ ਪ੍ਰਾਪਤ ਕਰਦੇ ਹਾਂ।

ਸੌਤ੍ਰਾਂਤਿਕ ਦੀ ਦੂਜੀ ਦਲੀਲ ਇਹ ਹੈ ਕਿ ਵਸਤੂਆਂ ਨੂੰ ਪੂਰਨ ਰੂਪ ਵਿਚ ਜਾਨਣਾ ਅਸੰਭਵ ਹੈ ਅਤੇ ਇਨ੍ਹਾਂ ਸਬੰਧੀ ਗਿਆਨ ਸਾਡੇ ਅਨੁਮਾਨ ਤੇ ਨਿਰਭਰ ਕਰਦਾ ਹੈ। ਸ਼ੁੱਧ ਸਾਖਿਆਤਕਾਰ ਅਰਥਾਤ ਨਿਰਵਿਕਲਪ ਗਿਆਨ ਅਸੰਭਵ ਹੈ ਕਿਉਂਕਿ ਮਨ ਵਿਚ ਆਕਾਰਾਂ (ਰੂਪਾਂ) ਦੀ ਉਤਪਤੀ ਅਤੇ ਨਾਸ ਹੁੰਦਾ ਹੀ ਰਹਿੰਦਾ ਹੈ। ਇਹ ਆਕਾਰ ਚਿਤ ਦੇ ਆਪਣੇ ਰੂਪ ਨਹੀਂ ਹਨ ਇਹ ਬਾਹਰੀ ਜੱਗ ਦੀਆਂ ਵਸਤੂਆਂ ਦੇ ਆਕਾਰ ਹਨ। ਇਹ ਛਿਣਭੰਗਵਾਦ (Momentriness) ਨੂੰ ਸਵੀਕਾਰ ਕਰਦੇ ਹਨ।

**(4) ਵੈਭਾਸ਼ਿਕ :–** ਵੈਭਾਸ਼ਿਕ ਮੱਤ ਅਨੁਸਾਰ ਇਸ ਜੱਗ ਦਾ ਇੰਦ੍ਰੀਆਂ ਤੋਂ ਅਨੁਭਵ ਹੁੰਦਾ ਹੈ। ਉਸ ਦੀ ਬਾਹਰਮੁਖੀ ਹੋਂਦ ਹੈ। ਇਸ ਜੱਗ ਦਾ ਗਿਆਨ ਕਦੀ-ਕਦੀ ਪ੍ਰਤੱਖ ਅਤੇ ਕਦੀ-ਕਦੀ ਅਨੁਮਾਨ ਤੋਂ ਪ੍ਰਾਪਤ ਹੁੰਦਾ ਹੈ। ਇਸ ਦੀ ਹੋਂਦ (ਅਸਤਿਤਵ) ਚਿੱਤ ਨਿਰਪੇਖ ਹੈ, ਇਸ ਦੇ ਨਾਲ ਮਨੁੱਖ ਦੇ ਅੰਦਰ ਚਿੱਤ ਅਤੇ ਉਸ ਦੇ ਗੁਣਾਂ ਦੀ ਵੀ ਸੁਤੰਤਰ ਹੋਂਦ ਹੈ। ਅਰਥਾਤ ਜੱਗ ਅਤੇ ਚਿੱਤ ਰੂਪ ਦੋਵਾਂ ਦੀ ਹੋਂਦ ਸੁਤੰਤਰ ਰੂਪ ਵਿਚ ਹੈ। ਇਹ ਹੋਂਦ ਹਰ ਪਲ ਬਦਲਦੀ ਰਹਿੰਦੀ ਹੈ ਅਰਥਾਤ ਵੈਭਾਸ਼ਿਕ ਮੌਤ ਛਿਣਭੰਗਵਾਦ (Momentriness) ਨੂੰ ਸਵੀਕਾਰ ਕਰਦਾ ਹੈ।

ਵੈਭਾਸ਼ਿਕ ਸ਼ਬਦ 'ਵਿਭਾਸ਼ਾ' ਤੋਂ ਨਿਕਲਿਆ ਜਿਸ ਦਾ ਅਰਥ ਹੈ 'ਟੀਕਾ'। ਹੁਣ ਕਿਉਂਕਿ ਇਹ ਪ੍ਰਣਾਲੀ 'ਅਭਿਧਮ' ਦੀ ਵਿਭਾਸ਼ਾ (ਟੀਕਾ) ਨੂੰ ਮੰਨਦੇ ਹਨ, ਇਸ ਲਈ ਇਨ੍ਹਾਂ ਨੂੰ ਵੈਭਾਸ਼ਿਕ ਕਹਿੰਦੇ ਹਨ। ਇਹ ਪ੍ਰਣਾਲੀ ਸਥਾਵਿਰਵਾਦ (ਥੇਰਵਾਦ) ਦੇ ਅੰਤਰਗਤ ਸਰਵਾਸਤੀਵਾਦ ਦੀ ਹੀ ਇਕ ਸ਼ਾਖਾ ਹੈ। ਇਸ ਅਨੁਸਾਰ ਜਗਤ ਦੀਆਂ ਸਾਰੀਆਂ ਵਸਤੂਆਂ ਦੀ ਹੋਂਦ ਹੈ ਜਿਹੜੀ ਉਨ੍ਹਾਂ ਦੇ ਮਾਨਸਿਕ ਗਿਆਨ ਉਤੇ ਨਿਰਭਰ ਨਹੀਂ ਹੈ। ਇਸ ਲਈ ਇਹ ਵੀ ਯਥਾਰਥਵਾਦੀ ਸਿਧਾਂਤ ਹੈ।

ਇਨ੍ਹਾਂ ਚਾਰੇ ਸਕੂਲਾਂ ਨੇ ਆਪਣੀ-ਆਪਣੀ ਗਿਆਨ ਦੀ ਪ੍ਰਣਾਲੀ ਰਾਹੀਂ ਬੁੱਧ ਧਰਮ ਦੇ ਸਿਧਾਂਤ ਨੂੰ ਅਪਣਾਇਆ ਅਤੇ ਉਨ੍ਹਾਂ ਦਾ ਵਿਕਾਸ ਕੀਤਾ। ਇਨ੍ਹਾਂ ਵਿਚੋਂ ਪਹਿਲੇ ਦੋ ਸਕੂਲ ਸ਼ੂਨਯਵਾਦ ਅਤੇ ਯੋਗਾਚਾਰ ਮਹਾਯਾਨ ਸ਼ਾਖਾ ਨਾਲ ਸੰਬੰਧ ਰਖਦੇ ਹਨ ਅਤੇ ਬਾਕੀ ਦੋ ਸਕੂਲ ਸੌਤਰਾਂ ਸੌਤਰਾਂਤਿਕ ਅਤੇ ਵੈਭਾਸ਼ਿਕ, ਹੀਨਯਾਨ ਸ਼ਾਖਾ ਨਾਲ ਸੰਬੰਧ ਰੱਖਦੇ ਹਨ। ਇਨ੍ਹਾਂ ਸਕੂਲਾਂ ਰਾਹੀਂ ਬੁੱਧ ਧਰਮ ਭਾਰਤ ਅਤੇ ਏਸ਼ੀਆਂ ਦੇ ਅਨੇਕ ਦੇਸ਼ਾਂ ਵਿਚ ਫੈਲ ਗਿਆ। ਭਾਵੇਂ ਕਿ ਵੈਸ਼ਾਲੀ ਦੀ ਸਭਾ ਵਿਚ ਬੁੱਧ ਧਰਮ ਦੇ ਅਨੁਯਾਈਆਂ ਵਿਚ ਸਿੱਧਾਂਤਕ ਮਤ ਭੇਦ ਉਭਰ ਕੇ ਸਾਹਮਣੇ ਆਏ ਅਤੇ ਵਿਰੋਧੀਆਂ ਨੇ ਆਪਣੀ ਵੱਖਰੀ ਸਭਾ ਕਾਇਮ ਕਰਕੇ ਨਾਂ 'ਮਹਾਂਸੰਘ' ਰੱਖਿਆ। ਵੈਸ਼ਾਲੀ ਦੀ ਸਭਾ ਵਿਚ ਜਿਹੜੇ ਮਤੇ ਪਾਸ ਹੋਏ, ਉਹ ਹੀਨਯਾਨ ਫਿਰਕੇ ਦਾ ਦਰਸ਼ਨ ਬਣਿਆ ਅਤੇ ਮਹਾਂਸੰਘ ਦੇ ਮਤੇ ਨੂੰ ਪ੍ਰਵਾਨ ਕਰਨ ਵਾਲੇ ਆਪਣੇ ਆਪ ਨੂੰ ਮਹਾਯਾਨ ਕਹਿਣ ਲੱਗ ਪਏ। ਬੁੱਧ ਧਰਮ ਦੇ ਭਾਵੇਂ ਕਿ ਦੋ ਪ੍ਰਮੁੱਖ ਫਿਰਕੇ ਅਤੇ ਹੋਰ ਛੋਟੇ-ਛੋਟੇ ਕਈ ਫਿਰਕੇ ਹੋਂਦ ਵਿਚ ਆਏ ਪਰ ਫਿਰ ਵੀ ਇਨ੍ਹਾਂ ਸਾਰਿਆਂ ਦਾ ਇਕੋ ਉਦੇਸ਼ ਸੀ ਕਿ ਬੁੱਧ ਦੀ ਵਿਚਾਰਧਾਰਾ ਨੂੰ ਲੋਕਾਂ ਤੱਕ ਪਹੁੰਚਾਇਆ ਜਾਵੇ ਅਤੇ ਬੁੱਧ ਧਰਮ ਦਾ ਵਿਕਾਸ ਕੀਤਾ ਜਾਵੇ ਅਤੇ ਜੋ ਵੀ ਜੀਵਨ ਅਤੇ ਸੰਸਾਰ ਦੀ ਵਿਆਖਿਆ ਦੇ ਬੀਜ ਗੁਪਤ ਰੂਪ ਵਿਚ ਦਬੇ ਪਏ ਸਨ ਉਨ੍ਹਾਂ ਨੂੰ, ਬੁੱਧ ਦੇ ਗੁਪਤ ਪਏ ਵਿਚਾਰਾਂ ਨੂੰ ਉਨ੍ਹਾਂ ਦੇ ਦਾਰਸ਼ਨਿਕ ਚੇਲਿਆਂ ਨੇ ਡੂੰਘਾਈ ਨਾਲ ਸਮਝਣ ਦਾ ਯਤਨ ਕੀਤਾ ਅਤੇ ਇਹ ਵਿਚਾਰ ਵੱਖ-ਵੱਖ ਬੌਧਿਕ ਪ੍ਰਣਾਲੀਆਂ ਦੇ ਰੂਪ ਵਿਚ ਵਿਕਸਿਤ ਹੋਏ ਜਿਨ੍ਹਾਂ ਦੇ ਕਾਰਣ ਬੁੱਧ ਧਰਮ ਦੁਨੀਆਂ ਵਿਚ ਦੂਰ-ਦੂਰ ਤੱਕ ਫੈਲ ਗਿਆ। ਇਥੋਂ ਤੱਕ ਕਿ ਬੁੱਧ ਧਰਮ ਦੀ ਵਿਰੋਧਤਾ ਕਰਨ ਵਾਲਿਆਂ ਉੱਤੇ ਵੀ ਬੁੱਧ ਧਰਮ ਦੇ ਸਿਧਾਂਤਾਂ ਦਾ ਬਹੁਤ ਗਹਿਰਾ ਅਸਰ ਪਿਆ। ਵਿਸ਼ੇਸ਼ ਕਰ ਯੋਗਾਚਾਰ ਅਤੇ ਸ਼ੂਨਵਾਦ ਦਾ ਅਦਵੈਤ ਵੇਦਾਂਤ ਉਤੇ ਡੂੰਘਾ ਪ੍ਰਭਾਵ ਪਿਆ ਅਤੇ ਸਰਵਾਸਤੀਵਾਦ ਦਾ ਨਿਆਇ-ਵੈਸ਼ੇਸ਼ਿਕ ਉਤੇ। ਕਿਹਾ ਜਾਂਦਾ ਹੈ ਕਿ ਸ਼ੰਕਰ ਨੇ ਬ੍ਰਹਮ ਦਾ ਵਿਚਾਰ ਸ਼ੂਨਵਾਦ ਤੋਂ ਲਿਆ ਇਸ ਤਰ੍ਹਾਂ ਬੁੱਧ ਧਰਮ ਫਿਰਕਿਆ ਵਿਚ ਵੰਡਿਆ ਜਾਣ ਦੇ ਬਾਵਜੂਦ ਵੀ ਦੁਨੀਆਂ ਵਿਚ ਫੈਲ ਗਿਆ।

ਪਾਠ ਨੰ: 2.4 ਡਾ.ਜੋਧ ਸਿੰਘ

## 'ਬੁੱਧ ਧਰਮ ਦੇ ਚਾਰ ਆਰਯ ਸੱਚ'

ਪ੍ਰਾਚੀਨ ਭਾਰਤ ਵਿਚ ਦੋ ਸੰਸਕ੍ਰਿਤੀਆਂ ਪ੍ਰਚੱਲਿਤ ਰਹੀਆਂ ਹਨ। ਇਹ ਸਨ–ਵੈਦਿਕ ਸੰਸਕ੍ਰਿਤੀ ਤੇ ਸ਼੍ਰਮਣ ਸੰਸਕ੍ਰਿਤੀ। ਆਰੀਆਂ ਦੇ ਭਾਰਤ ਵਿਚ ਪੱਕੇ ਤੌਰ ਤੇ ਵਸ ਜਾਣ ਕਾਰਨ ਇਥੇ ਵੈਦਿਕ ਸੰਸਕ੍ਰਿਤੀ ਦੀ ਸਥਾਪਨਾ ਹੋਈ, ਪਰ ਮੋਹਿੰਜੋਦੜੋ ਅਤੇ ਹੜੱਪਾ ਦੀਆਂ ਖੁਦਾਈਆਂ ਤੋਂ ਬਾਅਦ ਇਹ ਪਤਾ ਲੱਗਦਾ ਹੈ ਕਿ ਆਰੀਆਂ ਦੇ ਭਾਰਤ ਵਿਚ ਆਉਣ ਤੋਂ ਪਹਿਲਾ ਵੀ ਇਥੇ ਇਕ ਬਹੁਤ ਹੀ ਦ੍ਰਿੜ ਅਤੇ ਸੁੰਦਰ ਸੰਸਕ੍ਰਿਤੀ ਮੌਜੂਦ ਸੀ। ਰਿਗਵੇਦ ਤੋਂ ਵੀ ਪਤਾ ਲੱਗਦਾ ਹੈ ਕਿ ਆਰੀਆਂ ਦੇ ਆਉਣ ਤੋਂ ਵੀ ਪਹਿਲਾ ਇਥੇ ਕਰੜੀਆਂ ਸਾਧਨਾਵਾਂ ਕਰਨ ਵਾਲੇ ਰਿਸ਼ੀ-ਮੁਨੀ ਮੌਜੂਦ ਸਨ। ਰਿਗਵੇਦ ਦੇ 'ਕੇਸ਼ੀ ਸੁਕਤ' ਵਿਚ ਇਕ ਰਿਸ਼ੀ ਇਕ ਹੋਰ ਨਾਂਗੇ ਅਤੇ ਵਾਲਾਂ ਵਾਲੇ ਸੰਨਿਯਾਸੀ ਨੂੰ ਦੇਖ ਕੇ ਹੈਰਾਨੀ ਪ੍ਰਗਟ ਕਰਦਾ ਹੋਇਆ ਦੱਸਿਆ ਗਿਆ ਹੈ। ਆਰੀਆਂ ਦੇ ਭਾਰਤ ਆਉਣ ਨਾਲ ਹੀ ਕੁਝ ਸਮੇਂ ਲਈ ਇਹ ਸ਼੍ਰਮਣ ਸੰਸਕ੍ਰਿਤੀ ਬੇਸ਼ਕ ਦੱਬ ਤਾਂ ਗਈ ਫਿਰ ਵੀ ਇਹ ਇਕਦਮ ਅਲੋਪ ਨਾ ਹੋ ਸਕੀ। ਆਰੀਆਂ ਦੇ ਲੜਾਕੂ ਸੁਭਾਅ ਅਤੇ ਯੱਗਾਂ ਵਿਚ ਹਜ਼ਾਰਾਂ ਪਸ਼ੂਆਂ ਦੀ ਬਲੀ ਆਦਿਕ ਦੇਣ ਦੀ ਪ੍ਰਵਿਰਤੀ ਦੇ ਕਾਰਣ ਇਸ ਸਭ ਕਾਸੇ ਦੇ ਵਿਰੋਧ ਵਿਚ ਇੱਥੋਂ ਦੇ ਨਿਵਾਸੀਆਂ ਵਿਚ ਕਰੋਧ ਅਤੇ ਪਛਤਾਵੇ ਦੀ ਭਾਵਨਾ ਫੈਲਦੀ ਗਈ। ਸ਼੍ਰਮਣ ਸੰਸਕ੍ਰਿਤੀ ਦਾ ਮੁੱਖ ਗੁਣ ਅਹਿੰਸਾਵਾਦੀ ਹੋਣਾ ਸੀ ਅਤੇ ਇਹ ਗੁਣ ਅੱਜ ਤੋਂ ਲਗਭਗ 2500 ਸਾਲ ਪਹਿਲਾਂ ਮਹਾਤਮਾ ਬੁੱਧ ਦੁਆਰਾ ਚਲਾਏ ਗਏ ਵਿਦਰੋਹ ਦੇ ਰੂਪ ਵਿਚ ਫਿਰ ਪ੍ਰਗਟ ਹੋਇਆ। ਨਤੀਜੇ ਵਜੋਂ ਕਈ ਕਸ਼ਤਰੀ ਰਾਜੇ ਇਸ ਨਵੇਂ ਚਲਾਏ ਬੁੱਧ ਧਰਮ ਨੂੰ ਸਵੀਕਾਰ ਕਰਕੇ ਬੁੱਧ ਧਰਮ ਦੇ ਅਨੁਯਾਈ ਬਣ ਗਏ ਅਤੇ ਅਸ਼ੋਕ ਰਾਜਿਆਂ ਨੇ ਤਾਂ ਬੁੱਧ ਧਰਮ ਨੂੰ ਦੂਰ-ਦੂਰ ਦੇਸ਼ਾਂ ਤੱਕ ਪਹੁੰਚਾਉਣ ਵਿਚ ਵੀ ਕਾਫੀ ਯੋਗਦਾਨ ਪਾਇਆ।

ਈਸਾ ਤੋਂ ਲਗਭਗ ਛੇ ਸਦੀਆਂ ਪਹਿਲਾਂ ਮਹਾਤਮਾ ਬੁੱਧ ਦਾ ਜਨਮ ਹੋਇਆ। ਇਨ੍ਹਾਂ ਦਾ ਬਚਪਨ ਦਾ ਨਾਂ ਸਿਧਾਰਥ ਗੌਤਮ ਸੀ ਅਤੇ ਇਨ੍ਹਾਂ ਦੇ ਪਿਤਾ ਉੱਤਰੀ ਬਿਹਾਰ ਦੇ ਇਕ ਪ੍ਰਦੇਸ਼ ਦੇ ਰਾਜਾ ਸਨ, ਜਿਸ ਦੀ ਹੱਦ ਨੇਪਾਲ ਨਾਲ ਲੱਗਦੀ ਸੀ ਅਤੇ ਜਿਸ ਦੀ ਰਾਜਧਾਨੀ ਕਪਿਲਵਸਤੂ ਸੀ। ਸਿਧਾਰਥ ਗੌਤਮ ਦਾ ਵਿਆਹ ਇਕ ਬਹੁਤ ਹੀ ਸੁੰਦਰ ਯਸ਼ੋਧਰਾ ਨਾਮਕ ਰਾਜਕੁਮਾਰੀ ਨਾਲ ਹੋਇਆ ਅਤੇ ਉਸ ਤੋਂ ਰਾਹੁਲ ਨਾਂ ਦਾ ਇਕ ਪੁੱਤਰ ਵੀ ਪੈਦਾ ਹੋਇਆ, ਪਰੰਤੂ ਮਹਿਲਾ ਦੇ ਸੁਖ ਅਤੇ ਪਰਿਵਾਰ ਦਾ ਮੋਹ ਸਿਧਾਰਥ ਗੌਤਮ ਨੂੰ ਨਾ ਬੰਨ੍ਹ ਸਕਿਆ ਅਤੇ 29 ਸਾਲਾਂ ਦੀ ਉਮਰ ਵਿਚ ਉਹ ਘਰ-ਬਾਰ ਛੱਡ ਕੇ ਸੱਚ ਦੀ ਖੋਜ ਵਿਚ ਅਤੇ ਜੀਵਨ ਦੀਆਂ ਜਨਮ-ਮਰਨ, ਬੁਢਾਪਾ, ਦੁੱਖ ਆਦਿ ਸਮੱਸਿਆਵਾਂ ਦੀ ਖੋਜ ਕਰਨ ਹਿਤ, ਜੰਗਲ ਨੂੰ ਤੁਰ ਪਏ। ਲਗਾਤਾਰ 6 ਸਾਲਾਂ ਤੱਕ ਇਨ੍ਹਾਂ ਨੇ ਬੜੀਆਂ ਕਰੜੀਆਂ ਸਾਧਨਾਵਾਂ ਅਤੇ ਅਨੇਕਾਂ ਗੁਰੂ ਧਾਰਨ ਕੀਤੇ ਪਰੰਤੂ ਫਿਰ ਵੀ ਸਮੱਸਿਆਵਾਂ ਦਾ ਕੋਈ ਹੱਲ ਨਾ ਲੱਭਿਆ ਅਤੇ ਸ਼ਾਂਤੀ ਪ੍ਰਾਪਤ ਨਾ ਹੋ ਸਕੀ।

ਅਨੇਕ ਸਾਲਾਂ ਦੀ ਕਠਿਨ ਤਪੱਸਿਆ ਤੋਂ ਬਾਅਦ ਗਯਾ ਨਗਰ ਵਿਚ ਬੋਹੜ ਦੇ ਰੁੱਖ ਥੱਲੇ ਸਮਾਧੀ ਵਿਚ ਬੈਠੇ ਗੌਤਮ ਨੂੰ ਇਹ ਗਿਆਨ ਪ੍ਰਾਪਤ ਹੋਇਆ ਕਿ ਸਰੀਰ ਨੂੰ ਦੁੱਖ ਦੇਣ ਨਾਲ, ਭੁੱਖੇ-ਪਿਆਸੇ ਰੱਖਣ ਨਾਲ ਧਰਮ ਗਿਆਨ ਦਾ ਕੋਈ ਸੰਬੰਧ ਨਹੀਂ। ਇਨ੍ਹਾਂ ਨੇ ਤਿਆਗੇ ਹੋਏ ਅੰਨ-ਜਲ ਨੂੰ ਗ੍ਰਹਿਣ ਕਰਨਾ ਸ਼ੁਰੂ ਕਰ ਦਿੱਤਾ। ਇਹ ਵੇਖ ਕੇ ਇਹਨਾਂ ਦੇ ਨਾਲ ਰਹਿਣ ਵਾਲੇ ਚੇਲੇ ਇਨ੍ਹਾਂ ਨੂੰ ਪਥ ਭ੍ਰਿਸ਼ਟ ਹੋਇਆ ਸਮਝ ਕੇ ਨੱਸ ਗਏ। ਮਹਾਤਮਾ ਬੁੱਧ ਗਯਾ ਤੋਂ ਚਲ ਕੇ ਬਨਾਰਸ ਦੇ ਲਾਗੇ ਸਾਰਨਾਥ ਪਿੰਡ ਪਹੁੰਚੇ ਅਤੇ ਉਥੇ ਰਿਸ਼ੀਪੱਤਨ ਨਾਮ ਸਥਾਨ ਤੇ ਇਨ੍ਹਾਂ ਪੰਜ ਭਿੱਖੂਆਂ ਨੂੰ ਪਹਿਲਾ ਉਪਦੇਸ਼ ਦਿੱਤਾ ਜਿਹੜਾ ਧਰਮ ਚੱਕਰ ਪਰੀਵਰਤਨ ਸੂਤ੍ਰ ਦੇ ਨਾਂ ਨਾਲ ਪ੍ਰਸਿੱਧ ਹੈ। ਇਸੇ ਪਹਿਲੇ ਉਪਦੇਸ਼ ਵਿਚ ਬੁੱਧ ਨੇ ਚਾਰ ਆਰਯ ਸਚਾਈਆਂ (ਸਤਯ) ਦੀ ਵਿਵੇਚਨਾ ਕੀਤੀ ਹੈ। ਜਿਹਨਾਂ ਦੀ ਵਿਸ਼ਤ੍ਰਿਤ ਵਿਆਖਿਆ ਬੁੱਧ ਧਰਮ ਨਾਲ ਸੰਬੰਧਿਤ 'ਮਹਾਂ ਵੱਗ' ਗ੍ਰੰਥ ਵਿਚ ਪ੍ਰਾਪਤ ਹੁੰਦੀ ਹੈ। ਬੁੱਧ ਧਰਮ ਦੇ ਫਲਸਫੇ ਦੇ ਆਧਾਰ ਵਿਚ ਇਹੀ ਧਰਮ ਆਰਯ ਸੱਚ ਹੀ ਵਿਦਮਾਨ ਹਨ। ਇਹ ਚਾਰ 'ਸੱਚ' ਹਨ : ਦੁੱਖ, ਦੁੱਖ ਸਮੁਦਯ, ਦੁੱਖ ਨਿਰੋਧ (ਨਿਰਵਾਣ) ਅਤੇ ਦੁੱਖ ਨਿਰੋਧ ਮਾਰਗ ਜਾਂ ਅਸ਼ਟਾਂਗ ਮਾਰਗ। ਸਾਧਾਰਨ ਭਾਸ਼ਾ ਵਿਚ ਇਨ੍ਹਾਂ ਚਾਰੇ ਸੱਚਾਂ ਨੂੰ ਇਸ ਪ੍ਰਕਾਰ ਸਮਝਿਆ ਜਾ ਸਕਦਾ ਹੈ : ਸੰਸਾਰ ਦੁੱਖਾਂ ਨਾਲ ਭਰਿਆ ਪਿਆ ਹੈ, ਇਨ੍ਹਾਂ ਦੁੱਖਾਂ ਦਾ ਕੋਈ ਕਾਰਨ ਹੈ, ਇਨ੍ਹਾਂ ਦਾ ਅੰਤ ਵੀ ਹੈ ਅਤੇ ਦੁੱਖਾਂ ਦੇ ਅੰਤ ਕਰਨ ਦਾ ਉਪਾਅ ਵੀ ਹੈ।

**1. ਪਹਿਲਾ ਆਰਯ ਸੱਚ :–** ਜੰਮਣਾ, ਮਰਨਾ, ਬੁਢਾਪਾ, ਸੋਗ, ਸੰਤਾਪ, ਪੀੜ, ਚਿੰਤਾ ਆਦਿ ਦੁੱਖ ਹੀ ਦੁੱਖ ਹਨ। ਇੱਛਾ ਦਾ ਪੂਰਾ ਨਾ ਹੋਣਾ ਦੁੱਖ ਹੈ, ਮਨ ਭਾਉਂਦੇ ਨਾਲੋਂ ਵਿਯੋਗ ਦੁੱਖ ਹੈ, ਅਤੇ ਮਨੋ ਲੱਥੇ ਨਾਲ ਸੰਯੋਗ ਹੋ ਜਾਣਾ ਵੀ ਦੁੱਖ ਹੈ, ਪਾਲੀ ਗ੍ਰੰਥ 'ਸਮਯੁਤ ਨਿਕਾਯ' ਦੇ 'ਸਗਾਥ ਵੱਗ' ਵਿੱਚ ਦੁੱਖ ਦਾ ਵਿਸਥਾਰ ਪੂਰਵਕ ਵਰਣਨ ਕੀਤਾ ਗਿਆ ਹੈ। ਦੁੱਖ ਦਾ ਹੀ ਭਾਵ ਅਤੇ ਦੁੱਖ ਦਾ ਹੀ ਅਭਾਵ ਹੁੰਦਾ ਹੈ : ਦੁੱਖ ਬਾਰੇ ਉਪਦੇਸ਼ ਦਿੰਦੇ ਹੋਏ ਮਹਾਂ ਵੱਗ ਵਿਚ ਬੁੱਧ ਨੇ ਖੁਦ ਪਹਿਲੇ ਆਰਯ ਸੱਚ ਦੀ ਵਿਆਖਿਆ ਕਰਦੇ ਹੋਏ ਕਿਹਾ ਹੈ : 'ਭਿਖੁਓ! ਚਿਰਕਾਲ ਤਕ ਮਾਤਾ ਦੇ ਮਰਨ ਦਾ ਦੁੱਖ ਸਹਿਆ ਹੈ, ਪਿਤਾ ਦੇ ਮਰਨ ਦਾ ਦੁੱਖ ਸਹਿਆ ਹੈ, ਪੁੱਤਰ ਦੇ ਮਰਨ ਦਾ ਦੁੱਖ ਸਹਿਆ ਹੈ, ਬੇਟੀ ਦੇ ਮਰਨ ਦਾ ਦੁੱਖ ਸਹਿਆ ਹੈ, ਸੰਪਤੀ ਦੇ ਨਾਲ ਦਾ ਦੁੱਖ ਸਹਿਆ ਹੈ, ਰੋਗੀ ਹੋਣ ਦਾ ਦੁੱਖ ਸਹਿਆ ਹੈ.. ਇਹਨਾਂ ਸਾਰੀਆਂ ਕਿਸਮਾਂ ਦਾ ਦੁੱਖ ਝੱਲਣ ਵਾਲਿਆਂ ਨੇ ਸੰਸਾਰ ਵਿਚ ਬਾਰ-ਬਾਰ ਜਨਮ ਲੈ ਕੇ ਪ੍ਰਿਯ ਦੇ ਵਿਯੋਗ ਅਤੇ ਅਪ੍ਰਿਯ ਦੇ ਸੰਯੋਗ ਦੇ ਕਾਰਣ ਰੋਂਦਾ ਰੋਇਆ ਅਤੇ ਅੱਥਰੂ ਕੇਰੇ ਹਨ। ਇਸ ਤਰ੍ਹਾਂ ਲੰਮੇ ਸਮੇਂ ਤਕ ਦੁੱਖ ਅਨੁਭਵ ਕੀਤਾ ਹੈ।'' ਬੋਧ ਤ੍ਰਿਪ੍ਰਿਟਕਾ ਵਿਚ ਅਜਿਹੇ ਦੁੱਖਾਂ ਦਾ ਬਾਰ-ਬਾਰ ਜ਼ਿਕਰ ਹੋਇਆ ਹੈ ਅਤੇ ਇਸ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਇਸ ਗੰਭੀਰ ਸੱਚ ਨੂੰ ਸਮਝਣ ਲਈ ਬੁੱਧ ਨੇ ਅਨੇਕ ਵਾਰ ਇਨ੍ਹਾਂ ਉਤੇ ਪ੍ਰਕਾਸ਼ ਪਾਇਆ ਹੈ। ਦੁੱਖ ਰੂਪੀ ਸੱਚ ਹੀ ਬੁੱਧ ਦੀ ਸਭ ਤੋਂ ਪਹਿਲੀ ਸਿੱਖਿਆ ਹੈ। ਇਸ ਨੂੰ ਚੰਗੀ ਤਰ੍ਹਾਂ ਸਮਝ ਲਏ ਬਿਨ੍ਹਾਂ ਦੇ ਫਲਸਫੇ ਨੂੰ ਸਮਝਣਾ ਔਖਾ ਹੈ।

**2. ਦੂਜਾ ਆਰਯ ਸੱਚ :** ਦੂਜਾ ਆਰਯ ਸੱਚ ''ਦੁੱਖ ਸਮੁਦਾਯ'' ਅਰਥਾਤ ਦੁੱਖ ਦੀ ਉਤਪੱਤੀ ਹੈ। ਬੁੱਧ ਜੀ ਇਹ ਕਹਿੰਦੇ ਹਨ ਕਿ ਦੁੱਖ ਦੀ ਉਤਪਤੀ ਸਕਾਰਨ ਹੈ, ਅਕਾਰਨ ਨਹੀਂ। ਸੰਸਾਰ ਦੀ ਕੋਈ ਵੀ ਘਟਨਾ ਬਿਨ੍ਹਾਂ ਕਾਰਨ ਨਹੀਂ ਹੁੰਦੀ। ਹਰ ਕਾਰਜ ਦਾ ਕੋਈ ਕਾਰਨ ਹੈ ਅਤੇ ਹਰ ਕਾਰਨ ਕਿਸੇ ਨਾ ਕਿਸੇ ਕੰਮ ਦਾ ਮੂਲ ਹੈ। ਏਸੇ ਕਾਰਜ ਕਾਰਨ ਨਿਯਮ ਵਿਚ ਸਾਰਾ ਸੰਸਾਰ ਡੁੱਬਾ ਹੋਇਆ ਹੈ। ਇਸ ਲਈ ਜੇ ਦੁੱਖ ਪ੍ਰਤੱਖ ਇਕ ਕਾਰਜ ਦੇ ਰੂਪ ਵਿਚ ਸੰਸਾਰ ਵਿਚ ਏਸੇ ਕਾਰਣ ਦੇ ਬਾਰੇ ਵਿਚਾਰ ਕੀਤਾ ਗਿਆ ਹੈ। ਕਾਰਣ ਹੀ ਦੁੱਖ ਸਮੁੱਦਾਯ ਹੈ ਜਿਸ ਲਈ ਜਨਮ-ਮਰਨ ਹੁੰਦਾ ਹੈ। ਇਸੇ ਨੂੰ ਹੀ ਜਨਮ ਮਰਨ ਚੱਕਰ, ਭਵ-ਚੱਕਰ ਆਦਿ ਕਹਿੰਦੇ ਹਨ। ਦੁੱਖ ਸਮੁੱਦਾਯ ਦੇ ਬਾਰਾਂ ਅੰਗ ਹਨ। ਇਸ ਲਈ ਇਨ੍ਹਾਂ ਨੂੰ ਦੁਆਦਸ਼ ਨਿਦਾਨ ਵੀ ਕਿਹਾ ਜਾਂਦਾ ਹੈ। ਏਸੇ ਦੂਜੇ ਆਰਯ ਸੱਚ ਵਿਚੋਂ ਬੁੱਧ ਧਰਮ ਦਾ ਮੁੱਖ ਸਿਧਾਂਤ ਪ੍ਰਤੀਤਯਸਮੁਤਪਾਦ'' ਨਿਕਲਦਾ ਹੈ। ਜਿਸ ਨੂੰ ਕਾਰਨ-ਕਾਰਜ ਸਿਧਾਂਤ ਵੀ ਕਿਹਾ ਜਾਂਦਾ ਹੈ।

ਆਖਰ ਬੁਢਾਪਾ ਅਤੇ ਮੌਤ ਜਾਂ ਜਰਾ-ਮਰਨ ਕਿਉਂ ਵਾਪਰਦਾ ਹੈ? ਸਰੀਰ ਧਾਰਨ ਕਰਨਾ ਹੀ ਜਰਾ-ਮਰਨ ਦਾ ਕਾਰਨ ਹੈ। ਜੇ ਸਰੀਰ ਨਾ ਹੋਵੇ ਤਾਂ ਜਰਾ-ਮਰਨ ਨਹੀਂ ਹੋ ਸਕਦਾ ਅਰਥਾਤ ਜਨਮ ਗ੍ਰਹਿਣ ਕਰਨ ਜਾਂ ''ਜਾਤਿ'' ਹੀ ਦੁੱਖ ਦਾ ਕਾਰਨ ਹੈ। ਪ੍ਰਤੀਤਯਸਮੁਤਪਾਦ ਦੇ ਅਨੁਸਾਰ ਜਨਮ ਦਾ ਵੀ ਕੋਈ ਕਾਰਨ ਹੋਵੇਗਾ। ਜਨਮ ਦਾ ਕਾਰਨ ''ਭਵ'' ਜਾਂ ਜਨਮ ਲੈਣ ਦੀ ਇੱਛਾ ਸ਼ਕਦੀ ਹੈ। ਇਸ ਇੱਛਾ ਸ਼ਕਤੀ ਦਾ ਕਾਰਨ ਸੰਸਾਰਕ ਵਿਸ਼ਿਆਂ ਵਿਚ ਲਿਪਟੇ ਰਹਿਣ ਦੀ ਸਾਡੀ ਅਭਿਲਾਸ਼ਾ ਹੈ ਜਿਸ ਨੂੰ ''ਉਪਾਦਾਨ'' ਕਿਹਾ ਗਿਆ ਹੈ। ਇਹ ਉਪਾਦਾਨ ਹੀ ਸਾਡੀਆਂ ਤ੍ਰਿਸ਼ਨਾਵਾਂ ਅਰਥਾਤ ਸ਼ਬਦ, ਸਪਰਸ਼ ਆਦਿ ਵਿਸ਼ੇ ਤੋਂ ਭੋਗਾਂ ਦੀ ਵਾਸਨਾ ਕਾਰਨ ਹੁੰਦਾ ਹੈ। ਪਰ ਇਸ ਤ੍ਰਿਸ਼ਨਾ ਦਾ ਕੀ ਕਾਰਨ ਹੈ। ਤ੍ਰਿਸ਼ਨਾ ਦਾ ਕਾਰਨ ਸਾਡੇ ਪਹਿਲਾਂ ਕੀਤੇ ਭੋਗ ਹਨ ਅਰਥਾਤ ਇੰਦਰੀਆਂ ਦੁਆਰਾ ਜਿਹੜੀ ਵੇਦਨਾ ਜਾਂ ਸੁੱਖ ਦੀ ਅਨੁਭੂਤੀ ਸਾਨੂੰ ਪ੍ਰਾਪਤ ਹੋ ਚੁੱਕੀ ਹੈ ਉਸ ਕਾਰਨ ਸਾਡੀ ਤ੍ਰਿਸ਼ਨਾ ਹਮੇਸ਼ਾ ਜਾਗਦੀ ਰਹਿੰਦੀ ਹੈ। ਇਸ ਲਈ ਤ੍ਰਿਸ਼ਨਾ ਦਾ ਕਾਰਨ ਵੇਦਨਾ ਹੈ। ਇਹ ਵੇਦਨਾ ਬਿਨਾਂ ਇੰਦਰੀਆਂ ਤੋਂ ਸੰਭਵ ਨਹੀਂ ਹੋ ਸਕਦੀ। ਏਨਾ ਹੀ ਨਹੀਂ ਇਨ੍ਹਾਂ ਇੰਦਰੀਆਂ ਦੇ ਨਾਲ ਜਦੋਂ ਤੱਕ ਮਨ ਰੂਪ ਛੇਵੀਂ ਇੰਦਰੀ ਦੇ ਨਾਂ ਨੂੰ ਜੋੜਿਆਂ ਨਾ ਹੋਵੇ ਉਨ੍ਹੀ ਦੇਰ ਤੱਕ ਅਨੁਭੂਤੀ ਨਹੀਂ ਹੁੰਦੀ। ਪੰਜ ਇੰਦਰੀਆਂ ਅਤੇ ਮਨ ਦੇ ਜੋੜ ਨੂੰ ''ਖੜਾਯਤਨ'' ਕਹਿੰਦੇ ਹਨ। ਇਸ ਲਈ ਵੇਦਨਾ ਦਾ ਕਾਰਨ ''ਖੜਾ ਯਤਨ'' ਹੈ। ਜੇ ਸਰੀਰ ਅਤੇ ਮਨ ਨਾ ਹੋਵੇ ਤਾਂ ''ਖੜਾਯਤਨ'' ਦੀ ਹੋਂਦ ਸੰਭਵ ਨਹੀਂ। ਗਰਭ ਵਿਚ ਸਥਿਤ ਮੁੱਢਲੇ ਸਰੀਰ (ਭਰੂਨ) ਅਤੇ ਮਨ ਨੂੰ ਨਾਮ-ਰੂਪ ਕਹਿੰਦੇ ਹਨ ਅਤੇ ਇਸ ਨਾਮ-ਰੂਪ ਦਾ ਵਿਕਾਸ ਨਹੀਂ ਹੋ ਸਕਦਾ ਜੇਕਰ ਚੇਤਨਤਾ ਜਾਂ ਵਿਗਿਆਨ ਨਾ ਹੋਵੇ। ਪਰੰਤੂ ਗਰਭ ਅਵਸਥਾ ਵਿਚ ਗਿਆਨ ਦੀ ਸੰਭਾਵਨਾ ਉਦੋਂ ਹੀ ਹੋ ਸਕਦੀ ਹੈ ਜੇਕਰ ਪੂਰਬਲੇ ਜਨਮ ਦੇ ਕੁਝ ਨਾ ਕੁਝ ਸੰਸਕਾਰ ਬਣੇ ਰਹਿਣ। ਪੂਰਬ ਜਨਮ ਦੀ ਅੰਤਮ ਅਵਸਥਾ ਵਿਚ ਮਨੁੱਖ ਦੇ ਕੀਤੇ ਸਾਰੇ ਕਰਮਾਂ ਦਾ ਪ੍ਰਭਾਵ ਕਿਸੇ ਨਾ ਕਿਸੇ ਰੂਪ ਵਿਚ ਵਿਦਮਾਨ ਰਹਿੰਦਾ ਹੈ। ਕਰਮਾਂ ਦੇ ਅਨੁਸਾਰ ਬਣੇ ਸੰਸਕਾਰਾਂ ਕਰਕੇ ਹੀ ਵਿਗਿਆਨ ਸੰਭਵ ਹੋ ਸਕਦਾ ਹੈ। ਹੁਣ ਸਵਾਲ ਇਹ ਉਠਦਾ ਹੈ ਕਿ ਅਜਿਹੇ ਸੰਸਕਾਰ ਬਣਦੇ ਹੀ ਕਿਉਂ ਹਨ ਜਿਹੜੇ ਅੰਤ ਵਿਚ ਜਰਾ-ਮਰਨ ਦਾ ਕਾਰਨ ਹੋ ਨਿਬੜਦੇ ਹਨ। ਅਜਿਹੇ ਸੰਸਕਾਰਾਂ ਦਾ ਕਾਰਨ ਹੈ ਅਵਿਦਿਆ। ਖਿਨਭੰਗੁਰ, ਦੁਖਦ ਅਸਾਰ ਅਤੇ ਨੀਚ ਵਿਸ਼ਿਆਂ ਵਿਕਾਰਾਂ ਨੂੰ ਸਥਾਈ, ਮੁੱਖ ਸਾਰ ਅਤੇ ਉਪਯੋਗੀ ਸਮਝ ਲੈਣਾ ਹੀ ਅਵਿਦਿਆ ਜਾਂ ਮਿਥਿਆ ਜਾਂ ਗਿਆਨ ਹੈ ਅਤੇ ਇਹੀ ਜਨਮ-ਮਰਨ ਦਾ ਮੂਲ ਕਾਰਨ ਹੈ।

ਉਪਰਲੇ ਵਰਣਨ ਵਿਚ ਬਾਰਾਂ ਅਵਸਥਾਵਾਂ ਦੇਖਦੇ ਹਾਂ। ਏਸ ਲੜੀ ਦੇ ਕਈ ਨਾਂ ਹਨ ਜਿਵੇਂ ਕਿ ਦੁਆਦਸ਼ ਨਿਦਾਨ ਜਾਂ ਭਵ ਚੱਕਰ। ਬੁੱਧ ਦੇ ਏਸੇ ਉਪਦੇਸ਼ ਨੂੰ ਕਈ ਬੋਧੀ ਚੱਕਰ ਘੁੰਮਾ ਕੇ ਅੱਜ ਤੱਕ ਯਾਦ ਕਰਦੇ ਹਨ। ਮਾਲਾ ਜਪਣ ਦੀ ਤਰ੍ਹਾਂ ਚੱਕਰ ਘੁਮਾਉਣਾ ਵੀ ਕੁਝ ਬੋਧੀਆਂ ਦੇ ਦੈਨਿਕ ਪੂਜਾ ਪਾਠ ਦਾ ਇਕ ਅੰਗ ਹੋ ਗਿਆ।

**3. ਤੀਜਾ ਆਰਯ ਸੱਚ :–** ਨਿਰਵਾਣ ਜਾਂ ਦੁੱਖ ਦਾ ਨਿਰੋਧ ਕਰ ਲੈਣਾ ਤੀਜਾ ਆਰਯ ਸੱਚ ਹੈ। ਦੁੱਖ ਤ੍ਰਿਸ਼ਨਾਂ ਤੋਂ ਪੈਦਾ ਹੁੰਦਾ ਹੈ। ਇਸ ਲਈ ਤ੍ਰਿਸ਼ਨਾ ਤੋਂ ਮੁਕਤੀ ਕਰ ਲੈਣਾ ਹੀ ਨਿਰਵਾਣ ਹੈ। ਇਸ ਨਿਰਵਾਣ ਦੀ ਪ੍ਰਾਪਤੀ ਜੀਵਨ ਕਾਲ ਵਿਚ ਵੀ ਹੋ ਸਕਦੀ ਹੈ। ਮੋਹ ਅਤੇ ਈਰਖਾ ਨੂੰ ਜਿੱਤ ਕੇ ਸ਼ੁੱਭ ਆਚਰਨ ਜਾਂ ਸ਼ੀਲ ਦੇ ਨਾਲ ਆਰਯ ਸੱਚਾਂ ਦਾ ਨਿਰੰਤਰ ਧਿਆਨ ਕਰਦੇ ਹੋਏ ਜੇਕਰ ਕੋਈ ਮਨੁੱਖ ਸਮਾਧੀ ਰਾਹੀਂ ਗਿਆਨਵਾਨ ਬਣ ਜਾਂਦਾ ਹੈ, ਤਾਂ ਉਸ ਦਾ ਚਿੱਤ, ਲੋਭ, ਮੋਹ, ਈਰਖਾ ਤ੍ਰਿਸ਼ਨਾ ਤੋਂ ਮੁਕਤ ਹੋ ਜਾਂਦਾ ਹੈ ਤੇ ਉਹ ਜੀਵਨ ਮੁਕਤ ਹੋ ਜਾਂਦਾ ਹੈ। ਨਿਰਵਾਣ ਪ੍ਰਾਪਤ ਵਿਅਕਤੀ ਨੂੰ ''ਅਰਹਤ'' ਕਹਿੰਦੇ ਹਨ ਅਤੇ ਉਹ ਜੀਵਨ ਮੁਕਤ ਹੋ ਕੇ ਮਹਾਤਮਾ ਬੁੱਧ ਦੀ ਤਰ੍ਹਾਂ ਸੰਸਾਰ ਦੇ ਕਲਿਆਣ ਕਾਰਜਾਂ ਵਿਚ ਆਪਣੇ ਆਪ ਨੂੰ ਲਗਾ ਦਿੰਦਾ ਹੈ।

**4. ਚੌਥਾ ਆਰਯ ਸੱਚ :–** ਨਿਰਵਾਣ ਪ੍ਰਾਪਤੀ ਲਈ ਇਕ ਮਾਰਗ ਹੈ ਜਿਸ ਤੇ ਚੱਲਣ ਨਾਲ ਹੀ ਬੁੱਧ ਵੀ ਦੁੱਖਾਂ ਕਲੇਸ਼ਾਂ ਤੋਂ ਪਰ੍ਹੇ ਚਲੇ ਗਏ ਸਨ। ਇਸ ਮਾਰਗ ਤੇ ਆਮ ਵਿਅਕਤੀ ਵੀ ਚਲ ਸਕਦਾ ਹੈ ਜਿਨ੍ਹਾਂ ਕਾਰਨਾਂ ਕਰਕੇ ਦੁੱਖ ਉਤਪੰਨ ਹੁੰਦਾ ਹੈ ਉਨ੍ਹਾਂ ਨੂੰ ਨਸ਼ਟ ਕਰਨ ਦਾ ਉਪਾਅ ਹੀ ਨਿਰਵਾਣ ਮਾਰਗ ਹੈ ਜਿਸ ਦੇ ਅੱਠ ਅੰਗ ਹਨ। ਅੱਠ ਅੰਗਾਂ ਕਾਰਨ ਹੀ ਇਸ ਨੂੰ ਅਸ਼ਟਾਂਗ ਮਾਰਗ ਵੀ ਕਿਹਾ ਜਾਂਦਾ ਹੈ। ਇਹੋ ਹੀ ਬੁੱਧ ਧਰਮ ਦਾ ਸਾਰ ਹੈ ਅਤੇ ਇਹ ਘਰਬਾਰੀ ਅਤੇ ਸੰਨਿਆਸੀ ਦੋਵਾਂ ਲਈ ਸਮਾਨ ਹੈ। ਇਸ ਦੇ ਅੱਠ ਅੰਗ ਹੇਠ ਲਿਖੇ ਹਨ।

**1. ਠੀਕ ਦ੍ਰਿਸ਼ਟੀ :** ਅਵਿਦਿਆ, ਆਤਮ ਅਤੇ ਸੰਸਾਰ ਦੇ ਸੰਬੰਧ ਵਿਚ ਮਿਥਿਆ ਦ੍ਰਿਸ਼ਟੀ ਪੈਦਾ ਕਰਦੀ ਹੈ। ਅਸੀਂ ਪਹਿਲਾਂ ਹੀ ਸਮਝ ਚੁੱਕੇ ਹਾਂ ਕਿ ਦੂਜੇ ਆਰਯ ਸੱਚ ਦੇ ਅਨੁਸਾਰ ਅਵਿਦਿਆ ਹੀ ਸਾਡੇ ਦੁੱਖਾਂ ਦਾ ਮੂਲ ਕਾਰਨ ਹੈ। ਅਵਿਦਿਆ ਕਾਰਨ ਹੀ ਅਸੀਂ ਅਨਿੱਤ ਦੁਖਦ ਅਤੇ ਅਨਾਤਮ ਵਸਤੂ ਨੂੰ ਅਮਰ, ਸੁਖਦ ਅਤੇ ਆਤਮਾ ਰੂਪ ਸਮਝ ਬੈਠਦੇ ਹਾਂ। ਇਸ ਦ੍ਰਿਸ਼ਟੀਕੋਣ ਨੂੰ ਤਿਆਗ ਕੇ ਵਸਤੂਆਂ ਦੇ ਸਹੀ ਸਰੂਪ ਉਤੇ ਲਗਾਤਾਰ ਧਿਆਨ ਰੱਖਣ ਨੂੰ ਹੀ ਸਮਯਕ ਦ੍ਰਿਸ਼ਟੀ ਕਹਿੰਦੇ ਹਨ। ਸਮਯਕ ਦ੍ਰਿਸ਼ਟੀ ਨਾਲ ਹੀ ਕੁਸ਼ਲ ਅਤੇ ਅਕੁਸ਼ਲ ਕਰਮਾਂ ਦਾ ਗਿਆਨ ਸੰਭਵ ਹੈ।

**2. ਠੀਕ ਸੰਕਲਪ :** ਆਰਯ ਸੱਚ ਦਾ ਗਿਆਨ ਹੋ ਜਾਣ ਨਾਲ ਵੀ ਕੋਈ ਲਾਭ ਨਹੀਂ ਹੁੰਦਾ ਜੇਕਰ ਉਨ੍ਹਾਂ ਅਨੁਸਾਰ ਜੀਵਨ ਜੀਉਣ ਦਾ ਦ੍ਰਿੜ ਸੰਕਲਪ ਨਾ ਕੀਤਾ ਜਾਵੇ। ਸਮਯਕ ਸੰਕਲਪ ਦੇ ਦੋ ਭਾਗ ਹਨ- ਸ਼ੁਭ ਸੰਕਲਪ ਨੂੰ ਅਪਣਾਉਣਾ ਅਤੇ ਅਸ਼ੁੱਭ ਸੰਕਲਪ ਦਾ ਤਿਆਗ ਕਰਨਾ। ਸ਼ੁਭ ਸੰਕਲਪ ਤਿੰਨ ਹਨ – ਨਿਸਕਾਮਨਾ ਦਾ ਸੰਕਲਪ, ਅਦ੍ਰੋਹ ਦਾ ਸੰਕਲਪ ਅਤੇ ਅਹਿੰਸਾ ਦਾ ਸੰਕਲਪ। ਸ਼ੁਭ ਸੰਕਲਪਾਂ ਦੇ ਉਲਟ ਅਸ਼ੁੱਭ ਵੀ ਤਿੰਨ ਹਨ – ਕਾਮ ਸੰਕਲਪ, ਦ੍ਰੋਹ ਦਾ ਸੰਕਲਪ ਅਤੇ ਹਿੰਸਾ ਦਾ ਸੰਕਲਪ। ਸ਼ੁਧ ਸੰਕਲਪਾਂ ਨੂੰ ਧਾਰਨ ਕਰਨ ਲਈ ਮੈਤ੍ਰੀ ਅਤੇ ਕਰੁਣਾ ਨਾਮਕ ਦੋ ਗੁਣਾਂ ਦੀ ਲੋੜ ਹੁੰਦੀ ਹੈ। ਇਨ੍ਹਾਂ ਦੋਵਾਂ ਗੁਣਾਂ ਦਾ ਅਰਥ ਹੈ ਪ੍ਰਾਣੀਮਾਤਰ ਦੇ ਪ੍ਰਤੀ ਪ੍ਰੇਮ ਅਤੇ ਸਭ ਜੀਵਾਂ ਦੇ ਪ੍ਰਤੀ ਦਇਆ ਭਾਵਨਾ।

**3. ਠੀਕ ਵਾਕ :–** ਠੀਕ ਵਾਕ ਸੰਕਲਪ ਕੇਵਲ ਮਾਨਸਿਕ ਪੱਧਰ ਤੱਕ ਨਾ ਰਹਿ ਕੇ ਨਿਤ-ਜੀਵਨ ਵਿਚ ਵੀ ਵਰਤੋਂ ਵਿਚ ਆਉਣਾ ਚਾਹੀਦਾ ਹੈ। ਮਾੜੇ ਬਚਨਾਂ ਦਾ ਤਿਆਗ ਹੀ ਸਮਯਕ ਵਾਕ ਹੈ। ਅਨੁਸਿਤ ਬਚਨ ਚਾਰ ਤਰ੍ਹਾਂ ਦੇ ਦੱਸੇ ਗਏ ਹਨ – ਝੂਠੇ ਬਚਨ, ਚੁਗਲੀ, ਕਠੋਰ ਬਚਨ ਅਤੇ ਵਿਅਰਥ ਬੋਲੀ ਜਾਣਾ। ਮਨੁੱਖ ਨੂੰ ਇਨ੍ਹਾਂ ਤੋਂ ਬਚਣਾ ਚਾਹੀਦਾ ਹੈ ਅਤੇ ਕਲਿਆਕਾਰੀ, ਸੰਖੇਪ ਅਤੇ ਮਧੁਰ ਬਚਨ ਬੋਲਣੇ ਚਾਹੀਦੇ ਹਨ।

**4. ਠੀਕ ਕਰਮ :–** ਪਾਪ ਕਰਮਾਂ ਨੂੰ ਤਿਆਗਣਾ ਹੀ ਸਮਯਕ ਕਰਮ ਹੈ। ਹਿੰਸਾ, ਚੋਰੀ ਅਤੇ ਇੰਦਰੀਆਂ ਨੂੰ ਕਾਬੂ ਨਾ ਰੱਖਣਾ ਹੀ ਮਾੜੇ ਕਰਮ ਹਨ। ਇਨ੍ਹਾਂ ਤੋਂ ਮਨ ਉਲਟਾ ਕੇ ਅਹਿੰਸਾ, ਅਸਤੇਯ (ਚੋਰੀ) ਨਾ ਕਰਨਾ) ਅਤੇ ਇੰਦਰੀਆਂ ਨੂੰ ਕਾਬੂ ਰੱਖਣਾ ਹੀ ਪੁੰਨ ਕਰਮ ਹਨ। ਅਹਿੰਸਾ ਲਈ ਦਇਆ ਦੀ ਲੋੜ ਹੈ, ਇਮਾਨਦਾਰੀ ਲਈ ਸੰਤੋਖ ਦੀ ਲੋੜ ਅਤੇ ਇੰਦਰੀਆਂ ਦੇ ਕੰਟਰੋਲ ਲਈ ਬ੍ਰਹਮਚਰਯ ਦੀ ਲੋੜ ਤੇ ਜ਼ੋਰ ਦਿੱਤਾ ਗਿਆ ਹੈ।

**5. ਠੀਕ ਆਜੀਵਿਕਾ :** ਰੋਜ਼ੀ ਕਮਾਉਣ ਲਈ ਠੀਕ ਮਾਰਗ ਨੂੰ ਅਪਣਾਉਣਾ ਅਤੇ ਕੁਮਾਰਗ ਦਾ ਤਿਆਗ ਹੀ ਸਮਯਕ ਆਜੀਵਿਕਾ ਹੈ। ਜੀਵਨ ਨੂੰ ਚਲਾਈ ਰੱਖਣ ਲਈ ਜੀਵਿਕਾ ਦੀ ਲੋੜ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ। ਜੀਵਿਕਾ ਦੀ ਕਮਾਈ ਸਹੀ ਮਾਧਿਅਮ ਰਾਹੀਂ ਹੋਣੀ ਚਾਹੀਦੀ ਹੈ, ਗਲਤ ਢੰਗ ਨਾਲ ਨਹੀਂ। ਦੂਜਿਆਂ ਨੂੰ ਕਲੇਸ਼ ਦੇ ਕੇ ਜਾਂ ਮਾਰ ਕੇ ਜੀਵਿਕਾ ਉਪਾਰਜਨ ਕਰਨ ਦੀ ਮਨਾਹੀ ਕੀਤੀ ਗਈ ਹੈ। ਪਾਲੀ ਗ੍ਰੰਥਾਂ ਵਿਚ ਸ਼ਸਤਰਾਂ ਦਾ ਵਪਾਰ, ਜੀਵਾਂ ਦਾ ਵਪਾਰ, ਮਾਸ ਦਾ ਵਪਾਰ, ਸ਼ਰਾਬ ਦਾ ਵਪਾਰ ਅਤੇ ਜ਼ਹਿਰ ਦਾ ਵਪਾਰ ਕਰਨ ਦੀ ਮਨਾਹੀ ਕੀਤੀ ਗਈ ਹੈ।

**6. ਠੀਕ ਵਿਆਯਾਮ :** ਉਪਰ ਲਿਖੇ ਪੰਜ ਅਸੂਲਾਂ ਤੇ ਚੱਲਣ ਦੇ ਬਾਵਜੂਦ ਵੀ ਇਹ ਹੋ ਸਕਦਾ ਹੈ ਕਿ ਵਿਅਕਤੀ ਪੁਰਾਣੇ ਬੁਰੇ ਸੰਸਕਾਰਾਂ ਦੇ ਕਾਰਨ ਠੀਕ ਮਾਰਗ ਤੋਂ ਲਾਂਭੇ ਹੋ ਜਾਏ ਅਤੇ ਮਨ ਵਿਚ ਬੁਰੇ ਵਿਚਾਰ ਆਉਣ ਲੱਗ ਪੈਣ। ਇਸ ਲਈ ਇਸ ਗੱਲ ਦਾ ਨਿਰੰਤਰ ਪ੍ਰਯਤਨ ਜ਼ਰੂਰੀ ਹੈ ਕਿ ਪੁਰਾਣੇ ਬੁਰੇ ਸੰਸਕਾਰਾਂ ਦਾ ਪੂਰੀ ਤਰ੍ਹਾਂ ਨਾਸ ਹੋ ਜਾਏ, ਨਵੇਂ ਬੁਰੇ ਵਿਚਾਰ ਮਨ ਵਿਚ ਨਾ ਆਉਣ ਕਿਉਂਕਿ ਮਨ ਕਦੀ ਵੀ ਵਿਚਾਰਾਂ ਤੋਂ ਖਾਲੀ ਨਹੀਂ ਰਹਿ ਸਕਦਾ। ਇਸ ਲਈ ਮਨ ਨੂੰ ਕੋਸ਼ਿਸ਼ ਕਰਕੇ ਚੰਗੇ ਵਿਚਾਰਾਂ ਨਾਲ ਭਰੀ ਰੱਖਣਾ ਜ਼ਰੂਰੀ ਹੈ। ਇਨ੍ਹਾਂ ਚਾਰੇ ਪ੍ਰਕਾਰ ਦੀਆਂ ਕੋਸ਼ਿਸ਼ਾਂ ਨੂੰ ਸਮਯਕ ਵਿਆਯਾਮ ਕਹਿੰਦੇ ਹਨ। ਜੇਕਰ ਕਿਸੇ ਵਸਤੂ ਨੂੰ ਵੇਖ ਕੇ ਮਲੀਨ ਭਾਵਨਾ ਜਾਗਦੀ ਹੈ ਤਾਂ ਤੁਰੰਤ ਹੀ ਉਸ ਵਿਅਕਤੀ ਨੂੰ ਕਿਸੇ ਪਵਿੱਤਰ ਵਸਤੂ ਦਾ ਧਿਆਨ ਮਨ ਵਿਚ ਲਿਆਉਣਾ ਚਾਹੀਦਾ ਹੈ ਤਾਂ ਕਿ ਮਲੀਨਤਾ ਦੀ ਭਾਵਨਾ ਸਮਾਪਤ ਹੋ ਸਕੇ।

ਜੇਕਰ ਕਿਸੇ ਪਵਿੱਤਰ ਵਸਤੂ ਦਾ ਧਿਆਨ ਕਰਨ ਨਾਲ ਵੀ ਮਲੀਨ ਭਾਵਨਾ ਦਾ ਨਾਸ ਨਹੀਂ ਹੁੰਦਾ ਤਾਂ ਉਸ ਵਸਤੂ ਦੀਆਂ ਬੁਰਾਈਆਂ ਵਲ ਧਿਆਨ ਲਿਜਾਣਾ ਚਾਹੀਦਾ ਹੈ।

ਜੇਕਰ ਉਸ ਵਸਤੂ ਦੀਆਂ ਬੁਰਾਈਆਂ ਵੱਲ ਧਿਆਨ ਲਿਜਾਣ ਨਾਲ ਵੀ ਮਨ ਦੀ ਮਲੀਨ ਭਾਵਨਾ ਦਾ ਨਾਸ ਨਹੀਂ ਹੁੰਦਾ ਤਾਂ ਵਿਅਕਤੀ ਨੂੰ ਉਸ ਵਸਤੂ ਤੋਂ ਧਿਆਨ ਹੀ ਹਟਾ ਲੈਣਾ ਚਾਹੀਦਾ ਹੈ।

ਜੇਕਰ ਮਲੀਨ ਵਸਤੂ ਤੋਂ ਧਿਆਨ ਹਟਾ ਲੈਣ ਤੇ ਵੀ ਬੁਰੇ ਵਿਚਾਰ ਆਉਣੇ ਬੰਦ ਨਹੀਂ ਹੁੰਦੇ ਤਾਂ ਵਿਅਕਤੀ ਨੂੰ ਮਾੜੇ ਵਿਚਾਰਾਂ ਨੂੰ ਨਿਰਮੂਲ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਅਤੇ ਜੇਕਰ ਅਜਿਹਾ ਨਾ ਹੋ ਸਕੇ ਤਾਂ ਵਿਅਕਤੀ ਨੂੰ ਮੁੱਠੀਆਂ ਬੰਨ੍ਹ ਕੇ ਦੰਦਾਂ ਨੂੰ ਕਰੀਚ ਕੇ, ਬਲਪੂਰਵਕ ਬੁਰੇ ਵਿਚਾਰਾਂ ਨੂੰ ਰੋਕ, ਮਨ ਨੂੰ ਚੰਗੇ ਵਿਚਾਰਾਂ ਨਾਲ ਭਰ ਲੈਣਾ ਚਾਹੀਦਾ ਹੈ। ਸਮਯਕ ਵਿਆਯਾਮ ਇਸ ਤੱਥ ਦਾ ਲਖਾਇਕ ਹੈ ਕਿ ਧਰਮ ਦੇ ਰਾਹ ਤੇ ਬਹੁਤ ਅੱਗੇ ਤੱਕ ਵਧੇ ਹੋਏ ਵਿਅਕਤੀਆਂ ਨੂੰ ਆਪਣੀਆਂ ਕੋਸ਼ਿਸ਼ਾਂ ਵਿਚ ਢਿੱਲ ਨਹੀਂ ਆਉਣ ਦੇਣੀ ਚਾਹੀਦੀ, ਨਹੀਂ ਤਾਂ ਧਰਮ ਮਾਰਗ ਤੋਂ ਹੱਟ ਜਾਣ ਦੀ ਸੰਭਾਵਨਾ ਬਣੀ ਰਹਿੰਦੀ ਹੈ।

**7. ਠੀਕ ਸਿਮਰਨ :** ਇਸ ਮਾਰਗ ਦੇ ਚੱਲਣ ਲਈ ਲਗਾਤਾਰ ਹੁਸ਼ਿਆਰ ਬਣੇ ਰਹਿਣ ਦੀ ਲੋੜ ਹੈ। ਜਿਨ੍ਹਾਂ ਵਿਸ਼ਿਆਂ ਦਾ ਗਿਆਨ ਪ੍ਰਾਪਤ ਹੋ ਚੁੱਕਿਆ ਹੋਵੇ ਉਨ੍ਹਾਂ ਦਾ ਸਦਾ ਸਿਮਰਨ ਕਰਦੇ ਰਹਿਣਾ ਚਾਹੀਦਾ ਹੈ ਜਿਵੇਂ ਕਿ ਸਰੀਰ, ਵੇਦਨਾਂ ਨੂੰ ਵੇਦਨਾ, ਚਿੱਤ ਨੂੰ ਚਿੱਤ ਅਤੇ ਮਾਨਸਿਕ ਅਵਸਥਾ ਨੂੰ ਮਾਨਸਿਕ ਅਵਸਥਾ ਦੇ ਰੂਪ ਵਿਚ ਹੀ ਚਿਤਵਨਾ ਚਾਹੀਦਾ ਹੈ। ਇਨ੍ਹਾਂ ਵਿਚੋਂ ਕਿਸੇ ਨੂੰ ਵੀ ਇਹ ਨਹੀਂ ਸਮਝਣਾ ਚਾਹੀਦਾ ਕਿ ''ਇਹ ਮੈਂ ਹਾਂ'' ਜਾਂ ''ਇਹ ਮੇਰਾ ਹੈ''। ਇਸ ਉਪਦੇਸ਼ ਵਿਚ ਉਪਰੋਂ ਦੇਖਣ ਨਾਲ ਕੋਈ ਨਵੀਨਤਾ ਨਹੀਂ ਲਗਦੀ ਕਿਉਂਕਿ ਵਸਤੂ ਨੂੰ ਉਸ ਦੇ ਸਹੀ ਰੂਪ ਵਿਚ ਵੇਖਣਾ ਸੁਭਾਵਕ ਹੀ ਹੈ। ਇਸ ਵਿਚ ਕਿਸੇ ਸਾਧਨਾ ਦੀ ਲੋੜ ਨਹੀਂ ਹੈ। ਸਰੀਰ ਨੂੰ ਸਾਰੇ ਸਰੀਰ ਅਤੇ ਚਿੱਤ ਨੂੰ ਸਾਰੇ ਹੀ ਚਿੱਤ ਸਮਝਦੇ ਹਨ ਪਰੰਤੂ ਜੇਕਰ ਧਿਆਨ ਨਾਲ ਵੇਖਿਆ ਜਾਵੇ ਤਾਂ ਕਹਿਣ ਨਾਲੋਂ ਇਹ ਕਰਨਾ ਬਹੁਤ ਔਖਾ ਹੈ। ਸਰੀਰ ਨੂੰ ਕੇਵਲ ਪੰਜ ਤੱਤਾਂ ਦਾ ਪੁਤਲਾ ਸਰੀਰ ਮੰਨਣਾ ਇਕ ਬਹੁਤ ਹੀ ਕਠਿਨ ਕੰਮ ਹੈ। ਸਰੀਰ ਦੀ ਨਾਸਮਾਨਤਾ ਨੂੰ ਮੰਨਦੇ ਹੋਏ ਵੀ ਅਸੀਂ ਗੰਭੀਰਤਾ ਨਾਲ ਕਦੇ ਨਹੀਂ ਸੋਚਦੇ ਕਿ ਸਾਡਾ ਸਰੀਰ ਵੀ ਇਕ ਦਿਨ ਨਾਸ ਹੋਣਾ ਹੈ। ਸਰੀਰ ਦੇ ਸੰਬੰਧ ਵਿਚ ਹੋਰ ਅਨੇਕ ਮਿਥਿਆ ਵਿਚਾਰ ਸਾਡੇ ਅੰਦਰ ਘਰ ਬਣਾਈ ਬੈਠੇ ਹਨ। ਫਲ ਇਹ ਹੋਇਆ ਕਿ ਇਨ੍ਹਾਂ ਝੂਠੇ ਵਿਚਾਰਾਂ ਅਨੁਸਾਰ ਚਲਣ ਦਾ ਸਾਡਾ ਸੁਭਾਅ ਬਣ ਗਿਆ ਹੈ। ਸੁਭਾਵਕ ਹੀ ਸਰੀਰ, ਚਿੱਤ ਵੇਦਨਾ ਅਤੇ ਮਾਨਸਿਕ ਅਵਸਥਾ ਨੂੰ ਸੁੱਖ-ਜਨਕ ਸਮਝੀ ਬੈਠੇ ਰਹਿੰਦੇ ਹਾਂ। ਇਸੇ ਲਈ ਇਨ੍ਹਾਂ ਪ੍ਰਤੀ ਸਾਡਾ ਮੋਹ ਵਧਦਾ ਹੈ ਅਤੇ ਇਨ੍ਹਾਂ ਦੇ ਨਸ਼ਟ ਹੋਣ ਤੇ ਸਾਨੂੰ ਕਸ਼ਟ ਹੁੰਦਾ ਹੈ। ਇਹੀ ਸਾਡੇ ਬੰਧਨਾ ਦਾ ਕਾਰਣ ਬਣ ਜਾਂਦੇ ਹਨ ਅਤੇ ਅਸੀਂ ਜਨਮਾਂ ਜਨਮਾਂਤਰਾਂ ਤੱਕ ਦੁੱਖ ਭੋਗਦੇ ਹਾਂ। ਜੇਕਰ ਇਨ੍ਹਾਂ ਵਿਸ਼ਿਆਂ ਨੂੰ ਇਨ੍ਹਾਂ ਦੇ ਸਹੀ ਰੂਪ ਵਿਚ ਗ੍ਰਹਿਣ ਕਰੀਏ ਅਰਥਾਤ ਜੇ ਕਰ ਅਸੀਂ ਸ਼ੁਰੂ ਤੋਂ ਹੀ ਇਨ੍ਹਾਂ ਨੂੰ ਨਾਸਮਾਨ ਅਤੇ ਦੁੱਖ, ਜਨਮ-ਮਰਨ ਮੰਨ ਲਈਏ ਤਾਂ ਇਨ੍ਹਾਂ ਦੇ ਗੁਆਚਣ ਜਾਂ ਨਸ਼ਟ ਹੋਣ ਨਾਲ ਸਾਨੂੰ ਦੁੱਖ ਨਹੀਂ ਪਹੁੰਚੇਗਾ। ਏਸੇ ਲਈ ਸਮਯਕ ਸਿਮਰਨ ਦੀ ਲੋੜ ਹੈ।

ਦੀਰਘ ਨਿਕਾਯ ਵਿਚ ਸਮਯਕ ਵਾਸਤੇ ਬੁੱਧ ਨੇ ਵਿਸਤਾਰ, ਪੂਰਬਕ ਉਪਦੇਸ਼ ਦਿੱਤਾ ਹੈ ਕਿ ਸਾਨੂੰ ਬਰਾਬਰ ਯਾਦ ਰੱਖਣਾ ਚਾਹੀਦਾ ਹੈ ਕਿ ਮਾਸ, ਹੱਡੀ, ਚਮੜੀ, ਵਿਸ਼ਠਾ, ਪਿੱਤ, ਕਫ, ਪੀਕ ਆਦਿ ਨੀਚ ਪਾਦਰਥਾਂ ਨਾਲ ਭਰਿਆ ਸਰੀਰ ਸ਼ਮਸ਼ਾਨ ਵਿਚ ਕਿਵੇਂ ਸੜਦਾ ਨਸ਼ਟ ਹੁੰਦਾ ਹੈ। ਇੱਲਾਂ ਕਾਵਾਂ ਦਾ ਭੋਜਨ ਬਣਦਾ ਅਤੇ ਅੰਤ ਵਿਚ ਮੁੜ ਉਨ੍ਹਾਂ ਪੰਜ ਤੱਤਾਂ ਵਿਚ ਹੀ ਜਾ ਮਿਲਦਾ ਹੈ ਜਿਨ੍ਹਾਂ ਤੋਂ ਇਹ ਬਣਿਆ ਹੈ। ਇਨ੍ਹਾਂ ਗੱਲਾਂ ਦੀ ਲਗਾਤਾਰ ਯਾਦ ਸਾਨੂੰ ਸਰੀਰ ਦਾ ਅਸਲੀ ਰੂਪ ਸਮਝਾ ਦੇਵੇਗੀ। ਫਿਰ ਵਿਅਕਤੀ ਆਪਣੇ ਜਾਂ ਦੂਜੇ ਦੇ ਸਰੀਰ ਦਾ ਲੋਭੀ ਨਹੀਂ ਰਹੇਗਾ ਅਤੇ ਨਾ ਹੀ ਉਸ ਨੂੰ ਚਿੱਤ ਦੀਆਂ ਬਿਰਤੀਆਂ ਪ੍ਰਤੀ ਕੋਈ ਮੋਹ ਰਹੇਗਾ। ਉਹ ਪੂਰੀ ਤਰ੍ਹਾਂ ਅਨਾਸਤਕ ਹੋ ਜਾਵੇਗਾ ਅਤੇ ਦੁੱਖ ਤੋਂ ਦੂਰ ਹੀ ਰਹੇਗਾ। ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਸਮਯਕ ਸਿਮਰਨ ਨਾਲ ਵਿਅਕਤੀ ਸੰਸਾਰਕ ਵਿਸ਼ਿਆਂ ਤੋਂ ਉਪਰਾਮ ਹੋ ਜਾਂਦਾ ਹੈ ਅਤੇ ਸੰਸਾਰਕ ਬੰਧਨਾਂ ਵਿਚ ਨਹੀਂ ਪੈਂਦਾ।

**8. ਠੀਕ ਸਮਾਧੀ :** ਉਪਰ ਲਿਖੇ ਸੱਤ ਨਿਯਮਾਂ ਦੇ ਅਨੁਸਾਰ ਚੱਲ ਕੇ ਜਿਹੜਾ ਮਨੁੱਖ ਆਪਣੀਆਂ ਸਾਰੀਆਂ ਚਿੱਤ ਬਿਰਤੀਆਂ ਨੂੰ ਦੂਰ ਕਰ ਲੈਂਦਾ ਹੈ ਉਹ ਸਮਯਕ ਸਮਾਧੀ ਵਿਚ ਪ੍ਰਵੇਸ਼ ਪ੍ਰਾਪਤ ਕਰਨ ਦਾ ਅਧਿਕਾਰੀ ਹੋ ਜਾਂਦਾ ਹੈ ਅਤੇ ਕ੍ਰਮਵਾਰ ਸਮਾਧੀ ਦੀਆਂ ਚਾਰੇ ਅਵਸਥਾਵਾਂ ਨੂੰ ਪਾਰ ਕਰਕੇ ਨਿਰਵਾਣ ਦੀ ਪ੍ਰਾਪਤੀ ਕਰ ਲੈਂਦਾ ਹੈ।

ਪਹਿਲਾਂ ਉਹ ਸ਼ਾਂਤ ਅਤੇ ਇਕਾਗਰ ਚਿੱਤ ਨਾਲ ਆਰਯ ਸੱਚ ਦਾ ਚਿੰਤਨ ਕਰਦਾ ਹੈ ਅਤੇ ਉਸ ਦੇ ਮਨ ਵਿਚ ਅਨੇਕ ਤਰਕ ਵਿਤਰਕ ਅਤੇ ਸੰਦੇਹ ਪੈਦਾ ਹੁੰਦੇ ਹਨ। ਦੂਜੀ ਅਵਸਥਾਵਾਂ ਵਿਚ ਸਾਧਕ ਦੇ ਸਾਰੇ ਸੰਸੇ ਦੂਰ ਹੋ ਜਾਂਦੇ ਹਨ ਅਤੇ ਉਸ ਦੇ ਮਨ ਵਿਚ ਸ਼ਰਧਾ ਉਤਪੰਨ ਹੋ ਜਾਂਦੀ ਹੈ । ਸਾਧਨਾਂ-ਧਿਆਨ ਤੋਂ ਪੈਦਾ ਹੋਏ ਅਨੰਦ ਦਾ ਅਨੁਭਵ ਹੁੰਦਾ ਹੈ। ਤੀਜੀ ਅਵਸਥਾ ਵਿਚ ਸਾਧਕ ਆਨੰਦ ਦੀ ਅਨੁਭੂਤੀ ਤੋਂ ਵੀ ਉਤਾਂਹ ਉਠ ਜਾਂਦਾ ਹੈ ਅਤੇ ਹੁਣ ਉਹ ਮਨ ਵਿਚ ਉਪੇਖਿਆ (ਉਦਾਸੀਨਤਾ, ਤਟਸਥਤਾ ਦੇ ਭਾਵ) ਦੇ ਸੰਚਾਰ ਕਰਨ ਦਾ ਪ੍ਰਯਤਨ ਕਰਦਾ ਹੈ। ਇਸ ਪ੍ਰਯਤਨ ਕਾਰਨ ਚਿੱਤ ਦੀ ਸਮਅਵਸਥਾ ਅਤੇ ਉਸ ਦੇ ਨਾਲ-ਨਾਲ ਸਰੀਰੀ ਸੁੱਖ ਦਾ ਭਾਵ ਬਣਿਆ ਰਹਿੰਦਾ ਹੈ। ਇਨ੍ਹਾਂ ਦੋਵਾਂ ਦਾ ਬੋਧ ਤਾਂ ਬਣਿਆ ਹੀ ਰਹਿੰਦਾ ਹੈ ਪਰੰਤੂ ਨਾਲ ਅਨੰਦ ਦੇ ਪ੍ਰਤੀ ਉਦਾਸੀਨਤਾ ਦਾ ਭਾਵ ਆ ਜਾਂਦਾ ਹੈ।

ਧਿਆਨ ਦੀ ਚੌਥੀ ਅਵਸਥਾ ਵਿਚ ਚਿੱਤ ਦੀ ਸਮ ਅਵਸਥਾ ਦੇਹੀ ਸੁਖ ਅਤੇ ਗਿਆਨ ਦੇ ਆਨੰਦ ਆਦਿ ਕਿਸੇ ਦੀ ਵੀ ਸ਼ੁੱਧ ਨਹੀਂ ਰਹਿੰਦੀ। ਚਿੱਤ-ਬਿਰਤੀਆਂ ਵਿਰੁੱਧ ਹੋ ਜਾਂਦੀਆਂ ਹਨ ਅਰਥਾਤ ਬੰਦ ਹੋ ਜਾਂਦੀਆਂ ਹਨ। ਇਹ ਅਵਸਥਾ ਪੂਰਨ ਸਾਂਤੀ ਪੂਰਨ ਵੈਰਾਗ ਅਤੇ ਨਿਰੋਧ ਦੀ ਹੈ। ਇਹ ਸੁੱਖਾਂ ਦੁੱਖਾਂ ਤੋਂ ਪਰ੍ਹੇ ਹੈ। ਇਸ ਅਵਸਥਾ ਨੂੰ ਪੁੱਜੇ ਵਿਅਕਤੀ ਨੂੰ ਅਰਹਤ ਤੇ ਇਸੇ ਅਵਸਥਾ ਨੂੰ ਨਿਰਵਾਣ ਕਿਹਾ ਜਾਂਦਾ ਹੈ। ਇਹੋ ਪੂਰਨ ਪ੍ਰਗਿਆ ਦੀ ਅਵਸਥਾ ਹੈ।

ਬੁੱਧ ਦੇ ਧਰਮ ਉਪਦੇਸ਼ ਦਾ ਸਾਰ ਉਪਰ ਲਿਖਿਤ ਚਾਰ ਆਰਯ ਸੱਚਾਂ ਵਿਚੋਂ ਨਿਕਲਿਆ ਅਸ਼ਟਾਂਗਿਕ ਮਾਰਗ ਹੈ ਜਿਸ ਦੇ ਮੋਟੇ ਰੂਪ ਵਿਚ ਤਿੰਨ ਭਾਗ ਹਨ - ਸ਼ੀਲ, ਸਮਾਧੀ ਅਤੇ ਪ੍ਰਗਿਆ। ਭਾਰਤੀ ਫਲਸਫ਼ੇ ਦੇ ਅਨੁਸਾਰ ਸਦਾਚਾਰ ਅਤੇ ਪ੍ਰਗਿਆ (ਗਿਆਨ) ਵਿਚ ਅਨਿਖੜਵਾਂ ਸੰਬੰਧ ਹੈ। ਦੀਰਘ ਨਿਕਾਯ ਵਿਚ ਬੁੱਧ ਆਪਣੇ ਉਦੇਸ਼ ਵਿਚ ਕਹਿੰਦੇ ਹਨ ਕਿ ਸ਼ੀਲ ਅਤੇ ਪ੍ਰਗਿਆ ਇਕ ਦੂਜੇ ਨੂੰ ਪੁਸ਼ਟ ਕਰਦੇ ਹਨ ਅਤੇ ਅਵਿਦਿਆ ਅਤੇ ਤ੍ਰਿਸ਼ਨਾ ਦਾ ਨਾਸ ਕਰਦੇ ਹਨ। ਇਨ੍ਹਾਂ ਦੇ ਕਾਰਨ ਹੀ ਦੁੱਖ ਦਾ ਜੜ੍ਹੋਂ ਖਾਤਮਾ ਹੋ ਜਾਂਦਾ ਅਤੇ ਨਿਰਵਾਣ ਪ੍ਰਾਪਤੀ ਦੇ ਨਾਲ-ਨਾਲ ਪੂਰਨ ਸ਼ਾਂਤੀ ਦਾ ਜਨਮ ਹੁੰਦਾ ਹੈ।

ਪਾਠ ਨੰ: 2.5

ਡਾ. ਜੋਧ ਸਿੰਘ

## (ੳ) ਬੁੱਧ ਧਰਮ ਵਿਚ ਦੁੱਖ (Suffering) ਦਾ ਅਧਿਐਨ

ਬੁੱਧ ਧਰਮ ਅਤੇ ਦਰਸ਼ਨ ਵਿਚ ਦੁੱਖ ਦਾ ਸੰਕਲਪ ਇਕ ਬਹੁਤ ਹੀ ਵਿਆਪਕ ਅਤੇ ਮਹੱਤਵਪੂਰਨ ਸੰਕਲਪ ਹੈ। ਦਰਅਸਲ ਮਨੁੱਖ ਦੇ ਸਵੈ-ਵਿਰੋਧਾਂ, ਅਸਫਲਤਾਵਾਂ ਅਤੇ ਗਮਾਂ ਦਾ ਮਨੁੱਖੀ ਸ਼ਖਸੀਅਤ ਵਿਚ ਪੂਰੀ ਤਰ੍ਹਾਂ ਸੰਤੁਲਿਤ ਨਾ ਹੋ ਸਕਣਾ ਹੀ ਦੁੱਖ ਦਾ ਮੁੱਖ ਕਾਰਨ ਹੈ। ਵਿਅਕਤੀ ਦੀਆਂ ਆਪਣੀਆਂ ਇਛਾਵਾਂ ਤੇ ਉਨ੍ਹਾਂ ਇੱਛਾਵਾਂ ਨੂੰ ਪੂਰੀਆਂ ਨਾ ਕਰਨ ਦੇਣ ਵਾਲੀਆਂ ਸੀਮਾਵਾਂ ਦੁੱਖ ਨੂੰ ਹੋਰ ਵਧਾਉਂਦੀਆਂ ਹਨ ਅਤੇ ਕੁਲ ਮਿਲਾ ਕੇ ਵਿਅਕਤੀ ਨੂੰ ਆਪਣਾ ਚੁਗਿਰਦਾ ਦੁੱਖ-ਪੂਰਨ ਮਹਿਸੂਸ ਹੁੰਦਾ ਹੈ। ਕੁਦਰਤੀ ਤੌਰ ਤੇ ਮਨੁੱਖੀ ਆਸ਼ਾਵਾਂ ਅਤੇ ਤ੍ਰਿਸ਼ਨਾਵਾਂ ਅਨੇਕ ਹਨ। ਕੁਦਰਤ ਦੁਆਰਾ ਹੀ ਅਨੇਕ ਗੈਰ-ਜ਼ਰੂਰੀ ਇੱਛਾਵਾਂ ਦੀ ਪੂਰਤੀ ਨਾ ਹੋਣ ਦੇਣ ਲਈ ਮਨੁੱਖੀ ਮਨ ਤੇ ਕੁਦਰਤ ਦੇ ਵਿਚਕਾਰ ਲਗਾਤਾਰ ਇਕ ਸੰਘਰਸ਼ ਚਲਦਾ ਰਹਿੰਦਾ ਹੈ। ਨਤੀਜੇ ਵਜੋਂ ਮਨੁੱਖੀ ਜੀਵਨ ਪੀੜਾ ਪਸ਼ਚਾਤਾਪ ਅਤੇ ਦੁੱਖ ਨਾਲ ਲਗਭਗ ਭਰਿਆ ਰਹਿੰਦਾ ਹੈ। ਇਸ ਤੋਂ ਇਲਾਵਾ ਮੌਤ ਦਾ ਲਗਾਤਾਰ ਭੈਭੀਤ ਕਰਨ ਵਾਲਾ ਸਰੂਪ ਵੀ ਮਨੁੱਖ ਦੀ ਚਿੰਤਾ ਅਤੇ ਦੁੱਖ ਦਾ ਕਾਰਨ ਸਮਝਿਆ ਜਾਂਦਾ ਹੈ।

ਬੁੱਧ ਧਰਮ ਦੇ ਦੁਖਵਾਦ ਰਾਹੀਂ ਮਨੁੱਖ ਉਤੇ ਆਪਣੇ ਚੌਗਿਰਦੇ ਦੁਆਰਾ ਦਿੱਤੀਆਂ ਗਈਆਂ ਬਿਮਾਰੀਆਂ, ਬੁਢਾਪਾ, ਮ੍ਰਿਤੂ ਅਤੇ ਹੋਰ ਅਨੇਕ ਮੁਸੀਬਤਾਂ ਦੇ ਸਰੂਪ ਦਾ ਪ੍ਰਗਟਾਵਾ ਹੁੰਦਾ ਹੈ। ਪ੍ਰਾਪਤੀ ਅਤੇ ਅਨੁਭੂਤੀ ਮਨੁੱਖੀ ਸਮਰਥਾਵਾਂ ਬਹੁਤ ਹੀ ਸੀਮਿਤ ਹਨ ਅਤੇ ਜਦੋਂ ਉਸ ਦੀਆਂ ਇਛਾਵਾਂ ਦੀ ਪੂਰਤੀ ਨਹੀਂ ਹੁੰਦੀ ਤਾਂ ਉਸ ਦੇ ਅੰਦਰ ਅਜੀਬ ਕਿਸਮ ਦੀ ਟੁੱਟ-ਭੱਜ ਹੁੰਦੀ ਹੈ ਜਿਸ ਦੇ ਫਲਸਰੂਪ ਕਦੀ-ਕਦੀ ਉਹ ਆਪਣੀ ਹੋਂਦ ਦੀ ਸਾਰਥਕਤਾ ਦੇ ਬਾਰੇ ਪ੍ਰਸ਼ਨ ਉਠਾਉਂਦਾ ਹੈ ਅਤੇ ਕਦੀ-ਕਦੀ ਅਜਿਹੇ ਬ੍ਰਹਿਮੰਡੀ ਨਿਯਮਾਂ ਦੀ ਖੋਜ ਕਰਨ ਦਾ ਯਤਨ ਕਰਦਾ ਹੈ, ਜਿਨ੍ਹਾਂ ਰਾਹੀਂ ਉਹ ਆਪਣੀ ਹੱਤਾਸ਼ਾ ਅਸਫਲਤਾਵਾਂ ਅਤੇ ਮੁਸੀਬਤਾਂ ਦਾ ਕਾਰਣ ਲੱਭ ਸਕੇ। ਬੁੱਧ ਨੇ ਇਕ ਬਿਰਧ ਵਿਅਕਤੀ ਨੂੰ ਇਕ ਬਿਮਾਰ ਵਿਅਕਤੀ ਨੂੰ ਅਤੇ ਇਕ ਮ੍ਰਿਤਕ ਵਿਅਕਤੀ ਦੀ ਦੇਹ ਨੂੰ ਜਦੋਂ ਵੇਖਿਆ ਤਾਂ ਉਸ ਨੇ ਸੰਸਾਰ ਵਿਚ ਲੀਨ ਹੋਏ ਰਹਿਣ ਦੀ ਵਿਅਰਥਾ ਨੂੰ ਬੜੀ ਸ਼ਿੱਦਤ ਨਾਲ ਮਹਿਸੂਸ ਕੀਤਾ। ਉਸ ਨੇ ਇਹ ਵੀ ਅਨੁਭਵ ਕੀਤਾ ਕਿ ਸਾਰੇ ਹੀ ਜੀਵਤ ਵਿਅਕਤੀਆਂ ਨੂੰ ਜਾਣੇ ਅਣਜਾਣੇ ਚਾਹੁਣ ਜਾਂ ਨਾ ਚਾਹੁਣ ਦੋਹਾਂ-ਹਾਲਤਾਂ ਵਿਚ ਹੀ ਅਜਿਹੇ ਦੁੱਖਾਂ ਦਾ ਸਾਹਮਣਾ ਕਰਨ ਲਈ ਮਜ਼ਬੂਰ ਹੋਣਾ ਪੈਂਦਾ ਹੈ। ਇਸ ਵਿਚਾਰ ਨੇ ਉਸ ਦੇ ਮਨ ਉੱਤੇ ਅਜਿਹਾ ਪ੍ਰਭਾਵ ਪਾਇਆ ਕਿ ਫਿਰ ਕੋਈ ਵੀ ਸੰਸਾਰਿਕ ਮੋਹ ਅਥਵਾ ਲਾਭ ਉਸ ਨੂੰ ਆਪਣੇ ਵੱਲ ਨਾ ਖਿੱਚਕੇ ਰਖ ਸਕਿਆ। ਉਸ ਨੇ ਦੁੱਖ ਨੂੰ ਜਿੱਤਣ ਜਾਂ ਉਸ ਤੋਂ ਬਚਣ ਲਈ ਇਕ ਮਨੋਵਿਗਿਆਨਕ ਅਤੇ ਨੈਤਿਕ ਮਾਰਗ ਲੱਭਣ ਦਾ ਯਤਨ ਕੀਤਾ ਅਤੇ ਇਸ ਯਤਨ ਵਿਚ ਉਸ ਨੇ ਦੁੱਖ ਨੂੰ ਚੁਪ-ਚਾਪ ਸਹੀ ਜਾਣ ਉਤੇ ਸਿੱਖਿਆ ਨਾ ਦਿੱਤੀ ਬਲਕਿ ਆਪਣੀਆਂ ਕੋਸ਼ਿਸ਼ਾਂ ਦੇ ਨਾਲ ਇਨ੍ਹਾਂ ਦੁੱਖਾਂ ਤੋਂ ਉਤਾਂਹ ਉਠਣ ਦੀ ਗੱਲ ਲੋਕਾਂ ਨੂੰ ਸਮਝਾਈ।

ਦੁਖਵਾਦ ਦੇ ਇਸੇ ਇਤਿਹਾਸ ਨੂੰ ਜੇ ਸ਼ੁਰੂ ਤੋਂ ਵੇਖਣ ਦਾ ਯਤਨ ਕਰੀਏ ਤਾਂ ਭਾਰਤ ਵਿਚ ਮੋਹਿੰਜੋਦੜੋ ਅਤੇ ਹੜੱਪਾ ਸਭਿਅਤਾ ਤਕ ਜਾਂ ਕੇ ਸਾਨੂੰ ਇਹ ਪਤਾ ਲੱਗਦਾ ਹੈ ਕਿ ਸ਼ਾਇਦ ਭਾਰਤੀ ਸਭਿਅਤਾ ਦੇ ਆਰੰਭ ਵਿਚ ਦੁਖ ਦਾ ਚਿਰਣ ਅਤੇ ਅਨੁਭਵ ਬੁੱਧ ਧਰਮ ਜਿੰਨਾ ਵਿਆਪਕ ਤੇ ਤਿੱਖਾ ਨਹੀਂ ਹੈ। ਇਸ ਸਭਿਅਤਾ ਦੀਆਂ ਖੁਦਾਈਆਂ ਤੋਂ ਪ੍ਰਾਪਤ ਪ੍ਰਾਮਣਾਂ ਤੋਂ ਇਹ ਪਤਾ ਲੱਗਦਾ ਹੈ ਕਿ ਲੋਕ-ਸੁਖ-ਪੂਰਵਕ ਰਹਿਣ ਦੇ ਕਾਇਲ ਸਨ ਅਤੇ ਜੀਵਨ ਦੀਆਂ ਖੁਸ਼ੀਆਂ ਨੂੰ ਪੈਦਾ ਕਰਨ ਤੇ ਉਨ੍ਹਾਂ ਨੂੰ ਭੋਗਣ ਲਈ ਉਨ੍ਹਾਂ ਨੇ ਹਰ ਕਿਸਮ ਦੇ ਸਾਧਨ ਜੁਟਾਏ ਹੋਏ ਸਨ। ਯੋਗੀ ਦੇ ਆਸਣ ਵਿਚ ਬੈਠੇ ਸ਼ਿਵ ਦੀ ਮੂਰਤੀ ਵੀ ਇਨ੍ਹਾਂ ਖੁਦਾਈਆਂ ਤੋਂ ਪ੍ਰਾਪਤ ਹੋਈ ਸੀ ਜਿਸ ਤੋਂ ਇਹ ਵੀ ਪਤਾ ਲਗਦਾ ਹੈ ਕਿ ਉਸ ਸਮੇਂ ਦੇ ਲੋਕ ਅਵੱਸ਼ ਕਿਸੇ ਨਾ ਕਿਸੇ ਰੂਪ ਵਿਚ ਪ੍ਰਾਕ੍ਰਿਤਕ ਆਫਤਾਂ ਤੋਂ ਬਚਣ ਲਈ ਕਿਸੇ ਦੇਵਤੇ ਦੀ ਪੂਜਾ, ਅਰਚਨਾ ਕਰਦੇ ਸਨ ਅਤੇ ਕਿਸੇ ਨਾ ਕਿਸੇ ਰੂਪ ਵਿਚ ਤਿਆਗ ਤੇ ਸੰਜਮ ਨੂੰ ਵੀ ਮਹੱਤਤਾ ਦਿੰਦੇ ਸਨ। ਬਾਅਦ ਦੀ ਆਰੀਅਨ ਸਭਿਅਤਾ ਨੂੰ ਦਰਸਾਉਣ ਵਾਲੇ ਵੇਦਾਂ ਵਿਚ ਸਾਨੂੰ ਇਕ ਭਾਵਨਾਤਮਕ ਉਛਾਲ ਦੇ ਦਰਸ਼ਨ ਹੁੰਦੇ ਹਨ ਅਤੇ ਮੰਤਰਾਂ ਵਿਚ ਸਾਨੂੰ ਜਿੱਤ ਦੇ, ਅਗਾਂਹ ਹੋਰ ਤਰੱਕੀ ਕਰਨ ਦੇ, ਲੰਮੀ ਉਮਰ ਦੇ ਅਤੇ ਆਰਥਿਕ ਖੁਸ਼ਹਾਲੀ ਦੇ ਲਈ ਕੀਤੀਆਂ ਪ੍ਰਾਰਥਨਾਵਾਂ ਪ੍ਰਾਪਤ ਹੁੰਦੀਆਂ ਹਨ। ਵੈਦਿਕ ਦੇਵਤੇ ਸ਼ਕਤੀਸ਼ਾਲੀ, ਲਾਭ ਪ੍ਰਦਾਤਾਂ ਤੇ ਸੰਸਾਰਕ ਕੰਮਾਂ-ਕਾਰਾਂ ਵਿਚ ਪੂਰੀ ਦਿਲਚਸਪੀ ਲੈਣ ਵਾਲੀਆਂ ਹਸਤੀਆਂ ਹਨ। ਇੰਦਰ ਇਸ ਸਮੇਂ ਦਾ ਪ੍ਰਮੁੱਖ ਦੇਵਤਾ ਹੈ ਪਰ ਨਾਲ ਹੀ ਨਾਲ ਹੋਰ ਵੀ ਅਨੇ

ਕ ਦੇਵੀ ਦੇਵਤੇ ਹਨ ਜਿਹੜੇ ਆਪਣੇ ਸ਼ਰਧਾਲੂਆਂ ਦੇ ਪ੍ਰਸ਼ੰਸਾਜਨਕ ਗੀਤ ਸੁਣਨ ਲਈ ਉਤਸੁਕ ਹਨ ਅਤੇ ਨਾਲ ਹੀ ਨਾਲ ਸ਼ਰਧਾਲੂਆਂ ਦੀ ਰੱਖਿਆ ਕਰਨ ਲਈ ਵੀ ਤਿਆਰ ਹਨ। ਇਹ ਸਾਰੇ ਦੇਵਤੇ ਤਿਆਗ, ਤਪੱਸਿਆ ਜਾਂ ਨੈਤਿਕ ਪੂਰਣਤਾ ਦੇ ਪ੍ਰਤੀਕ ਨਾ ਹੋ ਕੇ ਸ਼ਕਤੀ, ਸਮਰੱਥਾ, ਉਤਸ਼ਾਹ ਅਤੇ ਬਦਲਾ ਲੈਣ ਦੀ ਭਾਵਨਾ ਦੇ ਵੱਧ ਪ੍ਰਤੀਕ ਹਨ। ਦਰਅਸਲ ਵੈਦਿਕ ਕਾਲ ਦੇ ਮਨੁੱਖ ਜੀਵਨ ਨੂੰ ਪੂਰਣਤਾ ਵਿਚ ਮਾਨਣ ਦੇ ਹਾਮੀ ਸਨ। ਇਸੇ ਲਈ ਇਹ ਵਿਅਕਤੀ ਸੈਂਕੜੇ ਸਾਲਾਂ ਦੇ ਜੀਵਨ ਦਾਨ ਮੰਗਦੇ ਹੋਏ ਇਸ ਸੰਸਾਰ ਨੂੰ ਵੱਧ ਤੋਂ ਵੱਧ ਮਾਨਣ ਦੇ ਇਛੁੱਕ ਹਨ।

ਵੈਦਿਕ ਕਾਲ ਦੇ ਵਿਚ ਸਾਨੂੰ ਵਿਅਕਤੀ ਦਾ ਕੁਦਰਤ ਨਾਲ ਇਕਮਿਕ ਹੋਣ ਦਾ ਸਰੂਪ ਵਿਖਾਈ ਦਿੰਦਾ ਹੈ ਅਤੇ ਮਨੁੱਖ ਤੇ ਕੁਦਰਤ ਦੇ ਵਿਚਕਾਰ ਕਿਸੇ ਸੁਨਿਯੋਜਿਤ ਵਿਚਾਰ-ਪ੍ਰਹਾਰ ਦੇ ਅਧੀਨ ਕਿਸੇ ਵਿਸ਼ੇਸ਼ ਰਿਸ਼ਤੇ ਦਾ ਪ੍ਰਗਟਾਵਾ ਨਹੀਂ ਦਿਖਾਈ ਦਿੰਦਾ ਹੈ ਪਰ ਫਿਰ ਵੀ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਚਰਵਾਹਿਆਂ ਦੇ ਰੂਪ ਵਿਚ ਵਧੇ ਫੂਲੇ ਅਤੇ ਖੇਤੀਬਾੜੀ ਕਰਨ ਵਾਲੇ ਵੈਦਿਕ ਕਾਲੀ ਆਰੀਆ ਕੁਦਰਤ ਦੇ ਨਾਲ ਇਕ ਰੂਪ ਹੋ ਜਾਣ ਨੂੰ ਕਾਫੀ ਮਹੱਤਵਪੂਰਨ ਮੰਨਦੇ ਸਨ ਇਸੇ ਲਈ ਵੈਦਿਕ ਗ੍ਰੰਥਾਂ ਵਿਚ ਬਚਪਨ ਵਰਗੀ ਅਨਭੋਲਤਾ ਤਾਜਗੀ ਅਤੇ ਸਪਸ਼ਟਤਾ ਦੇ ਦਰਸ਼ਨ ਹੁੰਦੇ ਹਨ। ਜੀਵਨ ਬਹੁਤ ਸਿੱਧਾ-ਸਾਧਾ ਸੀ। ਪ੍ਰਾਰਥਾਨਾਵਾਂ ਬਹੁਤ ਸਰਲ, ਸਪਸ਼ਟ ਅਤੇ ਸਿੱਧੀਆਂ-ਸਾਦੀਆਂ ਸਨ ਅਤੇ ਦੇਵਤਾਵਾਂ ਕੋਲੋਂ ਵਰਦਾਨ ਪ੍ਰਾਪਤੀ ਲਈ ਭੋਜਨ ਅਤੇ ਸੋਮਰਸ ਆਦਿ ਆਮ ਪਦਾਰਥਾਂ ਦੀ ਭੇਟ ਹੀ ਕਾਫੀ ਸੀ। ਖਾਣਾ, ਪਹਿਰਾਵਾ, ਨੈਤਿਕਤਾ ਬਹੁਤ ਹੀ ਸਿੱਧੇ-ਸਾਧੇ ਅਤੇ ਸਪੱਸ਼ਟ ਰੂਪ ਵਾਲੀਆਂ ਆਮ ਵਸਤਾਂ ਸਨ ਜਿਹੜੀਆਂ ਕਿ ਉਸ ਵੇਲੇ ਦੇ ਧਾਰਮਿਕ ਤੇ ਸਮਾਜਿਕ ਦੋਹਾਂ ਤਰ੍ਹਾਂ ਦੇ ਜੀਵਨ ਨੂੰ ਦਰਸਾਉਣ ਵਿਚ ਸਹਾਇਕ ਸਨ। ਮੋਟੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਵੈਦਿਕ ਕਾਲ ਦਾ ਜੀਵਨ ਸੁੱਖ, ਆਨੰਦ ਅਤੇ ਸਫਲਤਾ ਨਾਲ ਭਰਪੂਰ ਜੀਵਨ ਸੀ। ਇਸੇ ਤਰ੍ਹਾਂ ਦਾ ਹੀ ਜੀਵਨ ਵੇਦਾਂ ਤੋਂ ਬਾਅਦ ਬ੍ਰਾਹਮਣ ਯੱਗ ਵਿਚ ਸੀ ਪਰ ਇਸ ਯੁੱਗ ਤੱਕ ਵਰਣ-ਵਿਵਸਥਾ ਅਤੇ ਯੱਗਾਂ ਨਾਲ ਸੰਬੰਧਿਤ ਬਲੀਦਾਨ ਦੇ ਕਰਮ ਕਾਂਡ ਕਾਫੀ ਵਧੇਰੇ ਮਾਤਰਾ ਵਿਚ ਚੱਲ ਪਏ ਸਨ। ਯੱਗਾਂ ਦੇ ਵਿਚ ਜ਼ਿਆਦਾ ਬਲੀਆਂ ਦਾ ਦੇਣਾ ਹੀ ਸਿੱਧ ਕਰਦਾ ਹੈ ਕਿ ਸੰਸਾਰਕ ਸੁਖਾਂ ਦੀ ਲਾਲਸਾ ਵਧੇਰੇ ਹੋ ਗਈ ਸੀ।

ਲੰਮੀ ਉਮਰ, ਖੁਸ਼ਹਾਲੀ ਸਵੈਮਾਨ ਪੂਰਨ ਜੀਵਨ, ਜਾਨਵਰਾਂ ਦੀ ਗਿਣਤੀ ਦੇ ਵਿਚ ਵਾਧੇ ਦੇ ਨਾਲ-ਨਾਲ ਸਵਰਗ ਦੀ ਪ੍ਰਾਪਤੀ ਆਦਿ ਇਛਾਵਾਂ ਵੀ ਸ਼ਾਮਿਲ ਹੋ ਗਈਆਂ ਸਨ ਤੇ ਸਮਾਜਿਕ ਲੋੜ ਅਨੁਸਾਰ ਹੀ ਸਵਰਗ ਤੇ ਨਰਕ ਦੀ ਕਲਪਨਾ ਕਰ ਲਈ ਗਈ ਸੀ। ਫਿਰ ਵੀ ਧਰਮ ਨੂੰ ਮੋਟੇ ਤੌਰ ਤੇ ਪ੍ਰਸੰਨਤਾ ਅਤੇ ਆਨੰਦ ਵਧਾਉਣ ਦਾ ਸਾਧਨ ਹੀ ਮੰਨਿਆ ਜਾਂਦਾ ਰਿਹਾ ਸੀ। ਦਰਅਸਲ ਜਦੋਂ ਤੱਕ ਸਮਾਜਿਕ ਸੰਸਥਾਵਾਂ ਅਤੇ ਸਮਾਜਿਕ ਆਦੇਸ਼ ਮਜ਼ਬੂਤੀ ਨਾਲ ਲਾਗੂ ਰਹਿੰਦੇ ਹਨ ਉਦੋਂ ਤਕ ਦੁਨੀਆਂ ਪ੍ਰਤੀ ਉਦਾਸੀਨਤਾ ਜਾਂ ਦੁਖੀ ਹੋ ਕੇ ਦੁਨੀਆਂ ਤਿਆਗ ਦੀ ਭਾਵਨਾ ਜ਼ੋਰ ਫੜ ਸਕਦੀ ਹੈ। ਵਿਅਕਤੀਗਤ ਰੂਪ ਵਿਚ ਦੁਖੀ ਵਿਅਕਤੀ ਵੀ ਆਪਣੇ ਦੁੱਖ ਨੂੰ ਵੱਡੇ ਸਮਾਜ ਦੀ ਖੁਸ਼ੀ ਲਈ ਭੁੱਲ ਜਾਂਦਾ ਹੈ ਅਤੇ ਇਸ ਤਰੀਕੇ ਨਾਲ ਕਿਸੇ ਰੂਪ ਵਿਚ ਉਸ ਸਮਾਜ ਦਾ ਇਕ ਅੰਗ ਬਣਿਆ ਰਹਿੰਦਾ ਹੈ। ਉਹ ਆਪਣੇ ਆਪ ਨੂੰ ਕਦੇ ਇਕੱਲਾ ਅਵਿਸ਼ਵਾਸ ਨਾਲ ਭਰਪੂਰ ਨਹੀਂ ਮਹਿਸੂਸ ਕਰਦਾ। ਦਰਅਸਲ ਵਿਅਕਤੀ ਦਾ ਪਰੰਪਰਾ ਦੇ ਖਿਲਾਫ਼ ਖਲੋਣਾ ਹੀ ਉਸ ਦੇ ਦੁਖ ਦਾ ਆਰੰਭ ਬਣਦਾ ਹੈ ਅਤੇ ਦੁਖ ਦੀ ਇਹ ਭਾਵਨਾ ਇਕ ਸੰਵੇਦਨਸ਼ੀਲ ਵਿਅਕਤੀ ਨੂੰ ਸਮਾਜਿਕ ਕਰਤੱਵਾਂ ਤੋਂ ਮੁਕਤ ਹੋਣ ਅਤੇ ਉਨ੍ਹਾਂ ਦੀ ਵਿਅਰਥਤਾ ਵਿਖਾਉਣ ਦਾ ਰਾਹ ਪੱਧਰਾ ਕਰਦੀ ਹੈ। ਵੈਦਿਕ ਅਤੇ ਬ੍ਰਾਹਮਣ ਕਾਲ ਦਾ ਧਾਰਮਿਕ ਜੀਵਨ ਸਮਾਜਿਕ ਕਰਤੱਵਾਂ ਦੀ ਪੂਰਤੀ ਕਰਦੇ ਰਹਿਣ ਲਈ ਵਿਅਕਤੀ ਨੂੰ ਨਿਸ਼ਚਿਤ ਰੂਪ ਵਿਚ ਕਰੜੇ ਤੋਂ ਕਰੜੇ ਆਦੇਸ਼ ਦਿੰਦੇ ਰਹਿਣ ਲਈ ਤਿਆਰ ਵਿਖਾਈ ਦਿੰਦਾ ਹੈ ਅਤੇ ਇਸ ਤੱਥ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਕਰੜੇ ਅਨੁਸ਼ਾਸ਼ਨ ਵਿਚੋਂ ਹੀ ਵਿਦਰੋਹ ਦੀ ਭਾਵਨਾ ਪੈਦਾ ਕਰਦਾ ਹੈ ਅਤੇ ਫਲਸਰੂਪ ਤਣਾਓ (ਦੁੱਖ) ਦੀ ਸਿਰਜਣਾ ਹੁੰਦੀ ਹੈ।

ਉਪਨਿਸ਼ਦਾਂ ਦੇ ਸਮੇਂ ਵਿਚ ਸਾਨੂੰ ਵੈਦਿਕ ਕਾਲ ਤੋਂ ਕੁੱਝ ਵੱਖ ਮਨੋਬਿਰਤੀਆਂ ਦੇ ਦਰਸ਼ਨ ਹੁੰਦੇ ਹਨ। ਉਪਨਿਸ਼ਦਾਂ ਦੇ ਵਿਚ ਇਕੱਲੀਆਂ ਸ਼ਖਸੀਅਤਾਂ ਦੇ ਸੰਸਾਰ ਬਾਰੇ, ਮਨੁੱਖ ਬਾਰੇ ਅਤੇ ਪਰਮਾਤਮਾ ਬਾਰੇ ਡੂੰਘੇ ਚਿੰਤਨ ਦੀ ਰੂਪ ਰੇਖਾ ਵਿਖਾਈ ਦਿੰਦੀ ਹੈ। ਪਰਮਾਤਮਾ ਨੂੰ ਦਵੈਤ ਤੋਂ ਉਪਰ ਇਕ ਅਨੰਤ ਸੱਤਾ ਦੇ ਰੂਪ ਵਿਚ ਦੇਖਣ ਦੀ ਕੋਸ਼ਿਸ਼ ਕੀਤੀ ਗਈ ਹੈ। ਅਤੇ ਇਹ ਅਨੰਤ ਸੱਤਾ ਦੇ ਦਰਸ਼ਨ ਨਾਲ ਪ੍ਰਾਪਤ ਹੋਣ ਵਾਲੇ ਪਰਮ-ਅਨੰਦ ਦਾ ਜ਼ਿਕਰ ਹੈ। ਪਰਮਾਤਮ ਵਿਚ ਪਰਮ-ਆਨੰਦ ਦੀ ਪ੍ਰਾਪਤੀ ਤੋਂ ਇਹ ਭਾਵ ਨਹੀਂ ਲਿਆ ਜਾ ਸਕਦਾ ਕਿ ਲੋਕ ਸੰਸਾਰਕ ਦੁੱਖਾਂ ਤੋਂ ਭੈਭੀਤ ਹੋ ਕੇ ਹੀ ਅਜਿਹਾ ਸੋਚਦੇ ਰਹੇ ਹੋਣਗੇ। ਦਰਅਸਲ ਉਪਨਿਸ਼ਦ ਕਾਲ ਇਕ ਅਜਿਹਾ ਸਮਾਂ ਹੈ ਜਿਸ ਵਿਚ ਜੀਵਨ ਨਾਲ ਸੰਬੰਧਿਤ ਭੌਤਿਕ ਅਤੇ ਪਰਾਭੌਤਿਕ ਹੋਂਦਾਂ ਬਾਰੇ ਡੂੰਘਾ ਚਿੰਤਨ ਕੀਤਾ ਗਿਆ ਹੈ। ਫਿਰ ਵੀ ਇਹ ਕਿਹਾ ਜਾ ਸਕਦਾ ਹੈ ਸੰਸਾਰ ਦੀ ਅਸਥਿਰਤਾ, ਨਿਰਾਸਤਾ ਅਤੇ ਚਲਾਇਮਾਨਤਾ ਦੇ ਸਿਧਾਂਤ ਬਾਕੀ ਹੋਰ ਸਿਧਾਂਤਾਂ ਤੇ ਕਿਸੇ ਨਾ ਕਿਸੇ ਰੂਪ ਵਿਚ ਭਾਰੂ ਹੁੰਦੇ ਨਜ਼ਰ ਆਉਣ ਲੱਗ ਪਏ ਸਨ। ਉਂਝ ਇਸ ਤੱਥ ਨੂੰ ਇੰਝ ਵੀ ਸਮਝਿਆ ਜਾ ਸਕਦਾ

ਹੈ ਕਿ ਪਰਮ-ਬ੍ਰਹਮ ਦੇ ਸੰਦਰਭ ਵਿਚ ਤਾਂ ਇਹ ਸੰਸਾਰ ਬਿਨਸਨਹਾਰ, ਪੀੜਾ-ਉਤਪਾਦਕ ਅਤੇ ਮਾਇਆ ਭਰਪੂਰ ਛਲਾਵਾ ਕਿਹਾ ਜਾ ਸਕਦਾ ਹੈ ਪਰੰਤੂ ਆਪਣੇ ਆਪ ਵਿਚ ਸਭ ਕਾਸੇ ਦੀ ਜੀਵਨਗਤੀ ਚਲਾਈ ਰੱਖਣ ਵਾਸਤੇ ਮਹੱਤਤਾ ਘੱਟ ਨਹੀਂ ਹੈ। ਯਾਗਵਲਕਯ ਬੇਸ਼ਕ ਸੰਸਾਰ ਤਿਆਗ ਦੀ ਗੱਲ ਕਰਦਾ ਹੈ ਪਰੰਤੂ ਉਹ ਦੁੱਖ ਨੂੰ ਪਰਮ ਸੱਚ ਅਤੇ ਪੂਜਨੀਯ ਨਹੀਂ ਮੰਨਦਾ, ਕਠੋਪਨਿਦ ਦਾ ਨਚਿਕੇਤਾ ਬਾਲਕ ਵੀ ਬੇਸ਼ਕ ਇਕ ਅਤਿਅੰਤ ਵਿਕਸਿਤ ਧਾਰਮਿਕ ਭਾਵਨਾ ਦਾ ਪ੍ਰਤੀਕ ਹੈ ਪਰ ਉਹ ਵੀ ਸੰਸਾਰ ਨੂੰ ਪਾਪ, ਦੁੱਖ ਅਤੇ ਬੁਰਾਈ ਨਾਲ ਭਰਪੂਰ ਥਾਂ ਨਹੀਂ ਮੰਨਦਾ। ਉਪਨਿਸ਼ਦਾਂ ਵਿਚ ਮਨੁੱਖੀ ਸੰਤਾਪ ਨਾਲ ਸੰਬੰਧਿਤ ਵੇਰਵੇ ਗਿਣਵੇਂ ਚੁਣਵੇਂ ਹੀ ਹਨ ਅਤੇ ਜਿਥੇ ਕਿਤੇ ਹਨ ਵੀ ਉਥੇ ਵਿਅਕਤੀਗਤ ਦੁੱਖ ਦੀ ਗੱਲ ਘੱਟ ਹੈ ਅਤੇ 'ਲੋਕ ਦੁੱਖ' ਦੀ ਗੱਲ ਵੱਧ ਹੈ। ਇਸ ਲਈ ਕਿਹਾ ਜਾ ਸਕਦਾ ਹੈ ਬੇਸ਼ਕ ਉਪਨਿਸ਼ਦਾਂ ਦੇ ਰਿਸ਼ਿਆਂ ਦਾ ਜੰਗਲਾਂ ਵਿਚ ਜਾਣਾ ਉਨ੍ਹਾਂ ਦਾ ਸੰਸਾਰਕ ਸੰਤਾਪਾਂ ਦੇ ਕਾਰਨ ਸੰਸਾਰ ਤੋਂ ਉਪਰਾਮ ਹੋਣਾ ਸਮਝਿਆ ਜਾ ਸਕਦਾ ਹੈ ਪਰ ਫਿਰ ਵੀ ਉਦਾਲਕ, ਆਰੁਣੀ, ਸਤਯਕਾਮ, ਜਾਬਾਲ ਆਦਿ ਅਜਿਹੇ ਰਿਸ਼ੀ ਵਿਅਕਤੀ ਹਨ ਜਿਹੜੇ ਘਰਬਾਰੀ ਜੀਵਨ ਨੂੰ ਨਹੀਂ ਤਿਆਗਦੇ।

ਬੁੱਧ ਧਰਮ ਦਾ ਪਹਿਲਾ ਆਰਯ ਸੱਚ ਦੁੱਖ ਦੀ ਸਰਬ ਵਿਆਪਕਤਾ ਦੀ ਗੱਲ ਕਰਦਾ ਹੈ। ਵਿਖਾਈ ਦੇਣ ਵਾਲੇ ਸਾਰੇ ਸੁੱਖ ਵੀ ਅਸਲ ਵਿਚ ਦੁੱਖ ਹਨ ਕਿਉਂਕਿ ਉਨ੍ਹਾਂ ਦੇ ਖੁੱਸ ਜਾਣ ਦਾ ਲਗਾਤਾਰ ਭੈ ਮਨੁੱਖ ਨੂੰ ਹਮੇਸ਼ਾਂ ਹੀ ਸਤਾਈ ਜਾਂਦਾ ਹੈ। ਇਸ ਤੋਂ ਇਲਾਵਾ ਗਰੀਬੀ, ਬੀਮਾਰੀ, ਬੁਢਾਪਾ, ਮੌਤ, ਸਵਾਰਥ, ਲੋਭ, ਕ੍ਰੋਧ ਆਦਿ ਦੁੱਖ ਦੇ ਹੀ ਬਦਲੇ ਹੋਏ ਰੂਪ ਹਨ ਜਿਹੜੇ ਸਾਰੇ ਸੰਸਾਰ ਵਿਚ ਵਿਆਪਤ ਹਨ। ਬੁੱਧ ਨੇ ਇਸ ਆਰਯ ਸੱਚ ਵਿਚ ਮਨੁੱਖੀ ਜੀਵਨ ਦੇ ਭੌਤਿਕ ਤੇ ਮਾਨਸਿਕ ਸੰਤਾਪਾਂ ਦੀ ਗੱਲ ਕਰਦੇ ਹੋਏ ਦੁੱਖ ਦਾ ਬੜਾ ਵਿਆਪਕ ਚਿਤ੍ਰਣ ਕੀਤਾ ਹੈ। ਬੁੱਧ ਜੀਵਨ ਦੇ ਦੁਖਾਂਤ ਦਾ ਵਰਣਨ ਕਰਦੇ ਹੋਏ ਧੰਮਪਦ ਵਿਚ ਸਰੀਰਕ ਸੁਖਾਂ ਦੀ ਨਿੰਦਿਆ ਕਰਦੇ ਹੋਏ ਕਹਿੰਦੇ ਹਨ ਕਿ ਆਕਾਸ਼, ਪਾਤਾਲ, ਪਹਾੜੀ, ਗੁਫਾਵਾਂ, ਸਮੁੰਦਰ ਦੀ ਡੂੰਘਾਹੀ ਇਤਿਆਦਿ ਕੋਈ ਵੀ ਅਜਿਹਾ ਥਾਂ ਨਹੀਂ ਹੈ ਜਿੱਥੇ ਮੌਤ ਦੇ ਥਪੇੜਿਆਂ ਤੋਂ ਬਚਿਆ ਜਾ ਸਕੇ। ਇਹ ਸਾਰਾ ਸੰਸਾਰ ਹੀ ਲਗਾਤਾਰ ਵਿਖੰਡਨ, ਮੌਤ ਅਤੇ ਸਰਵਨਾਸ਼ ਵੱਲ ਵੱਧ ਰਿਹਾ ਹੈ। ਦੁੱਖ ਦਾ ਭਿਆਨਕ ਚਿਤ੍ਰਣ ਕਰਨ ਤੋਂ ਬੁੱਧ ਦਾ ਇਹ ਭਾਵ ਵੀ ਪ੍ਰਤੀਤ ਹੁੰਦਾ ਹੈ ਕਿ ਉਹ ਜਨਮ, ਬੁਢਾਪਾ, ਮੌਤ, ਪੀੜਾ ਦਾ ਮਹਾਂ-ਨਾਟਕ ਜਿਹੜਾ ਸੰਸਾਰ ਵਿਚ ਹਮੇਸ਼ਾ ਚੱਲ ਰਿਹਾ ਹੈ, ਦਾ ਸਹੀ ਰੂਪ ਲੋਕਾਂ ਸਾਹਮਣੇ ਪ੍ਰਸਤੁਤ ਕਰਨਾ ਚਾਹੁੰਦੇ ਹਨ। ਸਾਡਾ ਛਿੰਨ ਭੰਗਰ ਜੀਵਨ ਇਕ ਬਹੁਤ ਵੱਡੇ ਹਮੇਸਾਂ ਹੀ ਚੱਲ ਰਹੇ ਪਰਿਵਰਤਨ ਰੂਪੀ ਸਮੁੰਦਰ ਦੇ ਵਿਚ ਇਕ ਛੋਟੀ ਜਿਹੀ ਬੂੰਦ ਦੇ ਬਰਾਬਰ ਹੈ। ਬੁੱਧ ਦੇ ਇਸ ਪਹਿਲੇ ਆਰਯ ਸੱਚ ਨੇ ਵਿਅਕਤੀ ਦੀਆਂ ਸੋਖੀਆਂ ਅਤੇ ਸੰਤੋਖੀ ਬਿਰਤੀਆਂ ਅਤੇ ਬਚਪਨ ਦੇ ਵਿਚ ਬੰਨ੍ਹੇ ਜਾਣ ਵਾਲੇ ਹਵਾਈ ਕਿਲ੍ਹਿਆਂ ਦੀ ਨੀਂਹ ਨੂੰ ਹਿਲਾਕੇ ਰੱਖ ਦਿੱਤਾ। ਇੰਝ ਲਗਦਾ ਹੈ ਕਿ ਬੁੱਧ ਦਾ ਦੁੱਖਵਾਦੀ ਸਿਧਾਂਤ ਉਨ੍ਹਾਂ ਵੈਦਿਕ ਅਤੇ ਉਪਨਿਸ਼ਦਕ ਰਿਸ਼ੀਆ ਦੇ ਚਿੰਤਨ ਨੂੰ ਕਾਫ਼ੀ ਨਹੀਂ ਮੰਨਦਾ ਜਿਸ ਵਿਚ ਇਕ ਗਿਣੇ-ਮਿਥੇ ਢੰਗ ਨਾਲ ਨਰਕ-ਸਵਰਗ, ਕਰਮ ਤੇ ਕਰਮ ਫਲ ਇਤਿਆਦਿ ਦੀ ਵਿਆਖਿਆ ਕੀਤੀ ਗਈ ਹੈ। ਬੁੱਧ ਦਾ ਇਹ ਸਿਧਾਂਤ ਵੈਦਿਕ ਰਿਸ਼ੀਆਂ ਦੇ ਸ੍ਰਿਸ਼ਟੀ ਸੰਬੰਧੀ ਸਿੱਧਾਂਤ ਦੇ ਨਾਲ ਵੀ ਸੰਤੁਸ਼ਟ ਨਹੀਂ ਦਿਖਾਈ ਦਿੰਦਾ। ਬੁੱਧ ਨੇ ਬ੍ਰਹਿਮੰਡੀ ਦੁੱਖ ਅਤੇ ਵਿਅਕਤੀਗਤ ਪੀੜਾ ਦਾ ਮੇਲ ਕਰਕੇ ਪਹਿਲਾ ਦੀਆਂ ਪੁਰਾਣੀਆਂ ਤੱਤ-ਮੀਮਾਂਸਾਂ ਸੰਬੰਧੀ ਵਿਚਾਰਧਾਰਾਵਾਂ ਦਾ ਖੰਡਨ ਕਰਨ ਦਾ ਯਤਨ ਕੀਤਾ ਹੈ।

ਇਹ ਨਹੀਂ ਕਿ ਬੁੱਧ ਨੇ ਕੇਵਲ ਦੁੱਖ ਦੀ ਵਿਆਪਕਤਾ ਦਾ ਹੀ ਵਰਣਨ ਕੀਤਾ ਹੋਏ ਬਲਕਿ ਦੂਸਰੇ ਆਰਯ ਸੱਚ ਵਿਚ ਉਸ ਨੇ ਭੌਤਿਕ ਅਤੇ ਮਨੋਵਿਗਿਆਨਕ ਪੱਧਰ ਦੇ ਦੁੱਖ ਦੀ ਗਤੀਸ਼ੀਲਤਾ ਤੇ ਉਸ ਦੇ ਕਾਰਣਾਂ ਦਾ ਵੀ ਜ਼ਿਕਰ ਕੀਤਾ ਹੈ। ਦੂਜੇ ਸੱਚ ਦੇ ਅਨੁਸਾਰ ਸੰਸਾਰ ਵਿਚ ਹਰ ਵਸਤੂ ਜਾਂ ਘਟਨਾ ਦਾ ਕੋਈ ਨਾ ਕੋਈ ਕਾਰਨ ਅਵੱਸ ਹੈ। ਸੁੰਨਯ ਵਿਚੋਂ ਕੁੱਝ ਵੀ ਪੈਦਾ ਨਹੀਂ ਹੋ ਸਕਦਾ। ਇਹ ਸੰਸਾਰ ਦੀ ਹਰ ਵਸਤੂ ਕਿਸੇ ਨਾ ਕਿਸੇ ਕਾਰਨ ਕਾਰਜ ਵਿਚ ਵਿਦਮਾਨ ਹੈ ਇਸ ਲਈ ਇਹ ਸਾਪੇਖ ਹੈ ਨਿਰਪੇ ਖ ਨਹੀਂ। ਦੁੱਖ ਵੀ ਇਸੇ ਲਈ ਕਿਸੇ ਨਾ ਕਿਸੇ ਕਾਰਨ ਨਾਲ ਜੁੜਿਆ ਹੁੰਦਾ ਹੈ। ਬੁੱਧ ਇਹ ਦੱਸਦੇ ਹਨ ਕਿ ਹਰ ਭਾਵਨਾਂ ਜਾਂ ਵਸਤੂ ਕਿਉਂਕਿ ਕਿਸੇ ਨਾ ਕਿਸੇ ਕਾਰਨ ਤੇ ਨਿਰਭਰ ਕਰਦੀ ਹੈ ਇਸ ਲਈ ਸਦੀਵੀ ਨਹੀਂ, ਅਨਿੱਤ ਹੈ, ਨਾਸ਼ਵਾਨ ਹੈ। ਤੀਸਰੇ ਸੱਚ ਦੇ ਅਨੁਸਾਰ ਬੁੱਧ ਨੇ ਇਹ ਦੱਸਿਆ ਹੈ ਕਿ ਦੁੱਖ ਨੂੰ ਰੋਕਿਆ ਜਾਂ ਖਤਮ ਕੀਤਾ ਜਾ ਸਕਦਾ ਹੈ। ਉਪਰ ਦਸੇ ਦੂਜੇ ਸੱਚ ਦੇ ਕਾਰਨ-ਕਾਰਜ ਸਿਧਾਂਤ ਦੇ ਅਨੁਸਾਰ ਜੇ ਕਾਰਨਾਂ ਨੂੰ ਹਟਾ ਦਿੱਤਾ ਜਾਵੇ ਤਾਂ ਕਾਰਜ ਅਰਥਾਤ ਦੁੱਖ ਨਹੀਂ ਰਹੇਗਾ। ਇਸ ਕਾਰਨ-ਕਾਰਜ ਸਿਧਾਂਤ ਨੂੰ ਹੋਰ ਵਧੇਰੇ ਸਮਝਾਉਣ ਲਈ ਭਗਵਾਨ ਬੁੱਧ ਨੇ 'ਪ੍ਰਤੀਤਯ-ਸਮੁਤਪਾਦ ' ਨਾਮਕ ਵਿਗਿਆਨਕ ਸਿਧਾਂਤ ਨੂੰ ਲੋਕਾਂ ਦੇ ਸਾਹਮਣੇ ਪ੍ਰਸਤੁਤ ਕੀਤਾ।

!ਪ੍ਰਤੀਤਯ-ਸਮੁਤਪਾਦ' ਦਾ ਸਿਧਾਂਤ ਇਹ ਦੱਸਦਾ ਹੈ ਕਿ ਦੁੱਖ ਦੇ ਕਾਰਨ ਨੂੰ ਰੋਕਣ ਨਾਲ ਦੁੱਖ-ਨਿਰੋਧ ਹੋ ਜਾਂਦਾ ਹੈ ਅਰਥਾਤ ਰੁਕ ਜਾਂਦਾ ਹੈ। ਸਾਪੇਖਤਾ ਦਾ ਇਹ ਸਿੱਧਾਂਤ ਸਾਨੂੰ ਇਹ ਦੱਸਦਾ ਹੈ ਕਿ ਵਿਗਿਆਨਵਾਦੀ ਇਸ ਸਾਰੇ ਸੰਸਾਰ ਵਿਚ ਹਰ ਘਟਨਾ ਕਿਸੇ ਨਾ ਕਿਸੇ ਕਾਰਨ ਵਿਚ ਬੱਝੀ ਹੋਈ ਹੈ। 'ਇਹ ਹੋਇਆ ਤਾਂ ਉਹ ਹੋ ਜਾਵੇਗਾ' ਜਾਂ 'ਕਾਰਜ ਕਾਰਨ ਤੇ ਨਿਰਭਰ ਹੈ' ਆਦਿ

ਫਾਰਮੂਲੇ ਇਸ ਸਿਧਾਂਤ ਦੀ ਦੇਣ ਹਨ। ਇਸ ਪ੍ਰਕਾਰ ਚਿੰਤਨ ਨਾਲ ਸੰਬੰਧਤ ਹਰ ਵਸਤੂ ਜਾਂ ਵਿਸ਼ਾ ਸਾਪੇਖ ਹਨ, ਨਿਰਪੇਖ ਨਹੀਂ। ਇਸੇ ਹੀ ਕਾਰਨ ਕਰਕੇ ਵਸਤੂਆਂ ਜਾਂ ਵਿਸ਼ੇ ਨਾ ਤਾਂ ਪੂਰੀ ਤਰ੍ਹਾਂ ਮਿਥਿਆ ਹਨ ਨਾ ਹੀ ਪੂਰਨ ਸੱਚ ਤੇ ਸੱਚਾਈ ਹਨ। ਸਾਰੇ ਸੰਸਾਰਕ ਪਦਾਰਥ ਇਸ ਲਈ-ਸੁੰਨਤਾ ਤੇ ਵਾਸਤਵਿਕਤਾ ਦੇ ਵਿਚਕਾਰ ਹੀ ਲਟਕੇ ਹੋਏ ਹਨ ਅਤੇ ਵੇਦਾਂਤ ਦੀ ਅਵਿਦਿਆ ਅਥਵਾ ਮਾਇਆ ਦੀ ਤਰ੍ਹਾਂ ਲਗਦੇ ਹਨ। ਇਸ ਲਈ ਬੁੱਧ ਨੇ ਦੋਵਾਂ ਅੱਤਵਾਦੀ ਵਿਚਾਰਧਾਰਾਵਾਂ ਨੂੰ ਤਿਆਗ ਕੇ ਮਧਿਅਮ ਮਾਰਗ ਦਾ ਉਪਦੇਸ਼ ਦਿੱਤਾ। ਇਸੇ ਮਧਿਅਮ ਮਾਰਗ ਨੂੰ ਬੁੱਧ 'ਧਰਮ' ਦੇ ਨਾਂ ਨਾਲ ਯਾਦ ਕਰਦੇ ਹਨ ਅਤੇ ਇਸੇ ਨੂੰ ਹੀ 'ਨਿਯਮ' ਕਹਿੰਦੇ ਹਨ। 'ਜਿਹੜਾ ਪ੍ਰਤੀਤਯ-ਸਮੁਤਪਾਦ ਨੂੰ ਸਮਝ ਲਵੇਗਾ ਉਹ ਧਰਮ ਨੂੰ ਸਮਝ ਲੈਂਦਾ ਹੈ ਤੇ ਜਿਹੜਾ ਧਰਮ ਨੂੰ ਸਮਝ ਲਵੇਗਾ ਸਮਝੋ ਉਸ ਨੇ ਪ੍ਰਤੀਤਯ-ਸਮੁਤਪਾਦ ਨੂੰ ਸਮਝ ਲਿਆ ਹੈ। ਬੁੱਧ ਨੇ ਦੁੱਖ ਉਤਪਤੀ, ਜੜ੍ਹ ਅਵਿਦਿਆ ਨੂੰ ਮੰਨਦੇ ਹੋਏ ਇਸ ਕਾਰਨ-ਕਾਰਜ ਪ੍ਰਕ੍ਰਿਆ ਦੀਆਂ ਬਾਰਾਂ ਅਵਸਥਾਵਾਂ ਮੰਨੀਆਂ ਹਨ। ਇਨ੍ਹਾਂ ਨੂੰ ਬੁੱਧ ਧਰਮ ਵਿਚ 'ਦਵਾਦਸ਼-ਨਿਦਾਨ' ਕਿਹਾ ਗਿਆ ਹੈ। ਅਵਿੱਦਿਆ ਤੋਂ ਸ਼ੁਰੂ ਹੋ ਕੇ ਜਰਾ ਮਰਨ ਦੇ ਦੁੱਖ ਤੱਕ ਦੀਆਂ ਬਾਰਾਂ ਅਵਸਥਾਵਾਂ ਹੇਠ ਲਿਖੇ ਅਨੁਸਾਰ ਹਨ :-

1. ਅਵਿੱਦਿਆ ਦੇ ਕਾਰਨ
2. ਸੰਸਕਾਰ, ਜਿਸ ਦੇ ਕਾਰਨ
3. ਗਿਆਨ,
4. ਨਾਮ-ਰੂਪ,
5. ਖੜਾ ਯਤਨ,
6. ਸਪਰਸ਼
7. ਵੇਦਨਾ
8. ਤ੍ਰਿਸ਼ਨਾ
9. ਉਪਾਦਾਨ (ਸੁੱਖਾਂ ਨਾਲ ਮੋਹ)
10. ਭਵ (ਫੇਰ ਪੈਦਾ ਹੋਣ ਦੀ ਇੱਛਾ),
11. ਜਾਤੀ (ਜਨਮ-ਪੁਨਰ ਜਨਮ) ਅਤੇ ਇਸ ਦੇ ਕਾਰਨ ਉਪਰੰਤ
12. ਬੁੱਢਾਪੇ ਤੇ ਮੌਤ ਦਾ ਦੁੱਖ ਭੋਗਣਾ ਪੈਂਦਾ ਹੈ।

ਇਨ੍ਹਾਂ ਬਾਰਾਂ ਵਿਚੋਂ ਪਹਿਲੇ ਦੋ ਕਾਰਨ ਬੀਤੇ ਜੀਵਨ ਨਾਲ, ਆਖਰੀ ਦੋ ਭਵਿਖਤ ਜੀਵਨ ਨਾਲ ਅਤੇ ਬਾਕੀ ਸਾਰੇ ਵਰਤਮਾਨ ਜੀਵਨ ਨਾਲ ਸੰਬੰਧਿਤ ਹਨ। ਕਾਰਨ-ਕਾਰਜ ਦਾ ਇਹ ਮਾਰੂ ਚੱਕਰ ਮੌਤ ਨਾਲ ਹੀ ਖਤਮ ਨਹੀਂ ਹੁੰਦਾ ਅਤੇ ਜਨਮ ਜਨਮਾਤਰਾਂ ਵਿਚ ਭਟਕਦਾ ਦੁੱਖ ਭੋਗਦਾ ਰਹਿੰਦਾ ਹੈ। ਇਹ ਤਾਂ ਹੀ ਖਤਮ ਹੋ ਸਕਦਾ ਹੈ ਜੇ ਇਸ ਦੇ ਮੂਲ ਕਾਰਨ ਅਵਿਦਿਆ ਨੂੰ ਨਸ਼ਟ ਕੀਤਾ ਜਾ ਸਕੇ। ਇਹ ਗਿਆਨ ਹੀ ਨਿਰਵਾਣ ਹੈ ਜਿਹੜਾ ਕਿ ਬੁੱਧ ਧਰਮ ਅਨੁਸਾਰ 'ਅਸ਼ਟਾਂਗ ਮਾਗਰ' ਤੇ ਚੱਲ ਕੇ ਪ੍ਰਾਪਤ ਕੀਤਾ ਜਾ ਸਕਦਾ ਹੈ। ਦੁੱਖ ਦੀ ਇਸ ਉਪਰ ਲਿਖੀ ਹੋਈ ਪੜਚੋਲ ਤੋਂ ਇਕ ਗੱਲ ਤਾਂ ਸਪਸ਼ਟ ਹੀ ਹੈ ਕਿ ਜਨਮ ਜਾਂ ਜੀਵਨ ਨੂੰ ਉਸ ਤੋਂ ਉਪਰੰਤ ਪੈਦਾ ਹੋਣ ਵਾਲੇ ਦੁੱਖਾਂ ਨੂੰ ਬੁੱਧ ਕਿਸੇ ਅੰਨ੍ਹੀ ਮਸ਼ੀਨ ਦਾ ਉਤਪਾਦਨ ਨਾ ਮੰਨ ਕੇ ਜੀਵ ਦੇ ਅੰਦਰ ਮੁੜ-ਮੁੜ ਜਨਮ ਲੈਣ ਦੀ ਭਾਵਨਾ ਦਾ ਨਤੀਜਾ ਮੰਨਦਾ ਹੈ। ਇਸੇ 'ਭਾਵ' ਨੂੰ ਜੇਕਰ ਗਿਆਨ-ਪ੍ਰਾਪਤੀ ਦੁਆਰਾ ਨਸ਼ਟ ਕੀਤਾ ਜਾ ਸਕੇ ਤਾਂ ਨਿਰਵਾਣ ਪ੍ਰਾਪਤ ਕੀਤਾ ਜਾ ਸਕਦਾ ਹੈ। ਦੁੱਖ ਦੇ ਕਾਰਣਾਂ ਦੀ ਵਿਸਤਾਰ ਵਿਚ ਖੋਜ ਕਰਨ ਵਾਲਾ ਮਹਾਤਮਾ ਬੁੱਧ ਦਾ ਪ੍ਰਤੀਤਯਸਮੁਤਪਾਦ ਸਿਧਾਂਤ ਉਹ ਮੂਲ ਸਿੱਧਾਂਤ ਹੈ ਜਿਸ ਦੇ ਵਿਕਾਸ ਦੇ ਫਲਸਰੂਪ ਬੁੱਧ ਧਰਮ ਦੇ ਹੋਰ ਅਨੇਕ ਸਿੱਧਾਂਤ ਹੋਂਦ ਵਿਚ ਆਏ ਹਨ। ਬੁੱਧ ਧਰਮ ਦਾ ਕਰਮ-ਸਿੱਧਾਂਤ ਅਤੇ ਅਵਿੱਦਿਆ ਇਕ ਦੂਜੇ ਦੇ ਨਾਲ-ਨਾਲ ਚਲਦੇ ਹਨ। ਕਰਮਾਂ ਕਰਕੇ ਅਸੀਂ ਅਵਿੱਦਿਆ ਸੰਤਾਪ ਇਕੱਠੇ ਕਰੀ ਜਾਂਦੇ ਹਾਂ ਤੇ ਫਿਰ ਇਨ੍ਹਾਂ ਸੰਸਕਾਰਾਂ ਦੇ ਅਧੀਨ ਕਰਮ ਕਰਕੇ ਦੁੱਖ ਦਾ ਉਪਾਰਜਨ ਕਰੀ ਜਾਂਦੇ ਹਾਂ ਅਤੇ ਨਾਲ ਹੀ ਹੋਰ ਸੰਸਾਰ ਬਣਾਈ ਜਾਂਦੇ ਹਾਂ।

ਬੁੱਧ ਮੱਤ ਦੇ ਅਨੁਸਾਰ ਦੁੱਖ-ਨਿਰੁੱਧਤਾ ਨੂੰ ਨਿਰਵਾਣ ਅਵਸਥਾ ਮੰਨਿਆ ਗਿਆ ਹੈ। ਦੁੱਖ ਦੇ ਨਸ਼ਟ ਹੋ ਜਾਣ ਦੀ ਅਵਸਥਾ ਨੂੰ ਹੀ ਨਿਰਵਾਣ ਕਿਹਾ ਗਿਆ ਹੈ। ਮੋਹ ਈਰਖਾ ਨੂੰ ਜਿੱਤ ਕੇ ਸ਼ੁੱਧ ਆਚਰਣ ਜਾਂ ਸ਼ੀਲ ਨਾਲ ਆਰਯ ਸੱਚਾਈਆਂ ਦਾ ਨਿਰੰਤਰ ਧਿਆਨ ਕਰੀ ਜਾਣ। ਜੇਕਰ ਕੋਈ ਵਿਅਕਤੀ ਸਮਾਧੀ ਰਾਹੀਂ ਗਿਆਨ ਪ੍ਰਾਪਤ ਕਰ ਲੈਂਦਾ ਹੈ ਤਾਂ ਉਸਦਾ ਚਿੱਤ, ਮੋਹ, ਈਰਖਾ ਆਦਿ ਤੋਂ ਮੁਕਤ ਹੋ ਜਾਂਦਾ ਹੈ। ਉਸ ਨੂੰ ਤ੍ਰਿਸ਼ਨਾ ਨਹੀਂ ਰਹਿੰਦੀ ਅਤੇ ਅਜਿਹੇ ਮੁਕਤੀ ਪ੍ਰਾਪਤ ਵਿਅਕਤੀ ਨੂੰ 'ਅਰਹਤ' ਕਹਿੰਦੇ ਹਨ। ਆਮ ਤੌਰ ਤੇ ਇਹ ਲੋਕ ਇਹ ਸਮਝਦੇ ਹਨ ਕਿ ਬੁੱਧ ਮਤ ਅਨੁਸਾਰ ਨਿਰਵਾਣ ਦਾ ਅਰਥ ਸਾਰੀਆਂ ਕਿਰਿਆਵਾਂ ਦਾ ਤਿਆਗ ਕਰਨਾ

ਹੈ।ਇਹ ਧਾਰਨਾ ਠੀਕ ਨਹੀਂ ਹੈ। ਕਿਉਂਕਿ ਬੁੱਧ ਨੇ ਨਿਰਵਾਣ ਪ੍ਰਾਪਤੀ ਤੋਂ ਬਾਅਦ ਵੀ ਲਗਭਗ 45 ਸਾਲਾਂ ਤੱਕ ਥਾਂ-ਥਾਂ ਫਿਰ ਕੇ ਧਰਮ ਦਾ ਪ੍ਰਚਾਰ ਕੀਤਾ, ਸੰਘ ਸਥਾਪਿਤ ਕੀਤੇ ਅਤੇ ਅਨੇਕ ਲੋਕਾਂ ਨੂੰ ਸਿੱਧੇ ਰਾਹ ਪਾਇਆ।

## (ਅ) ਬੁੱਧ ਧਰਮ ਵਿਚ ਅਨਾਤਮਵਾਦ (mpermanence and Non-Self)

ਲਗਭਗ ਸਾਰੇ ਆਸਤਕ ਦਰਸ਼ਨਾਂ ਦਾ ਆਧਾਰ ਆਤਮਵਾਦ ਹੈ। ਭਾਰਤ ਵਿਚ ਪਹਿਲਾਂ ਕੋਈ ਵੀ ਅਜਿਹਾ ਧਰਮ ਵੇਖਣ ਵਿਚ ਨਹੀਂ ਆਉਂਦਾ ਜਿਹੜਾ ਆਤਮਾ ਦੀ ਸੱਤਾ ਸਵੀਕਾਰ ਕੀਤੇ ਬਿਨਾਂ ਲੋਕਾਂ ਵਿਚ ਪਰਵਾਨ ਚੜ੍ਹਿਆ ਹੋਵੇ। ਬ੍ਰਹਮਣਵਾਦੀ ਦਰਸ਼ਨਾਂ ਵਿਚ ਆਤਮਾ ਨਿੱਤ, ਅਚਲ ਤੇ ਅਬਿਨਾਸ਼ੀ ਮੰਨੀ ਗਈ ਹੈ। ਬਦਲਾਵ ਜਾਂ ਪਰਿਵਰਤਨ ਸਰੀਰ ਦਾ ਧਰਮ ਹੈ ਆਤਮਾ ਦਾ ਨਹੀਂ। ਆਤਮਾ ਦੀ ਸਦੀਵੀ ਸੱਤਾ ਸਵੀਕਾਰ ਕਰਨ ਲਈ ਅਨੇਕ ਤਰਕ ਹਨ। ਜਨਮ ਅਤੇ ਮੌਤ ਦੀ ਵਿਆਖਿਆ ਆਤਮਾ ਦੀ ਸਦੀਵਤਾ ਦੇ ਬਿਨਾਂ ਸੰਭਵ ਨਹੀਂ ਕਿਉਂਕਿ ਸਦੀਵੀ ਹੋਣ ਵਾਲੀ ਆਤਮਾ ਹੀ ਇਕ ਸਰੀਰ ਨੂੰ ਤਿਆਗ ਕੇ ਦੂਜੇ ਸਰੀਰ ਵਿਚ ਪ੍ਰਵੇਸ਼ ਕਰਦੀ ਹੈ। ਸਰੀਰ ਦੇ ਵਿਚ ਵੀ ਬਦਲਾਵ ਆਉਂਦੇ ਰਹਿੰਦੇ ਹਨ ਜਿਵੇਂ ਕਿ ਬਚਪਨ, ਜਵਾਨੀ ਅਤੇ ਬੁਢਾਪਾ ਆਦਿ ਪਰ ਵਿਅਕਤੀ ਉਹੀ ਦਾ ਉਹੀ ਰਹਿੰਦਾ ਹੈ। ਜੀਵਨ ਦੇ ਸਾਰੇ ਬਦਲਾਵਾਂ ਦੀ ਸਿਮਰਤੀ ਕਿਸੇ ਇੱਕ ਥਾਂ ਤੇ ਜ਼ਰੂਰ ਰਹਿੰਦੀ ਹੈ ਅਤੇ ਇਹ ਕਿਹਾ ਜਾ ਸਕਦਾ ਹੈ ਕਿ ਸਾਰੀਆਂ ਸਿਮਰਤੀਆਂ ਦਾ ਆਧਾਰ ਭੂਤ ਤੱਤ ਆਤਮਾ ਹੈ। ਸਦੀਵਕਾਲੀ ਆਤਮਾ ਨੂੰ ਮੰਨੇ ਬਿਨਾਂ ਬੰਧਨ ਜਾਂ ਮੁਕਤੀ ਦੀ ਵਿਆਖਿਆ ਨਹੀਂ ਕੀਤੀ ਜਾ ਸਕਦੀ ਕਿਉਂਕਿ ਬੰਧਨਾਂ ਤੋਂ ਮੁਕਤੀ ਆਤਮਾ ਨੂੰ ਹੀ ਮਿਲਦੀ ਹੈ। ਅਨੇਕ ਤਰਕ ਆਤਮਾ ਦੇ ਪੱਖ ਵਿਚ ਦਿੱਤੇ ਜਾ ਸਕਦੇ ਹਨ। ਬੁੱਧ ਦੇ ਫਲਸਫੇ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹੋ ਹੀ ਹੈ ਜਨਮ-ਮਰਣ, ਸਿਮਰਤੀ, ਸੰਸਕਾਰ, ਕਰਮਵਾਦ, ਬੰਧਨ ਮੁਕਤੀ ਆਦਿ ਨੂੰ ਮੰਨਦੇ ਹੋਏ ਵੀ ਬੁੱਧ ਧਰਮ ਸਦੀਵੀ ਆਤਮਾ ਨੂੰ ਨਹੀਂ ਮੰਨਦਾ। ਮਾਨਵਤਾਵਾਦੀ ਹੁੰਦਿਆਂ ਹੋਇਆ ਵੀ ਬੋਧੀ ਦਰਸ਼ਨ ਨੇ ਧਰਮ, ਬੰਧਨ, ਮੁਕਤੀ ਆਦਿ ਦੀ ਵਿਆਖਿਆ ਬੜੇ ਤਰਕਪੂਰਨ ਤਰੀਕੇ ਨਾਲ ਕੀਤੀ ਹੈ। ਫਲਸਫਾਨਾ ਦ੍ਰਿਸ਼ਟੀ ਤੋਂ ਵੇਖਿਆ ਉਨ੍ਹਾਂ ਦੀ ਵਿਆਖਿਆ ਵਿਚ ਕੋਈ ਦੋਸ਼ ਨਹੀਂ ਹੈ।

ਬ੍ਰਾਹਮਣਵਾਦੀ ਫਿਲਾਸਫੀਆਂ ਵਿਚ ਆਤਮਾ ਨੂੰ ਪਰਮ-ਸਤਿ, ਅਬਿਨਾਸੀ ਮੰਨ ਕੇ ਆਤਮਾ ਦੇ ਚਿੰਤਨ ਅਤੇ ਸਾਖਿਆਤਕਾਰ ਕਰਨ ਦਾ ਉਪਦੇਸ਼ ਦਿੱਤਾ ਗਿਆ ਹੈ। ਆਤਮਾ ਹੀ ਧਰਮ ਪ੍ਰਾਪਤੀ ਯੋਗ ਹੈ ਅਤੇ ਸੰਸਾਰ ਦੀਆਂ ਹੋਰ ਵੀ ਅਨੇਕਾਂ ਪ੍ਰਾਪਤੀ ਯੋਗ ਪਿਆਰੀਆਂ ਵਸਤਾਂ ਕੇਵਲ ਆਤਮਾ ਦੇ ਕਾਰਨ ਹੀ ਅਜਿਹੀਆਂ ਲਗਦੀਆਂ ਹਨ। ਆਤਮਾ ਹੀ ਸਾਰੀਆਂ ਕਾਮਨਾਵਾਂ ਦਾ ਆਧਾਰ ਹੈ ਅਤੇ ਏਸੇ ਲਈ ਇਸਤਰੀ, ਪੁੱਤਰ ਆਦਿ ਪਿਆਰੇ ਲਗਦੇ ਹਨ। ਆਤਮਾ ਦੇ ਸ਼ੁੱਧ ਸਰੂਪ ਨੂੰ ਪਛਾਣ ਲੈਣਾ ਹੀ ਪਰਮ ਗਿਆਨ ਹੈ ਅਤੇ ਆਤਮ ਗਿਆਨ ਨਾਲ ਹੀ ਮੁਕਤੀ ਸੰਭਵ ਹੈ। ਬੁੱਧ ਨੇ ਆਤਮਾ ਦੇ ਇਸ ਰੂਪ ਨੂੰ ਸਵੀਕਾਰ ਨਹੀਂ ਕੀਤਾ। ਉਨ੍ਹਾਂ ਸਾਫ ਸ਼ਬਦਾਂ ਵਿਚ ਕਿਹਾ ਹੈ ਕਿ ਜਿਸ ਤਰ੍ਹਾਂ ਇਸਤਰੀ, ਪੁੱਤਰ, ਧਨ ਆਦਿ ਦੀ ਕਾਮਨਾ ਹੁੰਦੀ ਹੈ ਉਸੇ ਤਰ੍ਹਾਂ ਆਤਮਾ ਵੀ ਇਕ ਕਾਮਨਾ ਹੈ। ਮੁਕਤੀ ਜਾਂ ਨਿਰਵਾਣ ਲਈ ਜ਼ਰੂਰੀ ਹੈ ਕਿ ਮਨੁੱਖ ਕਿਸੇ ਵੀ ਚੀਜ਼ ਦੀ ਕਾਮਨਾ ਨਾ ਕਰੇ। ਜੇਕਰ ਅਸੀਂ ਸੰਸਾਰਕ ਵਿਸ਼ਿਆਂ ਦੀ ਕਾਮਨਾ ਦਾ ਤਿਆਗ ਕਰਦੇ ਹਾਂ। ਸਦੀਵੀ ਆਤਮਾ ਦੀ ਕਾਮਨਾ ਦਾ ਤਿਆਗ ਨਹੀਂ ਕਰਦੇ ਤਾਂ ਸਾਨੂੰ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ ਬਲਕਿ ਇਹ ਅਖੌਤੀ ਆਤਮਾ ਹੀ ਸਾਡੇ ਬੰਧਨ ਦਾ ਕਾਰਣ ਬਣ ਜਾਏਗੀ। ਇਸ ਤੋਂ ਸਪੱਸ਼ਟ ਹੈ ਕਿ ਬੁੱਧ ਆਤਮਕ ਕਾਮਨਾ ਨੂੰ ਵੀ ਸੰਸਾਰਕ ਵਿਸ਼ੇ ਵਾਸ਼ਨਾਵਾਂ ਦੇ ਸਮਾਨ ਹੀ ਮੰਨਦੇ ਹਨ। ਆਤਮਾ ਪ੍ਰਤੀ ਲੋਕਾਂ ਦੇ ਮੋਹ ਦਾ ਮਖੌਲ ਉਡਾਉਂਦੇ ਹੋਏ ਤਥਾਗਤ ਬੁੱਧ ਕਹਿੰਦੇ ਹਨ ਕਿ ਆਤਮਾ ਵਿਚ ਲੀਨ ਰਹਿਣ ਵਾਲੇ ਵਿਅਕਤੀ ਅਜਿਹੇ ਵਿਅਕਤੀ ਦੇ ਸਮਾਨ ਹਨ ਜਿਹੜਾ ਉਸ ਇਸਤਰੀ ਦੇ ਪ੍ਰੇਮ ਵਿਚ ਪਾਗਲ ਹੈ ਜਿਸ ਨੂੰ ਕਦੇ ਉਸ ਨੇ ਵੇਖਿਆ ਵੀ ਨਹੀਂ। ਆਤਮਾਦ੍ਰਿਸ਼ਟੀ ਨੂੰ ਬੁੱਧ ਇਕ ਬਹੁਤ ਹੀ ਅਪੂਰਨ ਅਤੇ ਤੁੱਛ ਦ੍ਰਿਸ਼ਟੀ ਮੰਨਦੇ ਹੋਏ ਕਹਿੰਦੇ ਹਨ ਕਿ ਜਿਵੇਂ ਵਿਸ਼ਿਆਂ ਵਿਚ ਲੀਨ ਰਹਿਣਾ ਸ਼ਖਸੀਅਤ ਦਾ ਇਕ ਸਿਰਾ ਹੈ ਉਵੇਂ ਹੀ ਆਤਮਾ ਵਿਚ ਲੀਨ ਰਹਿਣਾ ਦੂਸਰਾ ਅੰਤ ਹੈ।

ਮਹਾਤਮਾ ਬੁੱਧ ਨੇ ਕੁੱਝ ਪ੍ਰਸ਼ਨ ਅਵਿਅਕਤ ਮੰਨੇ ਹਨ। ਅਰਥਾਤ ਸ੍ਰਿਸ਼ਟੀ ਰਚਨਾ, ਪਰਮਾਤਮਾ, ਆਤਮਾ ਅਜਿਹੇ ਪ੍ਰਸ਼ਨ ਸਨ ਜਿਨ੍ਹਾਂ ਬਾਰੇ ਜਦੋਂ ਵੀ ਕੋਈ ਉਨ੍ਹਾਂ ਨੂੰ ਕੁੱਝ ਪੁੱਛਦਾ ਤਾਂ ਉਹ ਚੁਪ ਵੱਟ ਜਾਂਦੇ ਹਨ। ਕਿਹਾ ਜਾ ਸਕਦਾ ਹੈ ਕਿ ਜਾਂ ਤਾਂ ਉਹ ਇਨ੍ਹਾਂ ਪ੍ਰਸ਼ਨਾਂ ਨੂੰ ਬੇਅਰਥ ਸਮਝਦੇ ਸਨ ਅਤੇ ਉਨ੍ਹਾਂ ਉਤੇ ਸਮਾਂ ਬਰਬਾਦ ਨਹੀਂ ਕਰਨਾ ਚਾਹੁੰਦੇ ਸਨ ਅਤੇ ਜਾਂ ਉਹ ਇਨ੍ਹਾਂ ਪ੍ਰਸ਼ਨਾਂ ਦੁਆਰਾ ਉਠਾਏ ਜਾ ਸਕਣ ਵਾਲੇ ਵਿਵਾਦਮੂਲਕ ਮੁੱਦਿਆਂ ਦੀ ਵਿਗਿਆਨਕ ਪੜਚੋਲ ਤੋਂ ਆਮ ਜਨਤਾ ਦੇ ਦੁਚਿੱਤੀ ਵਿਚ ਪੈ ਜਾਣ ਦੇ ਡਰ ਕਾਰਨ ਇਨ੍ਹਾਂ ਨੂੰ ਠੱਪਿਆ ਰਹਿਣ ਦੇਣਾ ਹੀ ਉਚਿਤ ਸਮਝਦੇ ਸਨ। ਬੋਧੀ ਫਲਸਫੇ ਅਨੁਸਾਰ ਆਤਮਾ ਇਕ ਅਤੇ ਅਨਿੱਤ ਨਾ ਹੋ ਕੇ ਪੰਜਾਂ ਸਕੰਧਾਂ ਪੁੰਜ ਦਾ ਨਾਮ ਹੈ। ਰੂਪ ਅਰਥਾਤ ਪਦਾਰਥ, ਵੇਦਨਾ ਅਰਥਾਤ ਭਾਵਨਾ, ਸੰਗਿਆ ਅਰਥਾਤ ਦ੍ਰਿਸ਼ਟਮਾਨਤਾ, ਸੰਸਕਾਰ ਅਰਥਾਤ ਵਿਚਾਰ ਅਤੇ ਵਿਗਿਆਨ ਅਰਥਾਤ ਚੇਤਨਾ ਦਾ ਸਮੁੱਚਾ ਪ੍ਰਵਾਹ ਹੀ ਆਤਮਾ ਹੈ ਜਿਹੜਾ ਦਰਅਸਲ ਹੈ ਨਹੀਂ ਬਲਕਿ ਇਨ੍ਹਾਂ ਨੂੰ ਇਕ ਰੂਪ ਵਿਚ ਜਾਣਨ ਸਮਝਣ ਵਾਸਤੇ ਦਿੱਤਾ ਗਿਆ ਇਕ ਨਾ ਮਾਤਰ ਹੈ। ਆਤਮਾ ਸੰਬੰਧੀ ਇਸ ਬੋਧੀ ਵਿਚਾਰ ਨੂੰ ਬੋਧੀ

ਸੰਤ ਨਾਗਸੇਨ ਨੇ ਰਾਜਾ ਮਿਲਿੰਦ (ਯੂਨਾਨੀ ਰਾਜਾ ਮੀਨਾਂਡਰ) ਨਾਲ ਹੋਏ ਵਾਰਤਾਲਾਪ ਵਿਚ ਬੜੇ ਸੁਖੈਨ ਤੀਰਕੇ ਨਾਲ ਸਮਝਾਇਆ ਹੈ। 'ਮਿਲਿੰਦ ਪਨਹ' ਵਿਚ ਦਿੱਤੇ ਇਸ ਸੰਵਾਦ ਦੇ ਕੁਝ ਅੰਸ਼ ਇਸ ਪ੍ਰਕਾਰ ਹਨ :

'ਅਤੇ ਸਮਰਾਟ ਨੇ ਪੁੱਛਣਾ ਸ਼ੁਰੂ ਕੀਤਾ, ਹੇ ਪੂਜਨੀਕ ਤੁਸੀਂ ਕੌਣ ਹੋ ਅਤੇ ਸ੍ਰੀਮਾਨ ਤੁਹਾਡਾ ਕੀ ਨਾਂ ਹੈ?'

'ਮੈਨੂੰ ਨਾਗਸੈਨ ਕਹਿੰਦੇ ਹਨ ਅਤੇ ਹੇ ਰਾਜਨ ਇਹ ਮੇਰਾ ਨਾਂ ਹੈ ਜਿਸ ਰਾਹੀਂ ਮੇਰੇ ਸਹਿਧਰਮੀ ਮੇਰੇ ਨਾਲ ਵਰਤਾਲਾਪ ਕਰਦੇ ਹਨ। ਪਰੰਤੂ ਹੇ ਰਾਜਨ ਇਹ ਕੇਵਲ ਇਕ ਜ਼ਿਆਦਾਤਰ ਸਮਝਿਆ ਜਾਣ ਵਾਲਾ ਮੇਰਾ ਨਾਂ ਮਾਤਰ ਜਾਂ ਮੇਰੀ ਉਪਾਧੀ ਮਾਤਰ ਹੈ ਕਿਉਂਕਿ ਇਸ ਸਰੀਰਕ ਪੁੰਜ ਰੂਪੀ ਪਦਾਰਥਾਂ ਵਿਚ ਕੋਈ ਵੀ ਸਦੀਵੀ ਸ਼ਖਸੀਅਤ (ਆਤਮਾ) ਵਿਦਮਾਨ ਨਹੀਂ ਹੈ।'ਤਾਂ ਮਿਲਿੰਦ ਨੇ ਕਿਹਾ : 'ਜੇਕਰ ਪਦਾਰਥ ਵਿਚ ਸਦੀਵੀ ਆਤਮਾ ਨਹੀਂ ਹੈ ਤਾਂ ਕਿਰਪਾ ਕਰਕੇ ਇਹ ਦੱਸੋ ਕਿ ਬਸਤਰਾਂ, ਭੋਜਨ ਅਤੇ ਆਵਾਸ ਨੂੰ ਕੌਣ ਸੁਖ ਪੂਰਬਕ ਭੋਗਦਾ ਹੈ। ਸੱਚ ਦਾ ਜੀਵਨ ਕੌਣ ਜੀਉਂਦਾ ਹੈ ਸਮਾਧੀ ਕੌਣ ਲਾਉਂਦਾ ਹੈ? ਨਿਰਵਾਣ ਦੀ ਪ੍ਰਾਪਤੀ ਕਿਸ ਨੂੰ ਹੁੰਦੀ ਹੈ?... ਕੋਈ ਚੰਗਿਆਈ ਨਹੀਂ ਕੋਈ ਬੁਰਾਈ ਨਹੀਂ, ਨੇਕੀ ਅਤੇ ਬਦੀ ਦਾ ਨਾ ਕੋਈ ਕਰਨ ਵਾਲਾ ਹੈ ਨਾ ਕੋਈ ਕਾਰਨ ਹੈ : ਚੰਗੇ ਜਾਂ ਮਾੜੇ ਕਰਮਾਂ ਦਾ ਨਾ ਕੋਈ ਨਤੀਜਾ ਅਤੇ ਨਾ ਹੀ ਫਲ ਹੈ। ਹੇ ਪੂਜਨੀਕ ਨਾਗਸੇਨ ਜੇਕਰ ਸਾਨੂੰ ਮੰਨਣਾ ਪਵੇ ਕਿ ਕੋਈ ਵਿਅਕਤੀ ਤੁਹਾਨੂੰ ਮਾਰ ਦੇਵੇ ਅਤੇ ਫਿਰ ਵੀ ਉਸ ਨੂੰ ਤੁਹਾਡੀ ਹਤਿਆ ਨਾ ਮੰਨਿਆ ਜਾਵੇ ਤਾਂ ਇਸ ਦਾ ਅਰਥ ਇਹ ਨਿਕਲਦਾ ਹੈ ਕਿ ਤੁਹਾਡੇ ਧਰਮ ਵਿਚ ਸੁਚੱਜੇ ਅਧਿਆਪਕ ਅਤੇ ਵਿਆਖਿਆਕਾਰ ਨਹੀਂ ਹਨ ਅਤੇ ਤੁਹਾਡੇ ਇਹ ਉਪਦੇਸ਼ ਵਿਅਰਥ ਹਨ... ਕੀ ਤੁਸੀਂ ਕਹਿਣਾ ਚਾਹੁੰਦੇ ਹੋ ਕਿ ਸਰੀਰ ਉਤਲੇ ਕੇਸ ਨਾਗਸੇਨ ਹਨ।

'ਹੇ ਰਾਜਨ ਮੈਂ ਅਜਿਹਾ ਨਹੀਂ ਕਹਿੰਦਾ।'

'ਜਾਂ ਫਿਰ ਨਹੁੰ, ਦੰਦ, ਚਮੜੀ, ਮਾਸ, ਨਾੜੀਆਂ ਜਾਂ ਦਿਮਾਗ ਵਿਚੋਂ ਜਾ ਇਨ੍ਹਾਂ ਸਾਰਿਆਂ ਦਾ ਮੇਲ ਨਾਗਸੇਨ ਹੈ?' ਅਤੇ ਇਨ੍ਹਾਂ ਸਾਰੀਆਂ ਦਾ ਉਸ ਨੇ ਉਤਰ ਨਾਂਹ ਵਿਚ ਦਿੱਤਾ।

'ਕੀ ਰੂਪ, ਵੇਦਨਾ, ਸੰਗਿਆ, ਸੰਸਕਾਰ ਜਾਂ ਵਿਗਿਆਨ ਨਾਗਸੇਨ ਹੈ।'

ਅਤੇ ਇਨ੍ਹਾਂ ਸਾਰਿਆਂ ਦਾ ਵੀ ਉਸ ਨੇ ਉਤਰ ਨਾਂਹ ਵਿਚ ਦਿੱਤਾ।

'ਕੀ ਇਨ੍ਹਾਂ ਸਾਰੇ ਸਕੰਧਾਂ ਦਾ ਸਮੁੱਚ ਨਾਗਸੇਨ ਹੈ?'

'ਹੇ ਮਹਾਨ ਰਾਜਨ ! ਨਹੀਂ !

'ਫਿਰ ਕੀ ਕੋਈ ਪੰਜ ਸਕੰਧਾਂ ਤੋਂ ਬਾਹਰ ਕੁਝ ਅਜਿਹਾ ਹੈ ਜਿਹੜਾ ਨਾਗਸੇਨ ਹੈ?'

ਅਤੇ ਇਸ ਦਾ ਵੀ ਉਤਰ ਉਸ ਨੇ ਨਾਂਹ ਵਿਚ ਦਿੱਤਾ।

ਅਤੇ ਫਿਰ ਸਤਕਾਰਯੋਗ ਨਾਗਸੇਨ ਨੇ ਰਾਜੇ ਮਿਲਿੰਦ ਨੂੰ ਪ੍ਰਸ਼ਨ ਕੀਤਾ, : 'ਰਾਜਨ, ਕੀ ਤੁਸੀਂ ਪੈਦਲ ਆਏ ਹੋ ਜਾਂ ਰਥ ਉਤੇ ਆਏ ਹੋ?'

'ਸ੍ਰੀਮਾਨ ਮੈਂ ਰਥ ਤੇ ਸਵਾਰ ਹੋ ਕੇ ਆਇਆ ਹਾਂ'

'ਫਿਰ ਰਥ ਦਾ ਵਰਣਨ ਕਰੋ। ਕੀ ਰਥ ਦਾ ਧੁਰਾ ਰਥ ਹੈ? ਕੀ ਪਹੀਏ, ਉਨ੍ਹਾਂ ਵਿਚਲੇ ਡੰਡੇ, ਸਾਰਾ ਫਰੇਮ, ਘੋੜੇ ਜਾਂ ਚਾਬਕ ਆਦਿ ਰਥ ਹਨ?'

ਅਤੇ ਇਨ੍ਹਾਂ ਸਾਰੀਆਂ ਦਾ ਉਸ ਨੇ ਉਤਰ ਨਾਂਹ ਵਿਚ ਦਿੱਤਾ।

'ਤਾਂ ਫਿਰ ਕੀ ਇਨ੍ਹਾਂ ਸਾਰੇ ਹਿੱਸਿਆਂ ਦਾ ਨਾਂ ਰਥ ਹੈ?'

'ਨਹੀ'

'ਪਰ ਕੀ ਕੋਈ ਅਜਿਹੀ ਵਸਤੂ ਜੋ ਇਨ੍ਹਾਂ ਤੋਂ ਬਾਹਰ ਹੈ ਰਥ ਹੈ।'

ਅਤੇ ਉਸ ਨੇ ਫਿਰ ਉਤਰ ਨਾਂਹ ਵਿਚ ਦਿੱਤਾ।

ਤਾਂ ਫਿਰ ਪੂਜਨੀਕ ਨਾਗਸੇਨ ਨੇ ਕਿਹਾ : 'ਠੀਕ ਜਿਵੇਂ ਧੁਜਾਦੰਡ, ਧੁਰੀ, ਪਹੀਏ, ਡੰਡੇ ਫਰੇਮ, ਘੋੜੇ ਅਤੇ ਚਾਬਕ ਆਦਿਕ ਵਾਲੀ ਵਸਤੂ ਆਮ ਤੌਰ ਤੇ ਸਮਝੇ ਜਾ ਸਕਣ ਵਾਲੇ ਪ੍ਰਤੀਕ ਦੇ ਰੂਪ ਵਿਚ 'ਰਥ' ਨਾਂ ਨਾਲ ਜਾਣੀ ਜਾਂਦੀ ਹੈ। ਏਸੇ ਤਰ੍ਹਾਂ ਆਤਮਾ, ਵਿਅਕਤਿਤਵ, ਹੋਂਦ ਜਾਂ ਸ਼ਖਸੀਅਤ ਆਦਿ ਸ਼ਬਦ ਪੰਜ ਸਕੰਧਾਂ ਦੇ ਆਸਾਨੀ ਨਾਲ ਸਮਝ ਵਿਚ ਆ ਸਕਣ ਵਾਲੇ ਨਾਂ ਮਾਤਰ ਹਨ। ਪਦਾਰਥ ਵਿਚ, ਕੁਝ ਸਦੀਵੀ ਬਿਰਾਜਮਾਨ ਨਹੀਂ।'

ਬੁੱਧ ਦੇ ਅਨੁਸਾਰ ਆਤਮਾ ਕੇਵਲ ਪੰਜ ਸਕੰਧਾਂ ਦਾ ਸਮੁੱਚਾ ਨਾਮ ਮਾਤਰ ਹੈ। ਇਹ ਪੰਜ ਸਕੰਧ ਇਸ ਪ੍ਰਕਾਰ ਹਨ :

**1. ਰੂਪ ਸਕੰਧ :** ਪ੍ਰਿਥਵੀ, ਜਲ, ਅਗਨੀ ਅਤੇ ਵਾਯੂ ਨਾਮਕ ਚਾਰ ਤੱਤ ਅਤੇ ਇਨ੍ਹਾਂ ਤੋਂ ਉਤਪੰਨ ਸਾਰੇ ਰੂਪ ਸਕੰਧ

ਕਹਿਲਾਉਂਦੇ ਹਨ। ਹੱਡੀ, ਨਾੜੀਤੰਤਰ ਅਤੇ ਮਾਸ, ਚਮੜੀ, ਆਦਿਕ ਨਾਲ ਘਿਰਿਆ ਹੋਇਆ ਆਕਾਸ਼ ਹੀ ਰੂਪ ਕਿਹਾ ਜਾਂਦਾ ਹੈ।

**2. ਵੇਦਨਾ ਸਕੰਧ :** ਸੁੱਖ ਦੁੱਖ ਅਤੇ ਨਾਂ ਸੁੱਖ-ਦੁੱਖ ਨਾਮਕ ਇਨ੍ਹਾਂ ਤਿੰਨੇ ਕਿਸਮ ਦੀਆਂ ਅਨੁਭੂਤੀਆਂ ਨੂੰ ਵੇਦਨਾ ਕਹਿੰਦੇ ਹਨ। ਅਨੁਕੂਲ ਅਨੁਭਵ ਕਰਨਾ ਸੁਖਦਾਇਕ ਵੇਦਨਾ ਹੈ ਅਤੇ ਪ੍ਰਤੀਕੂਲ ਅਨੁਭਵ ਕਰਨਾ ਦੁਖਾਂਤਮਕ ਹੈ। ਵਿਅਕਤੀ ਇਨ੍ਹਾਂ ਅਨੁਭੀਤਆਂ ਦਾ ਪੁੰਜ ਹੈ। ਇਹੀ ਵੇਦਨਾ ਸਕੰਧ ਹੈ।

**3. ਸੰਗਿਆਂ ਸਕੰਧ :** ਗੁਣਾਂ ਦੇ ਆਧਾਰ ਤੇ ਕਿਸੇ ਵਸਤੂ ਦਾ ਨਾਮਕਰਣ ਸੰਗਿਆ ਸਕੰਧ ਹੈ। ਸੰਗਿਆ ਦਾ ਕਾਰਜ, ਜਨਾਉਣਾ ਜਾਂ ਪਛਾਣ ਕਰਾਉਣਾ ਹੈ। ਸਾਨੂੰ ਨੀਲੇ, ਪੀਲੇ, ਲਾਲ, ਚਿੱਟੇ ਆਦਿ ਰੂਪ ਰਾਹੀਂ ਵਸਤੂ ਦਾ ਪਤਾ ਲੱਗਦਾ ਹੈ। ਇਹ ਸੰਗਿਆ ਹੈ।

**4. ਸੰਸਕਾਰ ਸਕੰਧ :** ਕੁਸ਼ਲ ਅਕੁਸ਼ਲ ਚੇਤਨਾ ਹੀ ਸੰਸਕਾਰ ਹੈ। ਮੋਹ, ਈਰਖਾ ਪਰਵਿਰਤੀਆਂ ਏਸੇ ਵਿਚ ਹੀ ਸ਼ਾਮਿਲ ਹਨ। ਕਿਸੇ ਵਸਤੂ ਦੀ ਪਛਾਣ ਜਾਂ ਸੰਗਿਆ ਤੋਂ ਹੀ ਉਸ ਪ੍ਰਤੀ ਮੋਹ ਜਾਂ ਈਰਖਾ ਉਤਪੰਨ ਹੁੰਦੇ ਹਨ। ਇਹ ਮੋਹ ਈਰਖਾ ਧਰਮ ਅਧਰਮ ਆਦਿ ਦੀ ਚੇਤਨਾ ਨੂੰ ਹੀ ਸੰਸਕਾਰ ਕਿਹਾ ਗਿਆ ਹੈ। ਸੰਸਕਾਰ ਤਿੰਨ ਤਰ੍ਹਾਂ ਦੇ ਹਨ : ਕਾਇਮ ਸੰਸਕਾਰ ਅਰਥਾਤ ਸਰੀਰ ਨਾਲ ਸੰਬੰਧਤ ਸੰਸਕਾਰਾਂ ਵਿਚ ਸਾਹ ਲੈਣਾ ਕੱਢਣਾ ਸ਼ਾਮਿਲ ਹਨ। ਤਰਕ ਵਿਤਰਕ ਬਚਨਾਂ ਦੇ ਜਾਂ ਵਾਕ ਸੰਸਕਾਰ ਹਨ। ਸੰਗਿਆ ਅਤੇ ਵੇਦਨਾਂ ਚਿੱਤ-ਸੰਸਕਾਰ ਹਨ।

**5. ਵਿਗਿਆਨ ਸੰਸਕਾਰ :** ਬਾਹਰੀ ਵਸਤੂਆਂ ਦਾ ਗਿਆਨ ਅਤੇ ਅੰਦਰੂਨੀ 'ਮੈਂ' ਦਾ ਗਿਆਨ ਹੀ ਵਿਗਿਆਨ ਜਾਂ ਚੇਤਨਾ ਕਿਹਾ ਜਾਂਦਾ ਹੈ। ਬਾਹਰੀ ਵਸਤੂਆਂ ਦਾ ਗਿਆਨ ਸਾਨੂੰ ਰੂਪ, ਰਸ, ਗੰਧ, ਸਪਰਸ਼ ਰੂਪ ਵਿਚ ਹੁੰਦਾ ਹੈ ਅਤੇ ਅੰਦਰੂਨੀ ਗਿਆਨ ਸਾਨੂੰ 'ਮੈਂ' ਜਾਂ 'ਹਉਮੈਂ' ਰੂਪ ਵਿਚ ਹੁੰਦਾ ਹੈ। ਇਹੀ ਚੇਤਨਾ ਜਾਂ ਵਿਗਿਆਨ ਹੈ। ਸੰਗਿਆ, ਵੇਦਨਾ ਅਤੇ ਵਿਗਿਆਨ ਪਰਸਪਰ ਸੰਬੰਧਤ ਹਨ। ਮਿੱਠਾ ਕੌੜਾ ਆਦਿ ਸਵਾਦਾਂ ਦਾ ਅਨੁਭਵ ਵੇਦਨਾ ਹੈ, ਕਿਸੇ ਵਸਤੂ ਦੀ ਜਾਣਕਾਰੀ ਦੇਣ ਵਾਲਾ ਗਿਆਨ ਸੰਗਿਆ ਹੈ ਅਤੇ ਜਾਣਕਾਰੀ ਤੋਂ ਪਹਿਲਾਂ ਸਰੂਪ ਮਾਤਰ ਦਾ ਗਿਆਨ ਵਿਗਿਆਨ ਹੈ।

ਇਸ ਪ੍ਰਕਾਰ ਬੋਧੀ ਫਿਲਾਸਫਰ ਪੰਚ ਸਕੰਧ ਨੂੰ ਹੀ ਆਤਮਾ ਕਹਿੰਦੇ ਹਨ। ਇਹ ਪੰਚ ਸਕੰਧ ਛਿੰਨ ਭੰਗਰ ਅਤੇ ਚਲਾਇਮਾਨ ਹਨ। ਇਸ ਲਈ ਆਤਮਾ ਵੀ ਸਦੀਵੀ ਨਹੀਂ ਹੈ। ਇਥੇ ਇਹ ਪ੍ਰਸ਼ਨ ਪੈਦਾ ਹੁੰਦਾ ਹੈ ਜੇਕਰ ਆਤਮਾ ਅਨਿੱਤ, ਖਿਨਭੰਗਰ ਅਤੇ ਨਾਸ਼ਮਾਨ ਹੈ ਤਾਂ ਜਨਮ-ਮਰਨ ਕਿਸ ਦਾ ਹੁੰਦਾ ਹੈ। ਇਕ ਸਰੀਰ ਤੋਂ ਦੂਜੇ ਸਰੀਰ ਵਿਚ ਕੌਣ ਪ੍ਰਵੇਸ਼ ਕਰਦਾ ਹੈ। ਜੇਕਰ ਸਾਰੀਆਂ ਭਾਵਨਾਵਾਂ ਛਿਣ ਮਾਤਰ ਲਈ ਹੀ ਹਨ ਤਾਂ ਸਾਰੇ ਕਰਮ ਅਤੇ ਕਰਮਫਲ ਵਿਅਰਥ ਹੋ ਜਾਣਗੇ। ਜਿਹੜਾ ਕਰਮ ਕਰੇਗਾ ਉਹ ਤਾਂ ਨਸ਼ਟ ਹੋ ਚੁਕਿਆ ਹੋਵੇਗਾ ਪਰ ਉਨ੍ਹਾਂ ਕਰਮਾਂ ਦਾ ਫਲ ਦੂਜੇ ਨੂੰ ਭੁਗਤਣਾ ਪਵੇਗਾ। ਬੋਧੀ ਫਿਲਾਸਫਰ ਇਸ ਦਾ ਉਤਰ ਦਿੰਦੇ ਹੋਏ ਦੀਵੇ ਦੀ ਲੋਅ ਦੀ ਉਦਾਹਰਣ ਦਿੰਦੇ ਹਨ। ਸਾਨੂੰ ਸਾਰੀ ਰਾਤ ਇਕ ਦੀਵਾ ਬਲਦਾ ਹੋਇਆ ਵਿਖਾਈ ਦਿੰਦਾ ਹੈ। ਇਹ ਭਰਮ ਸੱਚ ਨਹੀਂ ਹੈ। ਦਰਅਸਲ ਦੀਵੇ ਦੀ ਪਹਿਲੀ ਲੋਅ ਦੂਜੀ ਲੋਅ ਨੂੰ ਜਨਮ ਦਿੰਦੀ ਹੈ ਅਤੇ ਲੋਅ ਦਾ ਸਿਲਸਿਲਾ ਟੁੱਟਦਾ ਨਹੀਂ। ਵੇਖਣ ਵਾਲੇ ਨੂੰ ਇੰਝ ਵਿਖਾਈ ਪੈਂਦਾ ਹੈ ਮਾਨੋ ਇਕ ਹੀ ਲੋਅ ਜਗ ਰਹੀ ਹੋਵੇ। ਹਕੀਕਤ ਇਹ ਹੈ ਕਿ ਦੀਵੇ ਦੀ ਲੋਅ ਹਰ ਪਲ ਬਦਲਦੀ ਰਹਿੰਦੀ ਹੈ। ਕੇਵਲ ਲੋਅ ਦਾ ਪ੍ਰਵਾਹ ਚਲਦਾ ਰਹਿੰਦਾ ਹੈ। ਏਸੇ ਪ੍ਰਵਾਹ ਨੂੰ ਅਸੀਂ ਭਰਮ ਵਸ ਸਦੀਵੀ ਮੰਨ ਲੈਂਦੇ ਹਾਂ। ਇਸ ਲਈ ਸੰਤਾਨ ਸਦੀਵਤਾ ਜਾਂ ਪ੍ਰਵਾਹ ਸਦੀਵਤਾ ਦਾ ਹੀ ਨਾਮ ਆਤਮਾ ਰੱਖ ਲਿਆ। ਬੁੱਧ ਧਰਮ ਵਿਚ ਵਿਚਾਰ ਪ੍ਰਵਾਹ ਨੂੰ ਉਸੇ ਤਰ੍ਹਾਂ ਹੀ ਮੰਨਿਆ ਗਿਆ ਹੈ ਜਿਵੇਂ ਪਰਮਾਣੂਆਂ ਦੇ ਪ੍ਰਵਾਹ ਨੂੰ ਪਦਾਰਥ ਕਿਹਾ ਜਾਂਦਾ ਹੈ। ਪੰਡਿਤ ਬਲਦੇਵ ਉਪਾਧਯਾਯ ਅਨੁਸਾਰ ਸਾਰੇ ਦੁਰਸ਼ਕਰਮਾਂ ਅਤੇ ਦੁਸ਼ ਪਰਵਿਰਤੀਆਂ ਦੇ ਮੂਲ ਵਿਚ ਆਤਮਵਾਦ ਨੂੰ ਮੰਨਦੇ ਹੋਏ ਬੁੱਧ ਨੇ ਆਤਮਾ ਵਰਗੇ ਵੱਖਰੇ ਪਾਦਰਥ ਦੀ ਹੋਂਦ ਤੋਂ ਹੀ ਇਨਕਾਰ ਕੀਤਾ ਹੈ।

## (ੲ) ਬੁੱਧ ਧਰਮ ਬੋਧੀਸਤਵ ਦਾ ਸੰਕਲਪ

ਮੁੱਢਲੇ ਬੁੱਧ ਧਰਮ ਵਿਚ ਨਿਰਵਾਣ ਅਤੇ ਅਰਹਤਪਨ ਨਾਮਕ ਦੋ ਆਦਰਸ਼ਾਂ ਦੀ ਪੂਰਤੀ ਹਿਤ ਕਾਫੀ ਚਿੰਤਨ ਕੀਤਾ ਗਿਆ ਲੱਗਦਾ ਹੈ। ਮਹਾਤਮਾ ਬੁੱਧ ਨੇ ਮਨੁੱਖੀ ਸ਼ਖਸੀਅਤ ਦੇ ਅੰਗਾਂ ਦੀ ਖਿੰਨ ਭੰਗੁਰਤਾ ਅਤੇ ਨਾਸ਼ਮਾਨਤਾ ਤੇ ਜ਼ੋਰ ਦਿੰਦਿਆਂ ਹੋਇਆ ਆਪਣੇ ਚਾਰ ਆਰਯ ਸੱਚਾਂ ਦਾ ਅਤੇ ਅਸ਼ਟਾਂਗ ਮਾਰਗ ਦਾ ਪ੍ਰਚਾਰ ਆਪਣੇ ਚੇਲਿਆਂ ਵਿਚ ਕੀਤਾ। ਇਨ੍ਹਾਂ ਚੇਲਿਆਂ ਨੂੰ ਅਰਹਤ ਕਿਹਾ ਜਾਂਦਾ ਰਿਹਾ ਅਤੇ ਦਰਅਸਲ ਬੁੱਧ ਵੀ ਪਹਿਲਾਂ ਅਰਹਤ ਨਾਂ ਨਾਲ ਹੀ ਜਾਣਿਆ ਗਿਆ। ਸਹਿਜੇ-ਸਹਿਜੇ ਇਸ ਅਰਹਤਪਨ ਦੇ ਸੰਕਲਪ ਦਾ ਵਿਕਾਸ ਹੋਇਆ ਅਤੇ ਇਹ ਸਮਝਿਆ ਗਿਆ ਕਿ ਅਰਹਤ ਉਹ ਵਿਅਕਤੀ ਹੈ ਜਿਹੜਾ ਮਰਨ ਦੇ ਬਾਰਾਂ ਕਾਰਣਾਂ ਵਾਲੇ ਫਾਰਮੂਲੇ ਨੂੰ ਭਲੀਭਾਂਤ ਸਮਝਦਾ ਹੈ। ਅਰਹਤ ਉਸ ਵਿਅਕਤੀ ਨੂੰ ਵੀ ਕਿਹਾ ਜਾਣ ਲੱਗਿਆ ਜਿਸ ਨੇ ਪਾਪਾਂ ਅਤੇ ਗਲਤੀਆਂ

ਦੇ ਸਮੁੱਚ ਨੂੰ ਆਪਣੇ ਵੱਲ ਆਉਣ ਤੋਂ ਰੋਕ ਲਿਆ ਹੋਵੇ ਅਤੇ ਸਾਰੇ ਕਿਸਮ ਦੀਆਂ ਇੰਦ੍ਰੀਆਵੀ ਤ੍ਰਿਸ਼ਨਾਵਾਂ ਤੋਂ ਮੁਕਤੀ ਪਾ ਲਈ ਹੋਵੇ। ਅਨੰਦ, ਇਕਾਗਰਤਾ, ਸਮਰਸਤਾ, ਖੋਜ, ਸ਼ਕਤੀ ਆਦਿ ਦੀ ਸਾਧਨਾ ਹੀ ਅਰਹਤ ਦਾ ਪ੍ਰਧਾਨ ਕੰਮ ਸੀ। ਇੰਦ੍ਰਆਵੀ ਸੁਖ, ਨਫਰਤ, ਆਲਸ, ਚਿੰਤਾ ਅਤੇ ਸੰਦੇਹ ਇਤਿਆਦਿਕ ਤੋਂ ਵੀ ਉਸ ਨੇ ਛੁਟਕਾਰਾ ਪਾ ਲਿਆ ਹੁੰਦਾ ਸੀ ਅਤੇ ਉਹ ਸੰਜਮ, ਸਮਾਧੀ ਇਤਿਆਦਿਕ ਦੀ ਸਾਧਨਾ ਵਿਚ ਲੀਨ ਹੋ ਕੇ ਅਨੇਕ ਸ਼ਕਤੀਆਂ ਦਾ ਮਾਲਕ ਬਣ ਗਿਆ ਸਮਝਿਆ ਜਾਂਦਾ ਸੀ। ਭਿਖੂਆਂ ਦੇ ਸਾਰੇ ਹੀ ਨਿਯਮਾਂ ਦੀ ਉਹ ਪਾਲਣਾ ਕਰਦਾ ਸੀ ਅਤੇ ਪੰਜ ਸਕੰਧਾਂ ਨਾਲ ਬਣੀ ਹੋਈ ਇਸ ਮਨੁੱਖੀ ਦੇਹ ਦੀਆਂ ਸਾਰੀਆਂ ਕਿਰਿਆਵਾਂ, ਭਾਵਨਾਵਾਂ ਤੋਂ ਉਹ ਛੁਟਕਾਰਾ ਪਾ ਚੁਕਿਆ ਹੁੰਦਾ ਸੀ। ਹਿੰਸਾ, ਚੋਰੀ, ਅਪਵਿੱਤਰਤਾ, ਝੂਠ, ਨਿੰਦਾ, ਰੁੱਖਾ ਬੋਲਣਾ, ਮਾੜੀਆ ਗੱਲਾਂ ਕਰਨੀਆਂ, ਲੋਭ, ਕਿਸੇ ਪ੍ਰਤੀ ਦੁਰਭਾਵਨਾ ਰੱਖਣਾ ਅਤੇ ਮਾੜੇ ਖਿਆਲਾਂ ਆਦਿ ਨੂੰ ਤਿਆਗਣਾ ਹੀ ਉਸ ਦਾ ਪਰਮ ਉਦੇਸ਼ ਮੰਨਿਆ ਜਾਂਦਾ ਸੀ। ਉਸ ਦੇ ਕਰਮ, ਉਸ ਦੇ ਬਚਨ ਤੇ ਉਸ ਦੇ ਵਿਚਾਰ ਬੜੇ ਹੀ ਨਿਰਮਲ ਮੰਨੇ ਜਾਂਦੇ ਹਨ।

ਅਰਹਤ ਉਹ ਵਿਅਕਤੀ ਸੀ ਜਿਹੜਾ ਕਿ ਸਭ ਅਰਥਾਂ ਵਿਚ ਮੁਕਤ ਹੋ ਚੁੱਕਿਆ ਹੁੰਦਾ ਸੀ ਤੇ ਨਾਲ ਹੀ ਉਹ ਇਹ ਵੀ ਜਾਣਦਾ ਸੀ ਕਿ ਉਸ ਦਾ ਮੁੜ ਜਨਮ ਨਹੀਂ ਹੋਵੇਗਾ। ਉਸ ਦੇ ਅਨੁਸਾਰ ਉਸ ਨੇ ਆਪਣੇ ਜ਼ੁੰਮੇ ਲੱਗਾ ਹੋਇਆ ਕੰਮ ਪੂਰਾ ਕਰ ਲਿਆ ਹੁੰਦਾ ਸੀ ਅਤੇ ਮਨ ਦੀ ਪਵਿੱਤਰਤਾ ਉਸ ਨੇ ਪ੍ਰਾਪਤ ਕਰ ਲਈ ਹੁੰਦੀ ਸੀ। ਉਹ ਇਕਾਂਤਵਾਸੀ, ਉਤਸ਼ਾਹੀ, ਸੱਚਾ-ਸੁੱਚਾ ਤੇ ਆਪਣੇ ਆਪ ਦਾ ਹੀ ਮਾਲਕ ਹੁੰਦਾ ਸੀ। ਅਜਿਹਾ ਅਰਹਤ ਇਕ ਪ੍ਰਚਾਰਕ ਦੇ ਤੌਰ ਤੇ ਵੀ ਜਾਣਿਆ ਜਾਂਦਾ ਸੀ ਤੇ ਬੁੱਧ ਦੀਆਂ ਸਿੱਖਿਆਵਾਂ ਲੋਕਾਂ ਨੂੰ ਦੱਸਦਾ ਸੀ। ਬੁੱਧ ਨੇ ਆਪਣੇ ਚੇਲਿਆਂ ਨੂੰ ਤੁਰ-ਫਿਰਕੇ ਸੱਚ ਦੇ ਪ੍ਰਚਾਰ ਕਰਨ ਵਾਸਤੇ ਕਿਹਾ ਸੀ ਤੇ ਇਸ ਤਰ੍ਹਾਂ ਦੂਜਿਆਂ ਦੀ ਭਲਾਈ ਅਤੇ ਦੂਜਿਆਂ ਨੂੰ ਵੀ ਮੁਕਤ ਕਰਨ ਦੀ ਜ਼ਿੰਮੇਵਾਰੀ ਆਪਣੇ ਅਤੇ ਆਪਣੇ ਚੇਲਿਆਂ ਦੇ ਸਿਰ ਲਈ ਸੀ। ਅਜਿਹੀ ਜ਼ਿੰਮੇਵਾਰੀ ਲੈਣ ਦਾ ਇਕ ਵੱਡਾ ਕਾਰਨ ਇਹ ਵੀ ਸੀ ਕਿ ਬੁੱਧ ਆਪਣੇ ਸਹਿਜੀਵੀਆਂ ਨੂੰ ਪਿਆਰ ਕਰਦੇ ਸਨ ਤੇ ਉਨ੍ਹਾਂ ਦੇ ਪ੍ਰਤੀ ਦਇਆ (ਕਰੁਣਾ) ਨਾਲ ਭਰਪੂਰ ਸਨ। ਗੌਤਮ ਬੁੱਧ ਦੀ ਮ੍ਰਿਤੂ ਦੇ ਤਿੰਨ ਸਦੀਆਂ ਬਾਅਦ ਤੱਕ ਵੀ ਅਰਹਤ ਦੇ ਸੰਕਲਪ ਨੂੰ ਉਪਰੋਕਤ ਦੀ ਤਰ੍ਹਾਂ ਹੀ ਮੰਨਿਆ ਜਾਂਦਾ ਰਿਹਾ।

ਲੇਕਿਨ ਈਸਾ ਪੂਰਵ ਦੂਸਰੀ ਸਦੀ ਤਕ ਪਹੁੰਚਦਿਆਂ-ਪਹੁੰਚਦਿਆਂ ਇੰਝ ਲੱਗਣ ਲੱਗਾ ਜਿਵੇਂ ਬੋਧੀ ਭਿਖਸ਼ੂ ਕਈ ਜ਼ਰੂਰੀ ਜ਼ਿੰਮੇਵਾਰੀਆਂ ਤੋਂ ਕਤਰਾਉਣ ਲੱਗ ਪਏ ਸਨ। ਹੁਣ ਉਹ ਬਹੁਤ ਸਵੈ-ਕੇਂਦਰਿਤ ਅਤੇ ਚਿੰਤਕ ਰੂਪ ਵਿਚਰਨ ਲੱਗੇ ਤੇ ਹੁਣ ਉਨ੍ਹਾਂ ਵਿਚ ਤੁਰ-ਫਿਰ ਕੇ ਕੰਮ ਕਰਨ ਦਾ ਪ੍ਰਚਾਰਕ ਵਾਲਾ ਉਤਸ਼ਾਹ ਘਟਣ ਲੱਗ ਪਿਆ। ਇੰਝ ਲੱਗਣ ਲੱਗਾ ਕਿ ਹੁਣ ਉਨ੍ਹਾਂ ਨੇ ਦੁੱਖਾਂ ਤੇ ਪਾਪਾਂ ਤੋਂ ਮੁਕਤੀ ਕੇਵਲ ਆਪਣੇ ਲਈ ਹੀ ਪ੍ਰਾਪਤ ਕਰਨੀ ਹੈ। ਦੂਸਰੇ ਵਿਅਕਤੀਆਂ ਦੀ ਸਹਾਇਤਾ ਕਰਨ ਜਾਂ ਉਨ੍ਹਾਂ ਨੂੰ ਸਿੱਖਿਆ ਦੇਣ ਪ੍ਰਤੀ ਉਹ ਉਦਾਸੀਨ ਹੋਣ ਲੱਗ ਪਏ ਸਨ। ਉਨ੍ਹਾਂ ਦੇ ਅਜਿਹੇ ਵਤੀਰੇ ਦੇ ਵਿਰੋਧ ਰੂਪ ਵਿਚ ਕੁੱਝ ਬੋਧੀ-ਧਰਮ ਗੁਰੂਆਂ ਨੇ ਬੋਧੀਸਤਵ ਦਾ ਸੰਕਲਪ ਸਾਹਮਣੇ ਲਿਆਂਦਾ। ਅਧਿਆਤਮਕ ਉਤਸ਼ਾਹ ਤੇ ਲੋਕ-ਭਲਾਈ ਦੀ ਭਾਵਨਾ ਦੀ ਕਮੀ ਅਤੇ ਅਰਹਤਾ ਦੇ ਇਕਾਂਤਵਸ ਦੀ ਭਾਵਨਾ ਨੇ ਮੁੜ ਕੇ ਸਾਰੇ ਪ੍ਰਾਣੀਆਂ ਦਾ ਉਧਾਰ ਕਰਨ ਦੀ ਲਹਿਰ ਨੂੰ ਜਨਮ ਦਿੱਤਾ। ਦਰਅਸਲ ਬੋਧੀਸਤਵ ਦੇ ਸੰਕਲਪ ਨੂੰ 'ਸੰਘ' ਦੇ ਲੋਕਾਂ ਪ੍ਰਤੀ ਇਸ ਉਦਾਸੀਨ ਵਤੀਰੇ ਅਤੇ ਕਰੁਣਾ ਦੀ ਵਧਦੀ ਜਾ ਰਹੀ ਅਣਹੋਂਦ ਦੇ ਪਿਛੋਕੜ ਵਿਚ ਹੀ ਠੀਕ ਤਰੀਕੇ ਨਾਲ ਸਮਝਿਆ ਜਾ ਸਕਦਾ ਹੈ।

ਬੋਧੀ ਭਿਖਸ਼ੂਆਂ ਦੇ ਇਸ ਸਵੈ-ਕੇਂਦਰਿਤ ਵਤੀਰੇ ਦੀ ਉਦਾਹਰਣ ਬਾਅਦ ਦੇ ਪਾਲੀ-ਸਹਿਤ ਵਿਚ ਕਾਫੀ ਮਾਤਰਾ ਵਿਚ ਪਾਈ ਜਾਂਦੀ ਹੈ। 'ਧੱਮਪਦ' ਵਿਚ ਸਵੈ-ਸੰਜਮ, ਸਮਾਧੀ, ਨਫਰਤ ਨਾ ਕਰਨਾ ਆਦਿ ਨੂੰ ਬਹੁਤ ਵਡਿਆਇਆ ਗਿਆ ਹੈ ਪਰ ਇਸ ਵਿਚ ਆਮ ਆਦਮੀਆ ਪ੍ਰਤੀ ਅਵੱਗਿਆ ਅਤੇ ਉਨ੍ਹਾਂ ਦੀ ਦਿਲਚਸਪੀਆਂ ਬਾਰੇ ਬਹੁਤ ਦੂਰੀ ਦੇ ਭਾਵ ਦਾ ਹੀ ਪ੍ਰਦਰਸ਼ਨ ਕੀਤਾ ਗਿਆ ਹੈ। 'ਥੇਰ-ਗਾਥਾ' ਦੇ ਬਹੁਤੇ ਕਵੀ ਕੇਵਲ ਵਿਅਕਤੀਗਤ ਮੁਕਤੀ ਦੀ ਹੀ ਗੱਲ ਕਰਦੇ ਹਨ ਅਤੇ ਦੂਜਿਆਂ ਦੀ ਭਲਾਈ ਕਰਨ ਦੇ ਕਰਤੱਵ ਬਾਰੇ ਉਹ ਘੱਟ ਹੀ ਬੋਲਦੇ ਹਨ। ਯੂਨਾਨੀ ਰਾਜਾ ਮਿਨਾਂਡਰ ਨਾਲ ਨਾਗਸੇਨ ਦੇ ਹੋਏ ਵਾਰਤਾਲਾਪ 'ਮਿਲਿੰਦਪਨਹੋ' ਵਿਚ ਵੀ ਇਹ ਦੱਸਿਆ ਗਿਆ ਹੈ ਕਿ ਅਰਹਤ ਨੂੰ ਕੇਵਲ ਆਪਣੇ ਦੁੱਖਾਂ ਅਤੇ ਸੰਤਾਪਾਂ ਨੂੰ ਦੂਰ ਕਰਨ ਦਾ ਉਦੇਸ਼ ਹੀ ਸਾਹਮਣੇ ਰੱਖਣਾ ਚਾਹੀਦਾ ਹੈ। ਇਸੇ ਹੀ ਸਮੇਂ ਵਿਚ 'ਪ੍ਰਤਿਏਕ ਬੁੱਧ' ਦਾ ਆਦਰਸ਼ ਵੀ ਸਾਹਮਣੇ ਆਇਆ ਜਿਸ ਅਨੁਸਾਰ ਬੁੱਧ ਉਹ ਵਿਅਕਤੀ ਮੰਨਿਆ ਜਾਣ ਲੱਗ ਪਿਆ। ਜਿਹੜਾ ਪਰਮ ਅਤੇ ਪੂਰਨ ਆਂਤਮਿਕ ਦ੍ਰਿਸ਼ਟੀ ਦਾ ਅਧਿਕਾਰੀ ਤਾਂ ਬਣ ਗਿਆ ਹੋਵੇ ਪਰ ਉਹ ਇਸ ਗੱਲ ਦਾ ਭੇਤ ਲੋਕਾਂ ਨੂੰ ਦੱਸੇ ਬਿਨਾਂ ਹੀ ਮ੍ਰਿਤੂ ਨੂੰ ਪ੍ਰਾਪਤ ਹੋ ਗਿਆ ਹੋਵੇ। ਇਹ ਸਿਧਾਂਤ ਬੁੱਧ ਦੇ ਕਰੁਣਾਮਈ ਅਤੇ ਪਰਉਪਕਾਰੀ ਬਿਰਤੀ ਦੇ ਬਿਲਕੁਲ ਉਲਟ ਚੱਲਣ ਵਾਲਾ ਸਿਧਾਂਤ ਸੀ। ਬੋਧੀਸਤਵ ਸੰਕਲਪ ਅਜਿਹੇ ਹੀ ਸਵਾਰਥੀ ਆਦਰਸ਼ਾਂ ਦੇ ਵਿਰੋਧ ਵਿਚ ਸਿਰਜਿਆ ਹੋਇਆ ਇਕ ਅਜਿਹਾ ਆਦਰਸ਼ ਸੀ ਜਿਹੜਾ ਮੱਠ ਦੀ ਇਕਾਂਤਵਾਸੀ ਅਤੇ ਜੜ੍ਹ ਜ਼ਿੰਦਗੀ ਦੇ ਖਿਲਾਫ ਸੀ। ਇਸ ਸੰਕਲਪ ਨੂੰ ਮੰਨਣ ਵਾਲੇ ਬੋਧੀ ਭਿਖਸ਼ੂ ਅਧਿਆਤਮਕ ਅਹੰਕਾਰ ਦੇ ਕੱਟੜ ਵਿਰੋਧੀ ਸਨ। ਬੋਧੀਸਤਵ ਆਦਰਸ਼ ਮੰਨਣ ਵਾਲਾ ਭਿਖਸ਼ੂ ਸਭ

ਤੋਂ ਪਹਿਲਾਂ ਐਲਾਨ ਹੀ ਇਹ ਕਰਦਾ ਸੀ ਕਿ ਉਹ ਨਾਂ ਤਾਂ ਅਰਹਤ ਹੈ ਤੇ ਨਾ ਹੀ ਪ੍ਰਤੀਏਕ ਬੁੱਧ ਅਤੇ ਉਸ ਦੀ ਤੁਲਨਾ ਇਨ੍ਹਾਂ ਨਾਲ ਕਦੀ ਵੀ ਨਾ ਕੀਤੀ ਜਾਵੇ। ਬੋਧੀਸਤਵ ਦੇ ਸੰਕਲਪ ਨੂੰ ਮੰਨਣ ਵਾਲੇ ਅਰਹਤ ਦੇ ਸੰਕਲਪ ਵਿਚ ਦੋ ਮੋਟੇ ਦੋਸ਼ ਵੇਖਦੇ ਸਨ। ਉਹ ਇਹ ਵੇਖਦੇ ਸਨ ਕਿ ਅਰਹਤਪਨ ਪੂਰਨ ਬਿਬੇਕ ਨੂੰ ਪ੍ਰਾਪਤ ਕਰਨ ਦੇ ਹੋਰ ਉਚੇਰੇ ਕਰਤੱਵ ਬਾਰੇ ਧਿਆਨ ਨਹੀਂ ਦਿੰਦਾ ਅਤੇ ਨਾਲ ਹੀ ਨਾਲ ਇਹ ਸੰਸਾਰ ਨੂੰ ਉਨ੍ਹਾਂ ਪਵਿੱਤਰ ਵਿਅਕਤੀਆਂ ਅਤੇ ਇਸਤ੍ਰੀਆਂ ਦੀਆਂ ਸੇਵਾਵਾਂ ਤੋਂ ਵਾਂਝਿਆਂ ਰੱਖਣਾ ਚਾਹੁੰਦਾ ਹੈ ਜਿਹੜੇ ਖੁਦ ਨਿਰਵਾਣ ਪ੍ਰਾਪਤ ਕਰ ਚੁੱਕੇ ਹਨ। ਮੋਟੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਬੋਧੀਸਤਵ ਉਹ ਵਿਅਕਤੀ ਸੀ ਜਿਹੜਾ ਬੋਧ-ਪ੍ਰਾਪਤੀ ਲਈ ਲਗਾਤਾਰ ਯਤਨ ਕਰਨ ਦੇ ਪੱਖ ਵਿਚ ਸੀ ਅਤੇ ਅਜਿਹੇ ਨਿਰਵਾਣ ਦੀ ਪ੍ਰਾਪਤੀ ਦੇ ਵਿਰੋਧ ਵਿਚ ਸੀ ਜਿਸ ਰਾਹੀਂ ਵਿਅਕਤੀ ਦੇ ਸਾਰੇ ਕਾਰ-ਵਿਹਾਰ ਵੀ ਸਮਾਪਤ ਹੋ ਜਾਂਦੇ ਸਨ।ਬੋਧੀਸਤਵ ਸੰਸਕ੍ਰਿਤ ਦਾ ਸ਼ਬਦ ਹੈ ਅਤੇ ਇਸ ਦੀ ਵਿਆਖਿਆ ਅਨੇਕਾਂ ਵਿਦਵਾਨਾਂ ਨੇ ਆਪਣੀ-ਆਪਣੀ ਬੁੱਧੀ ਅਨੁਸਾਰ ਕੀਤੀ ਹੈ। ਬੋਧੀ ਦਾ ਅਰਥ ਤਾਂ ਪਰਬੁੱਧਤਾ ਜਾਂ ਪ੍ਰਕਾਸ਼ਮਾਨਤਾ ਜਾਂ ਗਿਆਨ-ਪ੍ਰਾਪਤੀ ਹੈ ਪਰ ਬੋਧੀ ਨਾਲ ਲੱਗੇ ਪਿਛੇਤਰ 'ਸਤਵ' ਦੇ ਅਰਥਾਂ ਬਾਰੇ ਵਿਦਵਾਨਾਂ ਵਿਚ ਮਤਭੇਦ ਹੈ। ਕੁੱਝ ਵਿਦਵਾਨਾਂ ਨੇ ਇਸ ਦਾ ਅਰਥ ਸੱਤ ਜਾਂ ਨਿਚੋੜ, ਪ੍ਰਕ੍ਰਿਤੀ ਜਾਂ ਅਸਲੀ ਸਰੂਪ ਆਦਿ ਲਾਇਆ ਹੈ ਅਤੇ ਕੁੱਝ ਵਿਦਵਾਨ ਸਤਵ ਉਸ ਹੋਂਦ ਨੂੰ ਕਹਿੰਦੇ ਹਨ ਜਿਹੜੀ ਸਾਰ ਰੂਪ ਵਿਚ ਗਿਆਨ ਹੈ। ਮੋਨੀਅਰ ਵਿਲੀਅਮਜ਼ (1819-1899) ਦੀ ਸੰਸਕ੍ਰਿਤ ਡਿਕਸ਼ਨਰੀ ਦੇ ਅਨੁਸਾਰ ਸਤਵ ਦਾ ਅਰਥ ਕਿਸੇ ਵੀ ਜੀਵਤ ਹੋਂਦ ਦੇ ਰੂਪ ਵਿਚ ਕੀਤਾ ਗਿਆ ਹੈ, ਕਿਉਂਕਿ ਪਾਲੀ ਡਿਕਸ਼ਨਰੀ ਦੇ ਅਨੁਸਾਰ ਸਤਵ ਦਾ ਅਰਥ ਇਕ ਜੀਵਤ ਹੋਂਦ, ਪ੍ਰਾਣੀ ਜਾਂ ਇਕ ਬੁੱਧੀਵਾਦੀ ਵਿਅਕਤੀ ਦੇ ਤੌਰ ਤੇ ਕੀਤਾ ਗਿਆ ਹੈ। ਬਹੁਤੇ ਆਧੁਨਿਕ ਵਿਦਵਾਨ ਸਤਵ ਦੀ ਇਸੇ ਵਿਆਖਿਆ ਨੂੰ ਸਵੀਕਾਰ ਕਰਦੇ ਹਨ। ਡੀ.ਟੀ. ਸੁਜ਼ਕੀ ਦੇ ਅਨੁਸਾਰ ਵੀ ਸਤਵ ਸ਼ਬਦ ਦਾ ਅਰਥ ਪ੍ਰਗਿੱਆਵਾਨ ਵਿਅਕਤੀ ਕੀਤਾ ਹੈ। ਕਿਤੇ ਕਿਤੇ ਸਤਵ ਦਾ ਅਰਥ ਚੇਤਨਾ, ਮਨ ਜਾਂ ਭਾਵ ਵੀ ਕੀਤਾ ਗਿਆ ਹੈ। ਪਾਲੀ ਸ਼ਬਦ 'ਸੱਤ' ਦਾ ਅਰਥ ਆਤਮਾ ਵੀ ਸਮਝਿਆ ਜਾ ਸਕਦਾ ਹੈ ਅਤੇ ਸੰਸਕ੍ਰਿਤੀ ਡਿਕਸ਼ਨਰੀ ਮੋਨੀਅਰ ਵਿਲੀਅਮਜ਼ ਦੇ ਵਿਚ ਇਸ ਦਾ ਅਰਥ ਭਰੂਣ (Embryo) ਵੀ ਲਿਆ ਗਿਆ ਹੈ। ਐਚ. ਐਸ. ਗੜ ਸਤਵ ਦਾ ਅਨੁਵਾਦ ਆਪਣੀ ਪੁਸਤਕ Buddhism ਵਿਚ ਇਸ ਤਰ੍ਹਾਂ ਕਰਦੇ ਹਨ : 'ਉਹ ਵਿਅਕਤੀ ਜਿਸ ਵਿਚ ਗਿਆਨ ਗੁਪਤ ਹੈ ਅਤੇ ਅਵਿਕਸਿਤ ਹੈ' ਮੋਨੀਅਰ ਵਿਲੀਅਮਜ਼ ਦੇ ਅਨੁਸਾਰ ਸਤਵ ਦਾ ਅਰਥ ਮਜ਼ਬੂਤੀ, ਸ਼ਕਤੀ ਅਤੇ ਸਾਹਸ ਵੀ ਲਿਆ ਜਾ ਸਕਦਾ ਹੈ ਅਤੇ ਇਸ ਤਰ੍ਹਾਂ ਬੋਧੀਸਤਵ ਦਾ ਅਰਥ ਇਹ ਹੋਵੇਗਾ ਕਿ ਬੋਧੀਸਤਵ ਉਹ ਵਿਅਕਤੀ ਹੈ ਜਿਸ ਦੀ ਸ਼ਕਤੀ ਅਤੇ ਦ੍ਰਿੜ ਇੱਛਾ ਸ਼ਕਤੀ ਬੋਧ (ਗਿਆਨ) ਪ੍ਰਾਪਤੀ ਵੱਲ ਲੱਗੀ ਹੋਈ ਹੈ।

ਦਰਅਸਲ ਸ੍ਰੀ ਹਰਦਿਆਲ ਦੇ ਅਨੁਸਾਰ ਪ੍ਰਮੁੱਖ ਬੋਧੀ ਲੇਖਕਾਂ ਨੇ ਸਤਵ ਦੇ ਠੀਕ-ਠਾਕ ਅਰਥ ਨਿਰੂਪਣ ਵੱਲ ਬਹੁਤ ਧਿਆਨ ਦੇਣ ਦੀ ਖੇਚਲ ਹੀ ਨਹੀਂ ਕੀਤੀ ਹਾਲਾਂਕਿ ਬੋਧੀਸਤਵ ਦੀ ਪ੍ਰਸੰਸ਼ਾ ਵਿਚ ਉਨ੍ਹਾਂ ਨੇ ਕਈ ਉਪਾਧੀਆਂ ਦਾ ਜ਼ਿਕਰ ਕੀਤਾ ਹੈ। ਫਿਰ ਵੀ ਬੋਧੀਸਤਵ ਦੇ ਸਹੀ ਅਰਥਾਂ ਨੂੰ ਸਮਝਣ ਵਾਸਤੇ ਸਾਨੂੰ ਹੋਰ ਦਾਰਸ਼ਨਿਕ ਜਾਂ ਭਾਸ਼ਾ ਵਿਗਿਆਨੀਆਂ ਦੀ ਬਹੁਤੀ ਪ੍ਰਵਾਹ ਕੀਤੇ ਬਿਨਾਂ ਪਾਲੀ ਸਾਹਿਤ ਵੱਲ ਮੁੜਨਾ ਚਾਹੀਦਾ ਹੈ। ਪਾਲੀ ਲਿਖਤਾਂ ਵਿਚ ਬੋਧੀਸਤਵ ਦਾ ਅਰਥ ਕੋਈ ਸਾਧਾਰਣ ਵਿਅਕਤੀ ਨਹੀਂ ਹੈ ਬਲਕਿ ਇਹ ਅਜਿਹਾ ਵਿਅਕਤੀ ਹੈ ਜਿਸ ਨੂੰ ਯੋਧਾ ਨਾਇਕ ਜਾਂ ਬਹਾਦਰ ਆਦਮੀ ਕਿਹਾ ਜਾ ਸਕਦਾ ਹੈ। ਇਸ ਤਰ੍ਹਾਂ ਖਾਸ ਤੌਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਬੋਧੀਸਤਵ ਦਾ ਅਰਥ ਇਕ ਅਜਿਹਾ ਹੋਂਦ ਵਾਲਾ ਵਿਅਕਤੀ ਹੈ ਜਿਹੜਾ ਗਿਆਨ ਦਾ ਸਰੂਪ ਵੀ ਹੈ ਅਤੇ ਗਿਆਨ ਦੀ ਪ੍ਰਾਪਤੀ ਲਈ ਸੰਘਰਸ਼ ਦਾ ਸਰੂਪ ਵੀ ਹੈ।

## ਬੋਧੀਸਤਵ ਸਿਧਾਂਤ ਦਾ ਵਿਕਾਸ

ਬਦਲਦੇ ਹਾਲਾਤਾਂ ਦੇ ਨਾਲ-ਨਾਲ ਬੁੱਧ ਧਰਮ ਨੇ ਵੀ ਪੂਰੀ ਤਰ੍ਹਾਂ ਵਿਕਾਸ ਕੀਤਾ ਹੈ ਅਤੇ ਆਪਣੇ ਆਪ ਨੂੰ ਇਕ ਵਿਸ਼ਵ ਧਰਮ ਦੇ ਤੌਰ ਤੇ ਸਥਾਪਿਤ ਕਰਨ ਦਾ ਯਤਨ ਕੀਤਾ ਹੈ। ਵਿਕਾਸ ਆਮ ਤੌਰ ਤੇ ਇਸ ਸਿਧਾਂਤ ਦੁਆਲੇ ਹੋਇਆ ਕਰਦਾ ਹੈ ਕਿ ਜੋ ਕੁਝ ਮੂਲ ਰੂਪ ਵਿਚ ਹੈ ਉਸ ਦੀ ਪੂਰੀ ਤਰ੍ਹਾਂ ਵਿਆਖਿਆ ਦੀ ਲੋੜ ਅਜੇ ਵੀ ਬਣੀ ਹੋਈ ਹੈ। ਇਸੇ ਪ੍ਰਕ੍ਰਿਆ ਵਿਚ ਵਿਆਖਿਆਕਾਰਾਂ ਵੱਲੋਂ ਹਮੇਸ਼ਾਂ ਹੀ ਕੁੱਝ ਨਾ ਕੁੱਝ ਆਪਣਾ ਵੀ ਨਾਲ-ਨਾਲ ਜੁੜਦਾ ਚਲਿਆ ਜਾਂਦਾ ਹੈ ਅਤੇ ਕਾਲਾਂਤਰ ਵਿਚ ਆਮ ਤੌਰ ਤੇ ਵਿਆਖਿਆ ਤੇ ਆਧਾਰਿਤ ਸਿਧਾਂਤਾ ਦੇ ਪੈਰੋਕਾਰ ਮੂਲ ਸਿਧਾਂਤਾ ਨਾਲੋਂ ਵੱਖ ਹੀ ਪ੍ਰਤੀਤ ਹੋਣ ਲੱਗ ਜਾਂਦੇ ਹਨ। ਬੋਧੀਸਤਵ ਸਿਧਾਂਤ ਆਰੰਭਕ ਬੁੱਧ ਧਰਮ ਵਿਚ ਬੁੱਧ ਦੇ ਆਦਰਸ਼ ਸਰੂਪ ਅਤੇ ਉਸ ਪ੍ਰਤੀ ਭਗਤੀ ਭਾਵਨਾ ਦੇ ਫਲਸਰੂਪ ਪੈਦਾ ਹੋਇਆ ਸਿਧਾਂਤ ਹੈ। ਪਹਿਲਾਂ ਭਿੱਖੂਆਂ ਦੀ ਭਗਤੀ ਗੌਤਮ ਬੁੱਧ ਦੇ ਪ੍ਰਤੀ ਬਣੀ ਅਤੇ ਸਹਿਜੇ-ਸਹਿਜੇ ਗੌਤਮ ਅਲੋਪ ਹੁੰਦਾ ਗਿਆ ਹੈ ਅਤੇ ਬੁੱਧ ਇਕ ਆਦਰਸ਼ ਦੇ ਤੌਰ ਤੇ ਪੈਰੋਕਾਰਾਂ ਵਿਚ ਸਤਿਕਾਰਤ ਹੁੰਦਾ ਰਿਹਾ। ਕੁਝ ਸਮੇਂ ਬਾਅਦ ਬੁੱਧ ਦੀ ਸ਼ਖਸ਼ੀਅਤ ਵੀ ਬਹੁਤੀ ਖਿੱਚ ਦਾ ਕਾਰਨ ਨਾ ਰਹਿ ਸਕੀ ਅਤੇ ਭਗਤੀ ਦੀ ਅੰਦਰ ਤਕ ਖੁੱਭੀ ਹੋਈ ਭਾਵਨਾ ਨੇ ਬੋਧੀਸਤਵ ਦੀ ਕਲਪਨਾ ਸਾਹਮਣੇ ਲਿਆਂਦੀ। ਹੁਣ ਬੁੱਧ ਦੇ ਬੋਧੀਸਤਵ ਰੂਪ ਵਿਚ ਕਈ ਪਿਛਲੇ ਅਤੇ ਅਗਲੇ ਜਨਮਾਂ ਦੀ ਕਲਪਨਾ ਕਰਕੇ ਉਸ ਪ੍ਰਤੀ ਭਗਤੀ ਦਾ ਪ੍ਰਗਟਾਵਾ ਕੀਤਾ ਗਿਆ।

ਕੁੱਝ ਵਿਦਵਾਨ ਇਹ ਮੰਨਦੇ ਹਨ ਕਿ ਬੋਧੀਆਂ ਦੀ ਭਗਤੀ ਭਾਵਨਾ ਬੁੱਧ ਧਰਮ ਉਤੇ ਹਿੰਦੂ ਧਰਮ ਦਾ ਪ੍ਰਭਾਵ ਹੈ ਪਰ ਸ੍ਰੀ ਹਰਦਿਆਲ ਦੇ ਅਨੁਸਾਰ ਅਜਿਹਾ ਉਚਿਤ ਨਹੀਂ ਲੱਗਦਾ। ਉਹ ਕਹਿੰਦੇ ਹਨ ਕਿ ਦਰਅਸਲ ਭਗਤੀ ਨਾਮਕ ਸ਼ਬਦ ਸਭ ਤੋਂ ਪਹਿਲਾਂ ਬੋਧੀ ਸਾਹਿਤ ਵਿਚ ਵਰਤਿਆ ਗਿਆ ਹੈ ਨਾ ਕਿ ਵੈਦਿਕ ਸਾਹਿਤ ਵਿਚ। ਵੈਦਿਕ ਸਾਹਿਤ ਦੇ ਵਿਦਵਾਨਾਂ ਨੇ ਯਤਨਪੂਰਬਕ ਬੋਧੀ ਤੱਤ ਮੀਮਾਂਸਾ ਨੂੰ ਨਾਸਤਕ ਦਰਸ਼ਨ ਕਿਹਾ ਹੈ ਅਤੇ ਆਸਤਕ ਦਰਸ਼ਨਾਂ ਨਾਲੋਂ ਇਸ ਨੂੰ ਵੱਖਰਾ ਮੰਨਿਆ ਹੈ। ਏਸੇ ਲਈ ਹੀ ਕਾਫੀ ਸਮੇਂ ਤੱਕ 'ਵੈਦਿਕ' ਅਤੇ 'ਸ੍ਰਮਣ' ਸ਼ਬਦ ਪ੍ਰਚਲਿਤ ਰਹੇ ਹਨ ਜਿਹੜੇ ਵੱਖੋ ਵੱਖਰੇ ਚਿੰਤਨ ਚੌਖਟੇ ਤੇ ਪ੍ਰਤੀਨਿਧੀ ਸਨ। ਬੋਧੀਸਤਵ ਨੂੰ ਅਪਣਾਉਣ ਵੇਲੇ ਅਸੀਂ ਵੇਖਦੇ ਹਾਂ ਕਿ ਬੋਧੀਆਂ ਨੇ ਵੈਦਿਕ ਦੇਵ ਮੰਡਲ ਨੂੰ ਆਪਣੇ ਵਿਸ਼ਵਾਸ ਅਤੇ ਭਗਤੀ ਦਾ ਪਾਤਰ ਨਹੀਂ ਮੰਨਿਆ ਬਲਕਿ ਉਨ੍ਹਾਂ ਦੇ ਮੁਕਾਬਲੇ ਬੋਧੀਸਤਵ ਸ਼ਖਸੀਅਤਾਂ ਦੀ ਕਲਪਨਾ ਕੀਤੀ ਅਤੇ ਇਸ ਤਰ੍ਹਾਂ ਕਈ ਸਦੀਆਂ ਤਕ ਵੈਦਿਕ ਪਰੰਪਰਾ ਤੋਂ ਵੱਖ ਹੀ ਆਪਣੀ ਹੋਂਦ ਕਾਇਮ ਰੱਖੀ।

ਜੈਨ ਅਤੇ ਹਿੰਦੂ ਧਰਮ ਮੀਮਾਂਸਾ ਦੇ ਪ੍ਰਭਾਵ ਕਾਰਨ ਬੁੱਧਤੱਤਵ (Buddhahood) ਦਾ ਵੀ ਵਿਸਤਾਰ ਹੁੰਦਾ ਗਿਆ। ਸਹਿਜੇ ਸਹਿਜੇ ਬੁੱਧ ਇਕ ਵਿਅਕਤੀ ਦੇ ਤੌਰ ਤੇ ਘੱਟ ਪ੍ਰਭਾਵਸ਼ਾਲੀ ਹੁੰਦਾ ਗਿਆ ਅਤੇ ਇਕ ਬ੍ਰਹਿਮੰਡੀ ਵਿਧਾਨ ਦੇ ਰੂਪ ਵਿਚ ਅਪਣਾਇਆ ਜਾਣ ਲੱਗ ਪਿਆ। ਜਿਵੇਂ ਉਪਨਿਸ਼ਦਾਂ ਦਾ ਬ੍ਰਹਮ ਆਮ ਵਿਅਕਤੀ ਦੀ ਧਾਰਮਿਕ ਨਿਸ਼ਠਾ ਦੀ ਪਕੜ ਤੋਂ ਦੂਰ ਰਹਿ ਗਿਆ ਅਤੇ ਬਾਅਦ ਦੇ ਵਿਦਵਾਨਾਂ ਨੂੰ ਮਨੁੱਖੀ ਬੁੱਧੀ ਤੇ ਪ੍ਰਭਾਵ ਪਾਉਣ ਵਾਲੇ ਅਤੇ ਹਰ ਮਨੁੱਖ ਵਾਂਗ ਆਚਰਨ ਕਰਨ ਵਾਲੇ ਈਸ਼ਵਰ ਅਤੇ ਉਸ ਦੇ ਅਵਤਾਰਾਂ ਦੀ ਕਲਪਨਾ ਕਰਨੀ ਪਈ, ਏਸੇ ਤਰ੍ਹਾਂ ਦੇ ਹਾਲਾਤ ਬੁੱਧ ਧਰਮ ਦੇ ਸਾਹਮਣੇ ਵੀ ਆਏ। ਦੋ ਤਿੰਨ ਸਦੀਆਂ ਬਾਅਦ ਬੁੱਧ ਇੰਨਾਂ ਵਿਰਾਟ, ਵਿਸ਼ਾਲ, ਨਿਰਵਸ਼ੇਸ਼ ਅਤੇ ਪਹੁੰਚ ਤੋਂ ਦੁਰੇਡਾ ਹੋ ਗਿਆ ਕਿ ਮਹਾਯਾਨੀ ਭਿਖਸ਼ੂ ਆਪਣੀਆਂ ਧਾਰਮਿਕ ਲੋੜਾਂ ਲਈ ਬੁੱਧ ਦੇ ਉਸ ਆਰੰਭਕ ਜੀਵਨ ਵੱਲ ਮੁੜਨ ਲਗ ਪਏ ਜਿਸ ਵਿਚ ਉਹ ਕੇਵਲ ਦਿਆਲੂ, ਸੰਤੋਖੀ ਅਤੇ ਬੁੱਧੀਮਾਨ ਵਿਅਕਤੀ ਹੀ ਨਹੀਂ ਸੀ, ਬਲਕਿ ਇਕ ਘਰਬਾਰੀ ਅਤੇ ਆਦਰਸ਼ ਨਾਗਰਿਕ ਵੀ ਸੀ। ਬੋਧੀਸਤਵ ਦੇ ਰੂਪ ਵਿਚ ਬੁੱਧ ਦੀ ਕਲਪਨਾ ਕੀਤੀ ਗਈ ਅਤੇ ਇਹ ਦਰਸਾਇਆ ਗਿਆ ਕਿ ਆਪਣੇ ਇਸ ਰੂਪ ਵਿਚ ਉਸ ਨੇ ਇਸਤਰੀ-ਪੁਰਸ਼ਾਂ ਉਤੇ ਅਨੇਕ ਉਪਕਾਰ ਵੀ ਕੀਤੇ ਸਨ। ਬੋਧੀਸਤਵ ਰੂਪ ਵਿਚ ਉਸ ਨੇ ਲੋਕਾਂ ਨੂੰ ਉਨ੍ਹਾਂ ਦੀਆਂ ਇਸ ਸੰਸਾਰ ਨਾਲ ਸੰਬੰਧਿਤ ਲੋੜਾਂ ਅਨੁਸਾਰ ਅਨੇਕ ਪਦਾਰਥ ਵੰਡੇ ਸਨ। ਆਮ ਵਿਅਕਤੀ ਹਮੇਸ਼ਾਂ ਆਪਣੇ ਇਸ਼ਟ ਦੇ ਏਸੇ ਰੂਪ ਦੇ ਨਾਲ ਸੰਬੰਧਿਤ ਹੁੰਦਾ ਹੈ ਜਿਹੜਾ ਉਸ ਦੀਆਂ ਰੋਜ਼ਾਨਾ ਜੀਵਨ ਦੀਆਂ ਲੋੜਾਂ ਪੂਰੀਆਂ ਕਰ ਸਕੇ। ਜੋ ਕਾਰਣ ਬੋਧੀਸਤਵ ਸਿਧਾਂਤ ਦੀ ਉਤਪਤੀ ਲਈ ਉਤਰਦਾਈ ਹਨ ਉਨ੍ਹਾਂ ਕਾਰਣਾਂ ਕਰਕੇ ਹੀ ਹੋਰ ਨਿਰਕਾਰਵਾਦੀ ਧਰਮਾਂ ਵਿਚ ਪੀਰਾਂ, ਫਕੀਰਾਂ ਅਤੇ ਸੰਤਾਂ ਆਦਿ ਦੀ ਪਰੰਪਰਾ ਦੀ ਹੋਂਦ ਵਿਚ ਆਈ ਹੈ।

ਬੋਧੀਆਂ ਨੇ ਵੀ ਬੋਧ ਸਤਵ ਦੇ ਰੂਪ ਵਿਚ ਇਕ ਵੱਖਰੀ ਹੀ ਸ਼੍ਰੇਣੀ ਦੀ ਸਿਰਜਣਾ ਕੀਤੀ ਅਤੇ ਇਸ ਸ਼੍ਰੇਣੀ ਦੇ ਵਿਅਕਤੀਆਂ ਵਿਚ ਗੌਤਮ ਬੁੱਧ ਦੀ ਸ਼ਖਸੀਅਤ ਦੇ ਸਾਰੇ ਗੁਣਾਂ ਨੂੰ ਵੇਖਿਆ। ਗੌਤਮ ਬੁੱਧ ਦੇ ਨਾਂ ਨਾਲ ਉਸ ਸਮੇਂ ਲਾਏ ਕੁਝ ਵਿਸ਼ੇਸ਼ਣਾਂ ਨੂੰ ਵੀ ਬਾਅਦ ਦੇ ਬੋਧੀਆਂ ਨੇ ਕਈ ਬੋਧੀਸਤਵ ਦੇ ਨਾਮ ਰੂਪ ਵਿਚ ਸਵੀਕਾਰ ਕੀਤਾ ਹੈ। ਮੰਜੂਸ੍ਰੀ ਅਤੇ ਅਵਿਲੋਕਿਤੇਸ਼ਵਰ ਦੋ ਪ੍ਰਮੁੱਖ ਬੋਧੀਸਤਵ ਹਨ ਜਿਨ੍ਹਾਂ ਨੂੰ ਪ੍ਰਗਿਆ ਅਤੇ ਕਰੁਣਾ ਦਾ ਮਨੁੱਖੀ ਰੂਪ ਮੰਨਿਆ ਹੈ। ਏਸ ਤਰ੍ਹਾਂ ਹੀ ਮੈਤਰੇਯ ਨੂੰ ਮੈਤਰੀ (ਮਿੱਤਰਤਾ, ਦੋਸਤੀ) ਦਾ ਮਾਨਵੀਕ੍ਰਿਤ ਰੂਪ ਮੰਨਿਆ ਗਿਆ ਹੈ। ਬੁੱਧ ਨੂੰ ਉਸ ਦੇ ਜੀਵਨ ਵਿਚ 'ਸਮੰਤੋ-ਭਦਰਕ' (ਸਾਰੇ ਤਰੀਕਿਆਂ ਨਾਲ ਪਵਿੱਤਰ ਅਤੇ ਮਹਾਨ) ਵੀ ਕਿਹਾ ਜਾਂਦਾ ਸੀ ਅਤੇ ਅਸੀਂ ਵੇਖਦੇ ਹਾਂ ਕਿ 'ਸਮੰਤੋ-ਭਦਰਕ' ਇਕ ਬੋਧੀਸਤਵ ਵੀ ਹੈ। ਬੁੱਧ ਦੀ ਨਿਰਮਲ ਆਵਾਜ਼ ਨੂੰ ਧਿਆਨ ਵਿਚ ਰੱਖ ਕੇ ਉਸ ਨੂੰ 'ਮੰਜੂਘੋਸ਼' ਵੀ ਕਿਹਾ ਜਾਂਦਾ ਹੈ। ਮੰਜੂਸ਼ਕੀ ਨਾਮਕ ਬੋਧੀਸਤਵ ਦੀ ਉਤਪਤੀ ਬੁੱਧ ਦੇ ਉਪਰੋਕਤ ਵਿਸ਼ੇਸ਼ਣ ਤੋਂ ਮੰਨੀ ਜਾ ਸਕਦੀ ਹੈ ਅਤੇ ਪ੍ਰਸਿੱਧ ਬੋਧੀ ਆਚਾਰਯ ਸ਼ਾਂਤੀਦੇਵ ਇਸ ਬੋਧੀਸਤਵ ਨੂੰ 'ਅਜਿਤ ਮੰਜੂਘੋਸ਼' ਵੀ ਕਹਿੰਦੇ ਹਨ।

**ਪਾਠ ਨੰ: 2.6** **ਡਾ.ਕੁਲਜੀਤ ਕਪੂਰ**

# ਬੁੱਧ ਧਰਮ ਵਿਚ ਕਰਮ ਅਤੇ ਪੁਨਰਜਨਮ ਦਾ ਸਿਧਾਂਤ

ਬੁੱਧ ਦੇ ਜਨਮ ਸਮੇਂ ਇਸ ਧਰਤੀ ਤੇ ਦਾਰਸ਼ਨਿਕ ਖੇਤਰ ਵਿਚ ਉਥਲ-ਪੁਥਲ ਹੋ ਰਹੀ ਸੀ। ਪਰਲੋਕ ਕਰਮ, ਪੁਨਰਜਨਮ, ਆਤਮਾ, ਜੀਵ, ਮੁਕਤੀ ਆਦਿ ਅਨੇਕ ਤੱਥ ਸਨ, ਜਿਨ੍ਹਾਂ ਬਾਰੇ ਅਨੇਕ ਵਿਚਾਰਾਂ ਨੇ ਜਨਮ ਲਿਆ। ਇਸ ਸਮੇਂ ਬ੍ਰਾਹਮਣ ਅਤੇ ਸ੍ਰਮਣ ਦੋ ਪਰੰਪਰਾਵਾਂ ਮੁੱਖ ਰੂਪ ਵਿਚ ਵਿਦਮਾਨ ਸਨ। ਇਸ ਸਮੇਂ ਵੈਦਿਕ ਧਰਮ ਅਨੁਸਾਰ ਮੰਤਰ, ਜਪ, ਦਾਨ, ਹੋਮ ਆਦਿ ਕਰਮ ਕਾਂਡਾਂ ਵਿਚ ਵਿਸ਼ਵਾਸ਼ ਕਰਦੇ ਸਨ। ਪਰੰਤੂ, ਸ੍ਰਮਣ ਇਨ੍ਹਾਂ ਸਿਧਾਂਤਾਂ ਨੂੰ ਮਹੱਤਵਹੀਣ ਮੰਨ ਕੇ ਤਪ ਨੂੰ ਹੀ ਸ੍ਰੇਸ਼ਠ ਸਮਝਦੇ ਸਨ। ਨਿਰਵਾਣ ਨੂੰ ਪਰਮ ਸ਼ਾਂਤੀ ਮੰਨਦੇ ਸਨ। ਬੁੱਧ ਧਰਮ ਨੂੰ ਬੋਧੀ ਧਰਮ ਇਸ ਕਰਕੇ ਕਿਹਾ ਜਾਂਦਾ ਸੀ ਕਿ ਇਸ ਧਰਮ ਦੇ ਪ੍ਰਵਰਤਕ ਮਹਾਤਮਾ ਬੁੱਧ ਸਨ। ਇਹ ਧਰਮ ਆਤਮਾ, ਈਸ਼ਵਰ ਅਤੇ ਵੇਦਾਂ ਵਿਚ ਵਿਸ਼ਵਾਸ਼ ਨਹੀਂ ਕਰਦਾ ਸੀ। ਇਸ ਤੋਂ ਇਲਾਵਾ ਕੁੱਝ ਤੱਤ ਅਜਿਹੇ ਹਨ ਜਿਨ੍ਹਾਂ ਬਾਰੇ ਆਸਤਿਕ ਦਰਸ਼ਨ ਵਿਸਥਾਰ ਨਾਲ ਲਿਖਦਾ ਹੈ ਅਤੇ ਬੁੱਧ ਧਰਮ ਵਿਚ ਵੀ ਇਸ ਦੀ ਚਰਚਾ ਹੈ। ਪਰ ਇਹ ਵਿਸ਼ਲੇਸ਼ਣ ਬਹੁਤ ਭਿੰਨਤਾ ਵਾਲਾ ਹੈ। ਇਨ੍ਹਾਂ ਤੱਤਾਂ ਵਿਚੋਂ ਬੁੱਧ ਧਰਮ ਨੇ ਕਰਮ ਅਤੇ ਪੁੰਨ, ਦਾਨ ਨੂੰ ਸਵੀਕਾਰ ਕਰਦੇ ਹੋਏ ਬਹੁਤ ਸੂਖਮ ਅਤੇ ਵਿਸਥਾਰ ਨਾਲ ਵਿਆਖਿਆ ਕੀਤੀ ਹੈ। ਪਹਿਲਾਂ ਬੁੱਧ ਮੱਤ ਅਨੁਸਾਰ ਕਰਮ ਦੇ ਸਿਧਾਂਤ ਦੱਸਣਾ ਉੱਚਿਤ ਹੋਵੇਗਾ।

**ਕਰਮ :** ਬੁੱਧ ਮੱਤ ਅਨੁਸਾਰ ਇਹ ਵਿਚਿੱਤਰ ਸੰਸਾਰ ਕਿਸੇ ਈਸ਼ਵਰ ਦੀ ਰਚਨਾ ਨਹੀਂ ਹੈ ਕਿਉਂਕਿ ਇਸ ਬ੍ਰਹਿਮੰਡ ਵਿਚ ਰਚਨਾ ਕਰਨ ਵਾਲਾ ਜਿਸ ਨੂੰ ਈਸ਼ਵਰ ਦਾ ਨਾ ਦਿੱਤਾ ਜਾਂਦਾ ਹੈ, ਕੋਈ ਨਹੀਂ ਹੈ। ਕਹਿਣ ਦਾ ਭਾਵ ਇਹ ਹੈ ਕਿ ਇਹ ਜੜ੍ਹ ਚੇਤਨ ਰੂਪ ਵਾਲਾ ਸੰਸਾਰ ਕਿਸੇ ਦੀ ਸਿਰਜਣਾ ਨਹੀਂ ਹੈ। ਦੂਜੇ ਦਰਸ਼ਨ, ਜਿਸ ਈਸ਼ਵਰ ਨੂੰ ਕਰਤਾ ਮੰਨ ਕੇ ਉਸ ਦੀ ਹੋਂਦ ਵਿਚ ਵਿਸ਼ਵਾਸ਼ ਕਰਦੇ ਹਨ ਉਹ ਗਲਤ ਮਾਰਗ ਤੇ ਚਲਦੇ ਹਨ। ਇਸ ਸੰਸਾਰ ਦੀ ਵਿਚਿਤਰਤਾ ਦਾ ਮੁੱਖ ਕਾਰਨ ਜੀਵਾਂ ਦੇ ਵੱਖ-ਵੱਖ ਕਰਮ ਹਨ। ਜੀਵਾਂ ਦੇ ਕਰਮਾਂ ਕਰਕੇ ਹੀ ਸੰਸਾਰ ਦੀ ਹੋਂਦ ਹੈ। ਕਰਮ ਦਾ ਸਿਧਾਂਤ ਵੈਦਿਕ ਧਰਮ ਵੀ ਸਵੀਕਾਰ ਕਰਦਾ ਹੈ ਅਤੇ ਬੁੱਧ ਧਰਮ ਵਿੱਚ ਵੀ ਅਵੱਸ਼ ਹੀ ਪ੍ਰਾਪਤ ਹੁੰਦਾ ਹੈ। ਇਹ ਫਲ ਕਰਮ ਕਰਦਿਆਂ ਹੀ ਮਿਲ ਜਾਵੇਗਾ ਅਜਿਹਾ ਸੰਭਵ ਨਹੀਂ। ਕੁੱਝ ਸਮੇਂ ਬਾਅਦ ਫਲ ਪੂਰਨ ਹੁੰਦਾ ਹੈ। ਕਰਮ ਉਹ ਹੈ ਜਿਸ ਨੂੰ ਕਰਤਾ ਆਪਣੀ ਇੱਛਾ ਅਨੁਸਾਰ ਕਰੇ ਕਿਉਂਕਿ ਗਲਤੀ ਨਾਲ ਜਾਂ ਭੁਲੇਖੇ ਨਾਲ ਕੀਤੇ ਕਰਮਾਂ ਦਾ ਫਲ ਨਹੀਂ ਮਿਲਦਾ। ਕਰਮ ਕਰਨ ਪਿੱਛੇ ਕਰਤਾ ਦੀ ਇੱਛਾ ਦਾ ਹੋਣਾ ਵੀ ਜ਼ਰੂਰੀ ਹੈ।

ਵੇਦਾਂਤ ਜਿਨ੍ਹਾਂ ਕਰਮਾਂ ਵੱਲ ਸੰਕੇਤ ਕਰਦਾ ਹੈ ਉਹ ਇਸ ਤਰ੍ਹਾਂ ਹਨ :

1. **ਸੰਚਿਤ ਕਰਮ :-** ਉਹ 'ਕਰਮ' ਜਿਹੜੇ ਜੀਵ ਨੇ ਪਹਿਲਾ ਕੀਤੇ ਹਨ ਸੰਚਿਤ ਕੀਤੇ ਹਨ, ਜਿਨ੍ਹਾਂ ਦਾ ਫਲ ਉਸ ਨੂੰ ਮਿਲ ਰਿਹਾ ਹੈ।
2. **ਕ੍ਰਿਯਮਾਨ ਕਰਮ :-** ਜਿਹੜੇ ਕਰਮ ਕੀਤੇ ਜਾ ਰਹੇ ਹਨ ਇਨ੍ਹਾਂ ਨੇ ਵੀ ਇੱਕਠੇ ਹੋ ਕੇ ਸੰਚਿਤ ਕਰਮਾਂ ਦਾ ਰੂਪ ਧਾਰਣ ਕਰ ਲੈਣਾ ਹੈ।
3. **ਪ੍ਰਾਬ੍ਧ ਕਰਮ (ਆਰੰਭ ਹੋਏ ਕਰਮ) :-** ਇਹ ਉਹ ਕਰਮ ਹਨ ਜਿਹੜੇ ਸ਼ੁਰੂ ਹੋ ਰਹੇ ਜਾਂ ਹੋਣ ਵਾਲੇ ਹਨ। ਪ੍ਰਾਬ੍ਧ ਕਰਮ ਹੀ ਕ੍ਰਿਯਾਮਾਨ ਕਰਮ ਦਾ ਰੂਪ ਧਾਰਣ ਰੂਪ ਕਰਕੇ ਸੰਚਿਤ ਹੁੰਦੇ ਹਨ।

ਜਦੋਂ ਤੱਕ ਜੀਵ ਇਨ੍ਹਾਂ ਤਿੰਨਾਂ ਪ੍ਰਕਾਰ ਦੇ ਕਰਮਾਂ ਤੋਂ ਮੁਕਤ ਨਹੀਂ ਹੋ ਜਾਂਦਾ ਉਸ ਦੇ ਆਵਾਗਮਨ ਦਾ ਚੱਕਰ ਖਤਮ ਨਹੀਂ ਹੁੰਦਾ। ਮਨੁੱਖੀ ਦੇਹ ਇਨ੍ਹਾਂ ਕਰਮਾਂ ਦੇ ਗੇੜ ਵਿਚ ਘੁੰਮਦੀ ਰਹਿੰਦੀ ਹੈ, ਜਿਸ ਤਰ੍ਹਾਂ ਘੁਮਿਆਰ ਦੇ ਚੱਕ ਨੂੰ ਜਦੋਂ ਘੁਮਾਇਆ ਜਾਂਦਾ ਹੈ ਤਾਂ ਜਦ ਤਕ ਉਸ ਵਿਚ ਗਤੀ ਰਹਿੰਦੀ ਹੈ, ਉਹ ਘੁੰਮਦਾ ਰਹਿੰਦਾ ਹੈ। ਇਨ੍ਹਾਂ ਕਰਮਾਂ ਦਾ ਫਲ ਪ੍ਰਾਪਤ ਕਰਕੇ ਹੀ ਜੀਵ ਮੁਕਤ ਹੁੰਦਾ ਹੈ।

ਬੁੱਧ ਮੱਤ ਅਨੁਸਾਰ ਕਰਮ ਭੇਦ

ਬੁੱਧ ਮੱਤ ਅਨੁਸਾਰ ਕਰਮ ਦੋ ਤਰ੍ਹਾਂ ਦੇ ਹਨ :

1. ਚੇਤਨਾ

2. ਚੇਤਇਤਵਾ

**1. ਚੇਤਨਾ :** ਚੇਤਨਾ ਮਾਨਸ ਕਰਮ ਹੈ। ਇਹ ਬਾਕੀ ਸਾਰੇ ਕਰਮਾਂ ਦਾ ਮੂਲ ਹੈ ਜੇਕਰ ਕਰਮਾਂ ਦੇ ਮੂਲ ਸਥਾਨ ਬਾਰੇ ਵਿਸਥਾਰ ਨਾਲ ਵਿਚਾਰਿਆ ਜਾਵੇ ਤਾਂ ਇਸ ਤੋਂ ਭਾਵ ਇਹ ਹੈ ਉਹ ਪ੍ਰੇਰਣਾ ਸਥਲ ਜੋ ਕਰਮ ਕਰਨ ਨੂੰ ਪ੍ਰੇਰਿਤ ਕਰਦਾ ਹੈ। ਕੋਈ ਵੀ ਕਿਰਿਆ ਬਿਨਾਂ ਕਿਸੇ ਪ੍ਰੇਰਣਾ ਦੇ ਸੰਭਵ ਨਹੀਂ। ਜਦ ਤਕ ਮਾਨਸ ਵਿਚ ਕੋਈ ਵਿਚਾਰ ਨਹੀਂ ਉਪਜਦਾ ਤਦ ਤੱਕ ਸਰੀਰ ਉਸ ਨੂੰ ਕਿਰਿਆ ਦਾ ਰੂਪ ਨਹੀਂ ਦੇਂਦਾ। ਕਾਵਿਕ ਤੇ ਵਾਚਿਕ ਕਰਮ ਮਾਨਸ ਕਰਮ ਦਾ ਸਹਾਰਾ ਲਏ ਬਿਨਾਂ ਸਫਲ ਨਹੀਂ ਹੋ ਸਕਦੇ । ਪਰੰਤੂ ਮਾਨਸ ਕਰਮ ਅਰਥਾਤ ਚੇਤਨਾ ਦੂਜੇ ਕਰਮਾਂ ਦੀ ਸਹਾਇਤਾ ਬਗੈਰ ਵੀ ਆਪਣੇ ਲਕਸ਼ ਨੂੰ ਪ੍ਰਾਪਤ ਕਰ ਸਕਦਾ ਹੈ।

**2. ਚੇਤਇਤਵਾ :–** ਚੇਤਇਤਵਾ ਕਰਮ ਚੇਤਨਾ ਤੋਂ ਹੀ ਉਤਪੰਨ ਹੁੰਦਾ ਹੈ। ਚੇਤਇਤਵਾ ਕਰਮ ਦੋ ਪ੍ਰਕਾਰ ਦਾ ਹੈ :–

1. ਕਾਇਕ ਕਰਮ
2. ਵਾਚਿਕ ਕਰਮ

ਉੱਪਰ ਦੱਸੇ ਗਏ ਕਾਇਕ ਤੇ ਵਾਚਿਕ ਕਰਮ ਨੂੰ ਵਿਸਥਾਰ ਨਾਲ ਦੱਸਣ ਤੋਂ ਪਹਿਲਾਂ ਇਕ ਗੱਲ ਸਪਸ਼ਟ ਕਰਨੀ ਅਵੱਸ਼ਕ ਹੈ ਕਿ ਕਰਮ ਦੀ ਸਿੱਧੀ ਉਸ ਦੇ ਆਧਾਰ, ਉਸ ਦੇ ਸੁਭਾਅ ਤੇ ਉਸ ਦੇ ਉਤਪਤੀ ਸਥਲ ਤੇ ਆਧਾਰਿਤ ਹੁੰਦੀ ਹੈ। ਜਦੋਂ ਅਸੀਂ ਕਰਮ ਦੇ ਆਧਾਰ ਬਾਰੇ ਵਿਚਾਰ ਕਰਦੇ ਹਾਂ ਤਾਂ ਇਹੋ ਸਪਸ਼ਟ ਹੁੰਦਾ ਹੈ ਕਿ ਇਨ੍ਹਾਂ ਕਰਮਾਂ ਦਾ ਆਧਾਰ ਇਹ ਕਾਇਆ ਹੈ, ਇਹ ਸਰੀਰ ਹੈ। ਸਰੀਰ ਹੀ ਉਹ ਆਧਾਰ ਸਥਲ ਹੈ ਜਿਥੇ ਕਰਮ ਕਿਰਿਆ ਦਾ ਰੂਪ ਧਾਰਦੇ ਹਨ। ਜੇ ਅਸੀਂ ਸੁਭਾਅ ਬਾਰੇ ਵਿਚਾਰ ਕਰਦੇ ਹਾਂ ਤਾਂ ਬਾਣੀ ਅਰਥਾਤ ਵਾਕ ਕਰਮ ਦੀ ਮਹੱਤਤਾ ਬਾਰੇ ਪਤਾ ਲਗਦਾ ਹੈ ਤੇ ਜਦੋਂ ਅਸੀਂ ਇਨ੍ਹਾਂ ਦੀ ਉਤਪਤੀ ਜਾਂ ਪ੍ਰੇਰਣਾ ਸਥਲ ਦੇ ਵਿਸ਼ੇ ਵਿਚ ਸੋਚਦੇ ਹਾਂ ਤਾਂ ਮਾਨਸ ਕਰਮ ਦੀ ਸਿੱਧੀ ਹੁੰਦੀ ਹੈ ਕਿਉਂਕਿ ਸਾਰੇ ਕਰਮਾਂ ਦਾ ਜਨਮ ਮਨ ਤੋਂ ਹੀ ਹੁੰਦਾ ਹੈ।

**ਕਾਇਕ ਅਤੇ ਵਾਚਿਕ ਕਰਮ :**

ਰਿਸ਼ੀ ਮੁਨੀਆਂ ਦਾ ਸਰੀਰ ਨਿਸ਼ਚਲ ਰਹਿ ਕੇ ਵੀ ਲਗਾਤਾਰ ਕਰਮਾਂ ਵਿਚ ਲੱਗਾ ਰਹਿੰਦਾ ਹੈ ਕਿਉਂਕਿ ਉਨ੍ਹਾਂ ਦੀ ਚੇਤਨਾ ਕਿਰਿਆਵਾਨ ਹੁੰਦੀ ਹੈ ਅਤੇ ਉਹ ਕਿਰਿਆ ਅੰਤਰਮੁਖੀ ਹੁੰਦੀ ਹੈ। ਪਰੰਤੂ ਆਮ ਤੇ ਸਾਧਾਰਨ ਫਲ ਦੀ ਪ੍ਰਾਪਤੀ ਲਈ ਚੇਤਨਾ ਨੂੰ ਕਾਇਆ ਤੇ ਬਾਣੀ ਦਾ ਸਹਾਰਾ ਲੈਣਾ ਪੈਂਦਾ ਹੈ। ਸ਼ਤਰੂ ਦੇ ਨਾਸ਼ ਬਾਰੇ ਸੋਚਣਾ ਚੇਤਨਾ ਕਰਮ ਹੈ ਪਰੰਤੂ ਉਸ ਦਾ ਨਾਸ਼ ਕਰ ਦੇਣਾ ਇਕ ਕਿਰਿਆ ਹੈ। ਇਹ ਕਾਇਕ ਕਰਮ ਹੈ ਤੇ ਬਾਣੀ ਰਾਹੀਂ ਚੰਗਾ ਜਾਂ ਮਾੜਾ ਬੋਲਣਾ ਵਾਚਿਕ ਕਰਮ ਹੈ। ਬੁੱਧ ਮੱਤ ਅਨੁਸਾਰ ਮਾਨਸਿਕ ਭਗਤੀ ਤੇ ਪੂਜਾ ਸ਼੍ਰੇਸ਼ਠ ਹਨ ਪਰੰਤੂ ਜੇਕਰ ਇਹ ਭਗਤੀ ਕਾਇਆ ਤੇ ਬਾਣੀ ਦਾ ਵੀ ਸਹਾਰਾ ਲੈ ਲਵੇ ਤਾਂ ਵਧੇਰੇ ਪੁੰਨ ਪ੍ਰਾਪਤ ਕਰਨ ਵਿਚ ਸਹਾਇਕ ਹੁੰਦੀ ਹੈ।

**ਕਰਮ ਫਲ :–** ਸਾਧਾਰਨ ਤੌਰ ਤੇ ਕਿਹਾ ਜਾਂਦਾ ਹੈ ਕਿ ਕਰਮਾਂ ਅਨੁਸਾਰ ਹੀ ਫਲ ਦੀ ਪ੍ਰਾਪਤੀ ਹੁੰਦੀ ਹੈ। ਪਰੰਤੂ ਬੁੱਧ–ਮੱਤ ਅਨੁਸਾਰ ਸਾਰੇ ਕਰਮਾਂ ਦਾ ਫਲ ਪ੍ਰਾਪਤ ਨਹੀਂ ਹੁੰਦਾ। ਜਿਹੜਾ ਕਰਮ ਫਲ ਪਰਦਾਨ ਕਰਦਾ ਹੈ ਉਸ ਨੂੰ 'ਉਪਚਿਤ ਕਰਮ' ਕਿਹਾ ਜਾਂਦਾ ਹੈ ਅਰਥਾਤ ਉਹ ਕਰਮ ਪੱਕ ਜਾਂਦਾ ਹੈ। ਪਰ ਸਾਰੇ ਕਰਮ ਉਪਚਿਤ ਨਹੀਂ ਹੁੰਦੇ। ਕੇਵਲ ਉਹ ਹੀ ਕਰਮ ਉਪਚਿਤ ਹੁੰਦੇ ਹਨ ਜਿਹੜੇ ਆਪਣੀ ਇੱਛਾ ਨਾਲ ਸੋਚ ਵਿਚਾਰ ਕੇ ਕੀਤੇ ਜਾਂਦੇ ਹਨ। ਅਭਿਧਮ ਕੋਸ਼ (4–120) ਵਿਚ ਇਨ੍ਹਾਂ ਕਰਮਾਂ ਦੀ ਵਿਆਖਿਆ ਕੀਤੀ ਗਈ ਹੈ। ਬਿਨਾਂ ਸੋਚ ਵਿਚਾਰ ਕੇ ਕੀਤੇ ਗਏ ਕਰਮ ਫਲ ਦੇਣ ਵਾਲੇ ਨਹੀਂ ਹੁੰਦੇ। ਕਰਮ ਕਰਨ ਉਪਰੰਤ ਜੇਕਰ ਪਛਤਾਵਾ ਕੀਤਾ ਜਾਵੇ ਤਾਂ ਵੀ ਫਲ ਨਹੀਂ ਮਿਲਦਾ। ਬੁਰੇ ਕਰਮ ਕਰ ਲੈਣ ਤੋਂ ਬਾਅਦ ਜੇਕਰ ਮਨੁੱਖ ਪਾਪ ਤੋਂ ਦੂਰ ਰਹਿਣ ਦਾ ਨਿਸ਼ਚਾ ਕਰ ਲਵੇ ਜਾਂ ਪਸ਼ਚਾਤਾਪ ਕਰੇ ਜਾਂ ਬੁੱਧ ਧਰਮ ਦੀ ਸ਼ਰਣ ਵਿਚ ਚਲਾ ਜਾਵੇ ਤਾਂ ਬੁਰੇ ਕਰਮ ਤੋਂ ਬਚਿਆ ਜਾ ਸਕਦਾ ਹੈ।

ਇਸ ਵਿਸ਼ੇ ਬਾਰੇ ਵੀ ਪਾਲੀ ਨਿਕਾਇ ਵਿਚ ਪੁੰਨ ਪਰਿਣਾਮਨਾਂ ਬਾਰੇ ਲਿਖਿਆ ਹੈ। ਅਰਥਾਤ ਇਹ ਸਾਧਾਰਨ ਨਿਯਮ ਹੈ ਕਿ ਜੋ ਕਰਮ ਕਰਦਾ ਹੈ, ਉਸ ਦਾ ਫਲ ਉਸ ਨੂੰ ਪ੍ਰਾਪਤ ਹੁੰਦਾ ਹੈ। ਪਰ ਪੁੰਨ ਪਰਿਣਾਮਨਾ ਇਸ ਤੱਥ ਵਲ ਸੰਕੇਤ ਕਰਦੀ ਹੈ ਕਿ ਪੁੰਨ ਵੰਡਿਆ ਜਾ ਸਕਦਾ ਹੈ। ਇਸ ਤਰ੍ਹਾਂ ਮ੍ਰਿਤਕ ਵਿਅਕਤੀ ਦੀ ਸਹਾਇਤਾ ਕੀਤੀ ਜਾ ਸਕਦੀ ਹੈ। ਕਹਿਣ ਦਾ ਭਾਵ ਹੈ ਕਿ ਕੋਈ ਵੀ ਵਿਅਕਤੀ ਦੂਜੇ ਨੂੰ ਆਪਣੇ ਚੰਗੇ ਕਰਮਾਂ ਦੇ ਫਲ ਦਾ ਹਿੱਸੇਦਾਰ ਬਣਾ ਸਕਦਾ ਹੈ, ਪਰੰਤੂ ਪਾਪ ਦਾ ਨਹੀਂ।

ਬੁੱਧ ਅਨੁਸਾਰ ਇਹ ਸਾਰਾ ਸੰਸਾਰ ਦੁੱਖ ਰੂਪ ਹੈ, ਅਤੇ ਦੁਖਾਂ ਦਾ ਕਾਰਨ ਮਨੁੱਖ ਦੇ ਕੀਤੇ ਗਏ ਕਰਮ ਹਨ। ਬੁੱਧ ਮੱਤ ਕਾਰਣ ਤੇ ਪ੍ਰਭਾਵ ਦੇ ਸਿੱਧਾਂਤ ਵਿਚ ਵਿਸ਼ਵਾਸ਼ ਕਰਦਾ ਹੈ, ਇਸ ਕਰਕੇ ਇਹ ਤੱਥ ਸਪਸ਼ਟ ਹੈ ਕਿ ਭੂਤ, ਵਰਤਮਾਨ ਤੇ ਭਵਿੱਖ ਵਿਚ ਜੀਵਨ ਦਾ ਜੋ ਵੀ ਰੂਪ ਪ੍ਰਾਪਤ ਹੁੰਦਾ ਹੈ, ਉਹ ਕੜੀ ਵਿਚ ਬੰਨ੍ਹੇ ਹੋਏ ਕਰਮਾਂ ਅਨੁਸਾਰ ਹੀ ਹੁੰਦਾ ਹੈ। ਦੁਖਾਂ ਦਾ ਕਾਰਨ ਕੋਈ

ਇਕ ਨਹੀਂ। ਇਨ੍ਹਾਂ ਕਾਰਣਾਂ ਦੀ ਇਕ ਲੰਬੀ ਪਰੰਪਰਾ ਹੈ। ਇਨ੍ਹਾਂ ਕਾਰਣਾਂ ਨੂੰ 12 ਰੂਪਾਂ ਵਾਲਾ ਦੱਸਿਆ ਗਿਆ ਹੈ ਅਤੇ ਇਸ ਨੂੰ 'ਦਵਾਦਸ਼ ਨਿਦਾਨਾਂ' ਦੀ ਸੰਗਿਆ ਦਿੱਤੀ ਗਈ ਹੈ। ਇਨ੍ਹਾਂ ਦਵਾਦਸ਼ ਨਿਦਾਨਾਂ ਨੂੰ 'ਪ੍ਰਤੀਤਯ ਸਮੁਤਪਾਦ' ਵੀ ਕਿਹਾ ਗਿਆ ਹੈ। ਇਸ ਭਵ ਚੱਕਰ ਦਾ ਸੰਬੰਧ ਭੂਤ, ਵਰਤਮਾਨ ਤੇ ਭਵਿਖ ਤਿੰਨਾਂ ਜਨਮਾਂ ਨਾਲ ਹੈ। ਮਨੁੱਖ ਦੀ ਉਤਪੱਤੀ ਪਰੰਪਰਾਬੱਧ ਤਰੀਕੇ ਨਾਲ ਹੁੰਦੀ ਹੈ। ਇਹ 12 ਕਾਰਣ ਇੰਜ ਪਰੰਪਰਾ ਵਿਚ ਬੰਨ੍ਹੇ ਹੋਏ ਹਨ ਤੇ ਹਰ ਜਨਮ ਵਿਚ ਮਨੁੱਖ ਨਾਲ ਜੁੜੇ ਹੋਏ ਹਨ। ਇਸ ਪਰੰਪਰਾ ਨੂੰ ਇਸ ਤਰ੍ਹਾਂ ਵੀ ਸਮਝਿਆ ਜਾ ਸਕਦਾ ਹੈ।

**ਭੂਤ ਨਾਲ ਸੰਬੰਧਿਤ ਨਿਦਾਨ :-** ਅਵਿਦਿਆ ਅਤੇ ਸੰਸਕਾਰ ਦੋਵੇ ਮਨੁੱਖ ਦੇ ਭੂਤ ਨਾਲ ਜੁੜੇ ਹੁੰਦੇ ਹਨ। ਸਾਰੇ ਹੀ ਦੁੱਖਾ ਦਾ ਮੂਲ ਕਾਰਣ ਅਗਿਆਨ ਅਰਥਾਤ ਅਵਿਦਿਆ ਹੈ। ਮੂਲ ਕਾਰਨ ਅਵਿਦਿਆ ਦਾ ਗਿਆਨ ਰਾਹੀਂ ਨਿਰੋਧ ਕਰਨਾ ਜ਼ਰੂਰੀ ਹੈ। ਗਿਆਨ ਰੂਪੀ ਸੰਸਕਾਰ ਪੂਰਵ ਜਨਮ ਦੇ ਕਰਮਾਂ ਤੇ ਆਧਾਰਿਤ ਹੁੰਦਾ ਹੈ।

**ਵਰਮਤਮਾਨ ਜੀਵਨ ਨਾਲ ਸੰਬੰਧਿਤ ਨਿਦਾਨ :-** ਵਿਗਿਆਨ, ਨਾਮ-ਰੂਪ, ਖੜਾਯਤਨ, ਸਪਰਸ਼, ਵੇਦਨਾ, ਤ੍ਰਿਸ਼ਨਾ, ਉਤਪਾਦਨ ਤੇ ਭਵ, ਇਹਨਾਂ ਅੱਠ ਨਿਦਾਨਾਂ ਦਾ ਸੰਬੰਧ ਵਰਤਮਾਨ ਜੀਵਨ ਨਾਲ ਹੁੰਦਾ ਹੈ। ਵਿਗਿਆਨ ਸੰਸਕਾਰ ਤੇ ਆਧਾਰਿਤ ਹੁੰਦਾ ਹੈ। ਨਾਮ-ਰੂਪ ਦੀ ਸੱਤਾ ਦਾ ਸੰਬੰਧ ਵਿਗਿਆਨ ਨਾਲ ਤੇ ਖੜਾਯਤਨ (ਮਨ ਤੇ ਪੰਜ ਗਿਆਨ ਇੰਦਰੀਆਂ) ਨਾਮ ਤੇ ਰੂਪ ਨਾਲ ਜੁੜਿਆ ਹੁੰਦਾ ਹੈ। ਸਪਰਸ਼ ਤੇ ਤ੍ਰਿਸ਼ਨਾ ਕਾਰਣ ਹੀ ਉਤਪਾਦਨ ਅਰਥਾਤ ਆਸ਼ਕਤੀ ਪੈਦਾ ਹੁੰਦੀ ਹੈ। ਇਨ੍ਹਾਂ ਕਰਮਾਂ ਕਰਕੇ ਹੀ ਭਵ ਅਰਥਾਤ ਪੁਨਰਜਨਮ ਦੇ ਚੱਕਰ ਵਿਚ ਜੀਵ ਫਸਿਆ ਰਹਿੰਦਾ ਹੈ।

ਇਹ ਸਾਰੇ ਹੀ ਨਿਦਾਨ ਇਕ ਕੜੀ ਵਾਂਗ ਰਹਿੰਦੇ ਹਨ। ਹਰ ਇਕ ਅਗਲੇ ਕਾਰਣ ਦਾ ਮੂਲ ਬਣ ਜਾਂਦਾ ਹੈ।

**ਭਵਿੱਖ ਨਾਲ ਸੰਬੰਧਿਤ ਨਿਦਾਨ :** ਜਾਤੀ ਅਤੇ ਜਰਾ ਮਰਨ ਇਹ ਦੋਵੇਂ ਨਿਦਾਨ ਭਵਿੱਖ ਨਾਲ ਸੰਬੰਧ ਰੱਖਦੇ ਹਨ। ਜਰਾ ਅਰਥਾਤ ਬੁਢਾਪਾ ਤੇ ਮਰਨ ਦਾ ਕਾਰਣ ਜਾਤੀ ਹੈ। ਜਾਤੀ ਤੋਂ ਭਾਵ ਜਨਮ ਲੈਣਾ ਹੈ। ਜਿਸ ਵਿਅਕਤੀ ਨੇ ਇਕ ਵਾਰ ਜਨਮ ਲੈ ਲਿਆ ਉਹ ਇਸ ਭਵ ਚੱਕਰ ਵਿਚ ਪੈਅ ਜਾਂਦਾ ਹੈ। ਜਿਹੋ ਜਿਹੇ ਕਰਮ ਉਹ ਕਰਦਾ ਹੈ ਉਸ ਤਰ੍ਹਾਂ ਦਾ ਜੀਵਨ ਹੀ ਉਸ ਨੂੰ ਪ੍ਰਾਪਤ ਹੁੰਦਾ ਹੈ। ਇਸ ਕਾਰਣ ਪਰੰਪਰਾ ਦਾ ਜੇ ਵਿਰੋਧ ਕੀਤਾ ਜਾਵੇ ਤਾਂ ਕਰਮਾਂ ਤੋਂ ਛੁਟਕਾਰਾ ਸੰਭਵ ਹੈ। ਕਰਮਾਂ ਤੋਂ ਛੁਟਕਾਰਾ ਹੋਣ ਤੇ ਹੀ ਮੁਕਤੀ ਜਾਂ ਨਿਰਵਾਣ ਪ੍ਰਾਪਤ ਕੀਤਾ ਜਾ ਸਕਦਾ ਹੈ।

**ਪੁਨਰ ਜਨਮ :-** ਬੁੱਧ ਧਰਮ ਪੁਨਰਜਨਮ ਦੇ ਸਿਧਾਂਤ ਵਿਚ ਵਿਸ਼ਵਾਸ਼ ਰੱਖਦਾ ਹੈ। ਜੀਵ ਜਿਸ ਪ੍ਰਕਾਰ ਦੇ ਕਰਮ ਕਰਦਾ ਹੈ ਉਸ ਅਨੁਸਾਰ ਹੀ ਨਵਾਂ ਜਨਮ ਗ੍ਰਹਿਣ ਕਰਦਾ ਹੈ। ਜਿਵੇਂ ਕਿ ਪਹਿਲਾਂ ਵੀ ਦੱਸਿਆ ਗਿਆ ਹੈ ਕਿ ਜਦੋਂ ਤਕ ਸਰੀਰ ਕਰਮਾਂ ਦੇ ਗੇੜ ਵਿਚ ਪਿਆ ਰਹਿੰਦਾ ਹੈ, ਤਦ ਤਕ ਕਰਮ ਅਨੁਸਾਰ ਨਵਾਂ ਜਨਮ ਪ੍ਰਾਪਤ ਕਰਦਾ ਰਹਿੰਦਾ ਹੈ। ਵੈਦਿਕ ਧਰਮ ਵੀ ਇਸ ਵਿਚਾਰ ਨੂੰ ਸਵੀਕਾਰ ਕਰਦਾ ਹੈ। ਵੈਦਿਕ ਧਰਮ ਵਿਚ ਆਤਮਾ ਤੇ ਅਸਤਿਤਵ ਨੂੰ ਮੰਨਿਆ ਗਿਆ ਹੈ। ਇਸ ਕਰਕੇ ਕੋਈ ਸ਼ੰਕਾ ਨਹੀਂ ਹੁੰਦੀ ਕਿ ਕਿਸ ਦਾ ਪੁਨਰਜਨਮ ਹੁੰਦਾ ਹੈ। ਜਿਵੇਂ ਕਿ ਗੀਤਾ ਵਿਚ ਸਪੱਸ਼ਟ ਕਿਹਾ ਗਿਆ ਹੈ।

'ਜਿਸ ਤਰ੍ਹਾਂ ਵਿਅਕਤੀ ਪੁਰਾਣੇ ਵਸਤਰ ਉਤਾਰ ਕੇ ਨਵਾਂ ਵਸਤਰ ਧਾਰਣ ਕਰਦਾ ਹੈ, ਉਸ, ਤਰ੍ਹਾਂ ਹੀ ਆਤਮਾ ਆਪਣੇ ਪੁਰਾਣੇ ਸਰੀਰ ਨੂੰ ਤਿਆਗ ਕੇ ਨਵਾਂ ਸਰੀਰ ਧਾਰਣ ਕਰਦੀ ਹੈ। ਇਹ ਸਰੀਰ ਧਾਰਣ ਕਰਮਾਂ ਅਨੁਸਾਰ ਹੀ ਹੁੰਦਾ ਹੈ। ਜਿਸ ਤਰ੍ਹਾਂ ਦੇ ਜੀਵ ਕਰਮ ਕਰਦਾ ਹੈ ਉਸ ਤਰ੍ਹਾਂ ਦੀ ਜੂਨ ਵਿਚ ਹੀ ਉਹ ਪੈਂਦਾ ਹੈ। ਬੁੱਧ ਮੱਤ ਆਤਮਾ ਦੇ ਅਸਤਿਤਵ ਨੂੰ ਸਵੀਕਾਰ ਨਹੀਂ ਕਰਦਾ। ਇਹ ਸ਼ੰਕਾ ਹੁੰਦੀ ਹੈ ਕਿ ਪੁਨਰਜੀਵੀ ਕਿਸ ਦਾ ਹੁੰਦਾ ਹੈ? ਜੇਕਰ ਕਰਮ ਕਰਨ ਵਾਲਾ ਆਤਮਾ ਰਹਿਤ ਹੈ ਤਾਂ ਉਸਦੇ ਨਾਸ ਹੋ ਜਾਣ ਤੇ ਉਨ੍ਹਾਂ ਕਰਮਾਂ ਦਾ ਫਲ ਕਿਸ ਨੂੰ ਪ੍ਰਾਪਤ ਹੋਵੇਗਾ।

**ਦੀਪਕ ਦੀ ਲੋਅ ਦਾ ਉਦਾਹਰਣ :-** ਬੁੱਧ ਗ੍ਰੰਥਾਂ ਵਿਚ ਪੁਨਰਜਨਮ ਦੇ ਸੰਬੰਧ ਵਿਚ ਅਨੇਕ ਦ੍ਰਿਸ਼ਟਾਂਤ ਦਿੱਤੇ ਗਏ ਹਨ। ਦੀਪਕ ਦੀ ਲੋਅ ਦਾ ਉਦਾਹਰਣ ਦੇ ਕੇ ਇਸ ਤੱਥ ਨੂੰ ਸਮਝਾਇਆ ਗਿਆ ਹੈ। ਰਾਜਾ ਮਿਲਿੰਦ ਨੇ ਨਾਗਸੇਨ ਤੋਂ ਪੁੱਛਿਆ ਕਿ ਜੋ ਜਨਮ ਲੈਂਦਾ ਹੈ, ਉਹ ਵਿਅਕਤੀ ਹੁੰਦਾ ਹੈ ਜਾਂ ਦੂਜਾ ਕੋਈ ਹੋਰ। ਨਾਗਸੇਨ ਨੇ ਉੱਤਰ ਦਿੱਤਾ-ਨਾ ਉਹ ਹੀ ਤੇ ਨਾ ਹੀ ਕੋਈ ਦੂਜਾ। ਜਿਸ ਤਰ੍ਹਾਂ ਦੀਵਾ ਸਾਰੀ ਰਾਤ ਲਗਾਤਾਰ ਜਲਦਾ ਹੈ ਰੋਸ਼ਨੀ ਦਿੰਦਾ ਹੈ। ਵੇਖਣ ਨੂੰ ਇਹ ਹੀ ਜਾਪਦਾ ਹੈ ਕਿ ਸਾਰੀ ਰਾਤ ਇਕ ਹੀ ਦੀਵਾ ਜਲ ਰਿਹਾ ਹੈ। ਉਸਦੀ ਅਵਸਥਾ ਜਿਹੜੀ ਹੁਣ ਹੈ ਉਹੀ ਰੂਪ ਇਕ ਪਲ ਤੋਂ ਬਾਅਦ ਨਹੀਂ ਰਹਿੰਦੀ, ਲੋਅ ਦਾ ਰੂਪ ਹਰ ਪਲ ਬਦਲਦਾ ਰਹਿੰਦਾ ਹੈ।

ਆਤਮਾ ਦੀ ਵੀ ਇਹੀ ਅਵਸਥਾ ਹੈ ਉਹ ਨਿੱਤ ਰਹਿਣ ਵਾਲੀ ਨਹੀਂ। ਉਸ ਦਾ ਲਗਾਤਾਰ ਚਲਣ ਵਾਲਾ ਪ੍ਰਵਾਹ ਹੈ ਜਿਸ ਵਿਚ ਇਕ ਅਵਸਥਾ ਆਪਣੇ ਅੰਤ ਤਕ ਪਹੁੰਚਦੀ ਹੈ ਤਾਂ ਦੂਜੀ ਅਵਸਥਾ ਆਪਣੇ ਨਵੇਂ ਰੂਪ ਵਿਚ ਹੋਂਦ ਧਾਰਣ ਕਰ ਲੈਂਦੀ ਹੈ। ਇਨ੍ਹਾਂ ਅਵਸਥਾਵਾਂ ਵਿਚ ਇਕ ਪਲ ਦਾ ਵੀ ਅੰਤਰ ਨਹੀਂ ਹੁੰਦਾ। ਇਸ ਤਰ੍ਹਾਂ ਹੀ

ਪੁਨਰਜਨਮ ਦੇ ਸਮੇਂ ਜੀਵ ਨਾ ਹੀ ਪੁਰਾਣੇ ਰੂਪ ਵਾਲਾ ਹੁੰਦਾ ਹੈ ਤੇ ਨਾ ਹੀ ਕੋਈ ਦੂਜਾ ਹੁੰਦਾ ਹੈ। ਇਕ ਜਨਮ ਦੇ ਅੰਤਿਮ ਪੜਾਅ ਨਾਲ ਹੀ ਦੂਜਾ ਜਨਮ ਦਾ ਪਹਿਲਾ ਪੜਾਅ ਆਪਣੀ ਹੋਂਦ ਵਿਚ ਆ ਜਾਂਦਾ ਹੈ।

**ਪੁਨਰਜਨਮ ਅਰਥਾਤ ਨਿਰੰਤਰਤਾ :–** ਬੁੱਧ ਮੱਤ ਅਨੁਸਾਰ ਇਹ ਸੰਸਾਰ ਪਲ ਪ੍ਰਤੀ ਪਲ ਪਰਿਵਰਤਿਤ ਹੁੰਦਾ ਰਹਿੰਦਾ ਹੈ ਇਸ ਕਰਕੇ ਲਗਾਤਾਰ ਪਰਿਵਰਤਨਸ਼ੀਲ ਹੈ। ਜਿਸ ਤਰ੍ਹਾਂ ਹਰ ਪਲ ਵਿਅਕਤੀ ਕਰਮ ਕਰਦਾ ਹੈ ਤੇ ਉਹ ਕਰਮ ਨਸ਼ਟ ਹੋ ਜਾਂਦਾ ਹੈ ਪਰ ਉਸ ਦਾ ਅਸਰ ਅਗਲੇ ਪਲ ਕੀਤੇ ਗਏ ਕਰਮ ਵਿਚ ਹੀ ਹੁੰਦਾ ਹੈ, ਉਸੇ ਤਰ੍ਹਾਂ ਹੀ ਇਕ ਜਨਮ ਦੇ ਕਰਮਾਂ ਦਾ ਸੰਬੰਧ ਅਗਲੇ ਜਨਮ ਵਿਚ ਹੁੰਦਾ ਹੈ। ਪੁਨਰ-ਜਨਮ ਕੋਈ ਨਵੀਨ ਘਟਨਾ ਨਹੀਂ ਸਗੋਂ ਉਹ ਜਨਮ ਪਿਛਲੇ ਜੀਵਨ ਦੀ ਨਿਰੰਤਰਤਾ ਨੂੰ ਦਰਸਾਉਂਦੀ ਹੈ। ਜਿਸ ਤਰ੍ਹਾਂ ਨਦੀ ਦਾ ਜਲ ਵੱਖ-ਵੱਖ ਹੋਣ ਦੇ ਬਾਵਜੂਦ ਲਗਾਤਾਰ ਚਲਣ ਵਾਲੇ ਪ੍ਰਵਾਹ ਕਰਕੇ ਇਸ ਤਰ੍ਹਾਂ ਮਿਲਿਆ ਹੋਇਆ ਹੈ ਕਿ ਉਸ ਦੀ ਭਿੰਨਤਾ ਦਾ ਪਤਾ ਹੀ ਨਹੀਂ ਲੱਗਦਾ।

**ਇਕ ਹੋਰ ਦ੍ਰਿਸ਼ਟਾਂਤ :–** ਪੁਨਰਜਨਮ ਦੇ ਸਿਧਾਂਤ ਨੂੰ ਹੋਰ ਸਪਸ਼ਟ ਕਰਨ ਵਾਸਤੇ ਦੁੱਧ ਤੇ ਉਸ ਦੇ ਵਿਕਾਰ ਦਾ ਉਦਾਹਰਣ ਦਿੱਤਾ ਜਾ ਸਕਦਾ ਹੈ। ਜਿਸ ਤਰ੍ਹਾਂ ਦੁੱਧ ਕੁਝ ਸਮੇਂ ਬਾਅਦ ਜੰਮ ਜਾਂਦਾ ਹੈ ਉਹ ਦਹੀ ਬਣ ਜਾਂਦਾ ਹੈ, ਉਹੀ ਦਹੀਂ ਤੋਂ ਮੱਖਣ ਤੇ ਮੱਖਣ ਤੋਂ ਘਿਉ ਬਣਦਾ ਹੈ। ਪਰ ਇਨ੍ਹਾਂ ਸਭ ਵਿਚ ਜੋ ਦੁੱਧ ਹੈ ਉਹ ਹੀ ਦਹੀ ਹੈ, ਜੋ ਦਹੀ ਹੈ ਉਹ ਹੀ ਮੱਖਣ ਹੈ ਅਤੇ ਜੋ ਮੱਖਣ ਹੈ ਉਹ ਹੀ ਘਿਉ ਹੈ ਅਰਥਾਤ ਦੁੱਧ ਦਾ ਹੀ ਵਿਕਾਰ ਹੈ। ਇਸ ਤਰ੍ਹਾਂ ਹੀ ਜੀਵਨ ਦਾ ਪ੍ਰਵਾਹ ਹੈ ਉਸ ਵਿਚ ਵਿਚਰਨ ਵਾਲਾ ਜੀਵ ਉਹੀ ਹੈ ਅਤੇ ਉਸ ਦਾ ਪਰਿਵਰਤਿਤ ਰੂਪ ਵੀ ਉਹੀ ਹੈ। ਪੁਨਰਜਨਮ ਦੇ ਸਮੇਂ ਜੀਵ ਨਾ ਤਾਂ ਪਹਿਲਾਂ ਵਾਲਾ ਹੁੰਦਾ ਹੈ ਨਾ ਹੀ ਕੋਈ ਨਵੇਂ ਰੂਪ ਵਾਲਾ ਹੁੰਦਾ ਹੈ। ਬਸ ਪੁਨਰਜਨਮ ਪਹਿਲੇ ਜਨਮ ਦੀ ਨਿਰੰਤਰਤਾ ਵਿਚ ਜ਼ਰੂਰ ਹੁੰਦਾ ਹੈ।

ਵਿਗਿਆਨ ਦੀ ਇਹ ਕੜੀ ਲਗਾਤਾਰ ਚਲਦੀ ਹੈ ਪਰ ਫਿਰ ਵੀ ਨਵੀਂ ਪ੍ਰਤੀਤ ਹੁੰਦੀ ਹੈ। ਪਹਿਲੇ ਜਨਮ ਦੇ ਅੰਤਿਮ ਵਿਗਿਆਨ ਦੇ ਨਾਸ਼ ਨਾਲ ਹੀ ਨਵੇਂ ਜਨਮ ਦਾ ਪਹਿਲਾ ਗਿਆਨ ਉੱਠ ਖੜਾ ਹੁੰਦਾ ਹੈ।

ਪੁਨਰਜਨਮ ਦੇ ਸਿਧਾਂਤ ਦੀ ਇਹ ਵਿਆਖਿਆ ਆਤਮਾ ਦੀ ਸੁਤੰਤਰ ਸੱਤਾ ਨੂੰ ਅਸਵੀਕਾਰ ਕਰਦੀ ਹੈ ਪਰੰਤੂ ਮਨ ਤੇ ਮਾਨਸਿਕ ਵ੍ਰਿਤੀਆਂ ਦੀ ਹੋਂਦ ਨੂੰ ਪੂਰੀ ਤਰ੍ਹਾਂ ਸਵੀਕਾਰ ਕਰਕੇ ਚਲਦੀ ਹੈ। ਤ੍ਰਿਪਿਟਕ ਸਾਹਿਤ ਵਿਚੋਂ ਪ੍ਰਾਪਤ ਕਥਾਵਾਂ ਅਨੁਸਾਰ ਹੀ ਇਹ ਆਤਮਾ ਅਤੇ ਜਗਤ ਅਨਿਤ ਮੰਥਿਆ ਗਿਆ ਹੈ ਆਤਮਾ ਨੂੰ ਪਦਾਰਥਾਂ ਦਾ ਸਮੂਹ ਕਿਹਾ ਗਿਆ ਹੈ। ਭੌਤਿਕ ਪਦਾਰਥ (ਸਰੀਰ) ਨੂੰ 'ਰੂਪ', ਕਿਸੇ ਵਸਤੂ ਦਾ ਸਾਖਿਆਤਕਾਰ ਕਰਨ ਨੂੰ 'ਸੰਗਿਆ', ਉਸ ਤੋਂ ਪ੍ਰਾਪਤ ਦੁੱਖ-ਸੁੱਖ ਦੇ ਭਾਵ ਨੂੰ 'ਵੇਦਨਾ', ਚੇਤਨਤਾ ਨੂੰ 'ਵਿਗਿਆਨ' ਅਤੇ ਅਨੁਭਵ ਤੋਂ ਪ੍ਰਾਪਤ ਸੂਖਮ-ਮਾਨਸਿਕ ਪ੍ਰਵਿਤੀਆਂ ਨੂੰ 'ਸੰਸਕਾਰ' ਆਦਿ ਕਿਹਾ ਗਿਆ ਹੈ। ਇਹ ਪੰਜ ਸਕੰਧ ਕਹੇ ਜਾਂਦੇ ਹਨ।

ਜੀਵਨ ਨਾਲ ਜੁੜੇ ਹੋਏ ਇਹ ਪੰਜ ਸਕੰਧ ਦੋ ਪਲ ਤਕ ਵੀ ਇਕ ਰੂਪ ਵਾਲੇ ਨਹੀਂ ਰਹਿੰਦੇ। ਹਰ ਪਲ ਰੂਪ ਬਦਲਦੇ ਰਹਿੰਦੇ ਹਨ। ਇਸ ਤਰ੍ਹਾਂ ਹੀ ਅਨੁਭਵ ਕੀਤੀ ਜਾਣ ਵਾਲੀ ਹਰ ਵਸਤੂ ਲਗਾਤਾਰ ਪਰਿਵਰਤਿਤ ਹੁੰਦੀ ਹੈ। ਠੀਕ ਇੰਜ ਹੀ ਮਨੁੱਖ ਦੇ ਜੀਵਨ ਦੀ ਸ਼੍ਰਿੰਖਲਾ ਅਰਥਾਤ ਕੜੀ ਕਾਇਮ ਰਹਿੰਦੀ ਹੈ। ਜਦੋਂ ਤਕ ਉਹ ਦੁੱਖਾਂ ਦੇ ਮੂਲ ਕਾਰਣ ਅਵਿਦਿਆ, ਤ੍ਰਿਸ਼ਨਾ ਆਦਿ ਦਾ ਨਾਸ਼ ਨਹੀਂ ਕਰਦਾ, ਤਕ ਤਕ ਉਹ ਕਰਮਾਂ ਤੋਂ ਮੁਕਤੀ ਨਹੀਂ ਪਾ ਸਕਦਾ। ਕਰਮਾਂ ਵਿਚ ਬੰਨ੍ਹਿਆ ਹੋਇਆ ਵਿਅਕਤੀ ਪੁਨਰਜਨਮ ਦੇ ਗੇੜ ਵਿਚ ਪਿਆ ਹੀ ਰਹਿੰਦਾ ਹੈ। ਇਸ ਕਰਕੇ ਤ੍ਰਿਸ਼ਨਾ ਦਾ ਤਿਆਗ ਕਰਕੇ ਮਹਾਂਕਰੁਣਾ ਦੇ ਮਾਰਗ ਨੂੰ ਅਪਣਾ ਕੇ ਬੋਧੀਸਤਵ ਦਾ ਆਦਰਸ਼ ਪ੍ਰਾਪਤ ਕਰਨਾ ਹੀ ਪ੍ਰਾਣੀ ਦਾ ਲਕਸ਼ ਹੋਣਾ ਚਾਹੀਦਾ ਹੈ। ਆਪਣੇ ਜੀਵਨ ਦੀ ਮੁਕਤੀ ਦੇ ਨਾਲ ਹੀ ਸਮੱਗਰ ਸੰਸਾਰ ਦੇ ਦੁੱਖਾਂ ਦਾ ਨਾਸ ਕਰਨਾ ਵੀ ਬੋਧੀ ਸਤਵ ਦਾ ਜੀਵਨ ਉਦੇਸ਼ ਹੁੰਦਾ ਹੈ।

ਬੁੱਧ ਦੇ ਕਰਮ ਅਤੇ ਪੁਨਰਜਨਮ ਦੇ ਸਿਧਾਂਤ ਦੀ ਇਹ ਵਿਆਖਿਆ ਵਿਵਹਾਰਕ ਤੇ ਆਧੁਨਿਕ ਚਿੰਤਨ ਦੀ ਕਸਵੱਟੀ ਤੇ ਖਰੀ ਉਤਰਦੀ ਹੈ। ਓਸ ਦਾ ਬੋਧੀ ਸਤਵ ਆਦਰਸ਼ ਵੀ ਮਨੁੱਖ ਲਈ ਕਲਿਆਣ ਦਾ ਬਹੁਤ ਸੁੰਦਰ ਮਾਰਗ ਦਰਸਾਉਂਦਾ ਹੈ।

## ਕਰਮ ਦਾ ਸਿਧਾਂਤ : ਇਕ ਵਿਸ਼ਲੇਸ਼ਣ :

ਮਹਾਤਮਾ ਬੁੱਧ ਅਨੁਸਾਰ ਸਹੀ ਕਰਮ (Right act) ਕੀ ਹਨ? ਸਹੀ ਕਰਮ ਹਨ ਕਿਸੇ ਦੀ ਜ਼ਿੰਦਗੀ ਖੋਹਣ ਤੇ ਚੋਰੀ ਕਰਨ ਅਤੇ ਵਿਭਚਾਰ ਕਰਨ ਤੋਂ ਬਚ ਕੇ ਰਹਿਣਾ। ਜੇ ਇਨ੍ਹਾਂ ਅਨੈਤਿਕਤਾਵਾਂ ਦੇ ਪਿੱਛੇ ਧਿਆਨ ਨਾਲ 'ਸਾਮਿਯਕਰਮੰਤਾਂ' ਦੇ ਜ਼ਿਆਦਾ ਬੁਨਿਆਦੀ ਅਰਥਾਂ ਦੀ ਛਾਣਬੀਣ ਕਰੀਏ, ਨੈਤਿਕ ਹਿਸਾਬ ਕਰਾਂਗੇ ਤਾਂ ਪਤਾ ਲੱਗ ਜਾਏਗਾ ਕਿ ਫਲ ਦੀ ਇੱਛਾ ਤੋਂ ਬਿਨਾਂ ਬਦਲ ਚੁਣਨ ਵਿਚ ਦਿਲਚਸਪੀ ਦੀ ਥਾਂ, ਆਦਰਸ਼ ਦੀ ਸਹੀ ਪਛਾਣ ਦੇ ਹੱਕ ਵਿਚ ਤਿਆਗ ਕਰਨ ਦੀ ਸਿਫਾਰਸ਼ ਮਿਲੇਗੀ। ਜਿਵੇਂ ਹੀ ਕੋਈ ਮਨੁੱਖ ਆਪਣੀ ਮੰਜ਼ਿਲ ਤੇ ਛੇਤੀ ਜਾਂ ਦੇਰ ਨਾਲ ਹੁੰਦਾ ਹੈ, ਉਸ ਨੂੰ ਇਸ ਦਾ ਆਨੰਦ ਮਾਣਨ ਲਈ ਹੀ ਆਨੰਦ ਮਾਣਨਾ

ਚਾਹੀਦਾ ਹੈ। ਇਹ ਆਨੰਦ ਹੁਣੇ ਹੀ ਕਿਉਂ ਨਹੀ, ਇਸੇ ਜਿੰਦਗੀ ਵਿਚ? ਕਰਮ ਦਾ ਸਿਧਾਂਤ ਜਾਂ ਨਿਆਂ ਦਾ ਨਿਯਮ, ਚੰਗੇ ਕਰਮਾਂ ਲਈ ਬੁਰੇ ਫਲ ਦਸਦਾ ਹੈ। ਮਹਾਤਮਾ ਬੁੱਧ ਅਨੁਸਾਰ ਕੀ ਇਹ ਕਾਰਨ ਅਤੇ ਕਾਰਜ ਦਾ ਅਮਲ ਨਿਰੰਤਰ ਚਲਦਾ ਹੈ, ਜਾਂ ਕਿ ਮਨੁੱਖ ਆਦਰਸ਼ ਦਾ ਜਗਿਆਸੂ ਹੈ ਅਤੇ ਨਿਰਵਾਣ ਵਿਚ ਕਰਮਾਂ ਦੇ ਅੰਤ ਦੀ ਜਗਿਆਸਾ ਕਰ ਰਿਹਾ ਹੈ, ਉਨ੍ਹਾਂ ਅਨੁਸਾਰ ਮੰਜ਼ਿਲ ਨੂੰ ਛੇਤੀ ਕਿਉਂ ਨਹੀਂ ਆਉਣ ਜਾਂਦਾ? ਜਿਹੜਾ ਨਿਆਂ ਦੀ ਮੰਗ ਕਰਦਾ ਹੈ ਉਸ ਅਨੁਸਾਰ ਤਾਂ ਫਿਰ ਅਨਿਆਂ ਹੈ ਅਤੇ ਇਸ ਦਾ ਸਿੱਟਾ ਫਿਰ ਇਹੋ ਹੋਇਆ ਕਿ ਸਾਰੇ ਸੰਭਵ ਸੰਸਾਰਾਂ ਵਿਚੋਂ ਇਹ ਬਿਹਤਰੀਨ ਸੰਸਾਰ ਨਹੀਂ ਹੈ। ਅਜਿਹੀ ਧਾਰਨਾ ਵਾਲਾ ਮਨੁੱਖ ਸਾਰੀ ਉਮਰ ਕਰਮ ਨੂੰ ਸਹੀ ਕਰਨ ਵਿਚ ਉਲਝਿਆ ਰਹਿੰਦਾ ਹੈ ਅਤੇ ਹਮੇਸ਼ਾਂ ਬੁਰਾਈ ਨਾਲ ਜਦੋਂ-ਜਹਿਦ ਕਰਦਾ, ਵੇਦਨਾ ਵਿਚ, ਨਿਰਾਸ਼ਾ ਵਿਚ ਅਤੇ ਰੰਜਸ਼ ਵਿਚ ਰਹੇਗਾ। ਇਹ ਸ਼ਿਕਾਇਤੀ ਖਿੜਕੀ ਉਤੇ ਖੜੇ ਰਹਿਣ ਵਰਗੀ ਸਥਿਤੀ ਹੈ। ਜਿਹੜਾ ਮਨੁੱਖ ਇਹ ਵਿਸ਼ਵਾਸ ਕਰਦਾ ਹੈ ਕਿ ਉਸ ਦੀ ਖੁਸ਼ੀ ਅੱਗੇ ਕਰਮਾਂ ਦੇ ਅਨੁਕੂਲ ਤਵਾਜ਼ਨ ਤੇ ਨਿਰਭਰ ਕਰਦੀ ਹੈ, ਉਹ ਸਦਾ ਹੀ ਆਪਣੀ ਹੁਣੀ ਅਤੇ ਆਪਣੇ ਭਵਿੱਖ ਸੰਬੰਧੀ ਫਿਰਕਮੰਦ ਰਹੇਗਾ ਅਤੇ ਉਸ ਦੀ ਭਵਿੱਖ ਸੰਬੰਧੀ ਸਾਵਧਾਨਤਾ ਉਸ ਦੇ ਵਰਤਮਾਨ ਦੇ ਆਨੰਦ ਨਾਲ ਮੁਕਾਬਲਾ ਕਰਦੀ ਰਹੇਗੀ। ਮਹਾਤਮਾ ਬੁੱਧ ਅਨੁਸਾਰ ਜ਼ਿੰਦਗੀ ਦੀ ਮੰਜ਼ਿਲ (End) ਨੂੰ ਚੋਰੀ ਕਰਕੇ ਇਸ ਨੂੰ ਸਾਧਨਾਂ (Means) ਨੂੰ ਸੌਂਪਣ ਤੋਂ ਪਰਹੇਜ਼ ਕਰਨਾ ਚਾਹੀਦਾ ਹੈ ਜਾਂ ਇਉਂ ਕਹਿ ਲਈਏ ਕਿ ਅਸਲ ਨੂੰ ਵਰਤਮਾਨ ਤੋਂ ਚੋਰੀ ਕਰਕੇ ਗੈਰ ਯਕੀਨੀ ਭਵਿੱਖ ਦੀ ਸ਼੍ਰੇਣੀ ਵਿਚ ਪਾਉਣ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਗੁਰਬਾਣੀ ਨੇ ਮਨੁੱਖ ਨੂੰ ਜ਼ਿੰਦਗੀ ਨਾਲ ਜੋੜਿਆ ਹੈ। ਮਨੁੱਖ ਨੂੰ ਸੁੱਖ ਅਤੇ ਦੁੱਖ ਦੋਹਾਂ ਹਾਲਤਾਂ ਵਿਚ ਹੀ ਸਹਿਜ ਵਿਚ ਜਿਊਣ ਲਈ ਕਿਹਾ ਹੈ। ਸੁੱਖ ਅਤੇ ਦੁੱਖ ਦੋਵੇਂ ਜ਼ਿੰਦਗੀ ਦਾ ਹਿੱਸਾ ਪਰਵਾਨ ਕੀਤੇ ਹਨ ਅਤੇ ਇਨ੍ਹਾਂ ਨੂੰ ਇਕ ਦੂਜੇ ਦੇ ਪੂਰਕ ਮੰਨ ਕੇ ਸਹਿਜ-ਮਾਰਗ ਕਿਹਾ ਹੈ। ਇਹ ਮਾਰਗ ਸਤਿਗੁਰੂ ਦੇ ਭਾਣੇ ਵਿਚ ਚੱਲਣ ਦਾ ਮਾਰਗ ਹੈ। ਬੁੱਧ ਧਰਮ ਵਿਚ ਅਜਿਹਾ ਸਹਿਜ ਤਾਂ ਨਹੀਂ ਪਰ ਕਿਉਂਕਿ ਉਥੇ ਦੁੱਖਾਂ ਨੂੰ ਸੁੱਖ ਨਾਲੋਂ ਨਿਖੇੜ ਕੇ ਵੇਖਿਆ ਗਿਆ ਹੈ, ਮਹਾਤਮਾ ਬੁੱਧ ਕਹਿੰਦੇ ਹਨ ਕਿ ਜਿਹੜਾ ਮਨੁੱਖ ਇਹ ਵਿਸ਼ਵਾਸ਼ ਕਰਦਾ ਹੋਇਆ ਨਿਆਂ ਦੀ ਭਾਲ ਕਰਦਾ ਹੈ ਕਿ ਮਨੁੱਖ ਨੂੰ ਆਪਣੀ ਚੰਗੀ ਜਾਂ ਗਲਤ ਚੋਣ ਦਾ ਜਾਂ ਕਰਮਾਂ ਦਾ ਫਲ ਮਿਲਣਾ ਚਾਹੀਦਾ ਹੈ ਤਾਂ ਜਦੋਂ ਉਸ ਨੂੰ ਉਨ੍ਹਾਂ ਕਾਰਨਾਂ ਕਰਕੇ ਬੁਰਾਈ ਭੋਗਣੀ ਪੈਂਦੀ ਹੈ, ਖਾਸ ਕਰਕੇ ਉਹ ਬੁਰਾਈਆਂ ਜਿਨ੍ਹਾਂ ਤੇ ਉਸ ਦਾ ਕੋਈ ਵੱਸ ਨਹੀਂ ਹੁੰਦਾ ਤਾਂ ਉਹ ਇਸ ਵਿਸ਼ਵਾਸ਼ ਵੱਲ ਰੁਚਿਤ ਹੋ ਜਾਂਦਾ ਹੈ ਕਿ ਉਸ ਨਾਲ ਅਨਿਆਂ ਹੋ ਰਿਹਾ ਹੈ। ਨਿਆਂ ਦਾ ਆਦਰਸ਼ ਪਰਛਾਵੇਂ ਜਾਂ ਬਦਲੇ ਨੂੰ ਸਹੀ ਸਮਝਦਾ ਹੈ ਪਰ ਬਦਲਾ ਤਾਂ ਹੋਰ ਵੱਡੀ ਬੁਰਾਈ ਨੂੰ ਜਨਮ ਦਿੰਦਾ ਹੈ। ਮਹਾਤਮਾ ਬੁੱਧ ਕਹਿੰਦੇ ਹਨ ਕਿ 'ਕਰਮਾਂ' ਦਾ, ਜੱਦੋ-ਜਹਿਦ ਦਾ ਅਤੇ ਵੇਦਨਾ ਆਦਿ ਦਾ ਅੰਤ ਤਾਂ ਹੀ ਹੋ ਸਕਦਾ ਹੈ ਜੇਕਰ ਮਨੁੱਖ ਕੇਵਲ ਸੰਸਾਰ ਨੂੰ ਜਿਸ ਤਰ੍ਹਾਂ ਇਹ ਹੈ ਉਸੇ ਤਰ੍ਹਾਂ ਅਪਨਾਉਣ ਲਈ ਤਿਆਰ ਹੈ ਅਤੇ ਇਸ ਗੱਲ ਤੋਂ ਬੇਲਾਗ ਰਹਿੰਦਾ ਹੈ ਕਿ ਉਹ ਇਸ ਦੇ ਫਲ ਲਈ ਜ਼ਿੰਮੇਵਾਰ ਹੈ ਜਾਂ ਨਹੀਂ। ਇਸ ਹਾਲਤ ਵਿਚ ਹੀ 'ਕਰਮ' ਦਾ, ਜੱਦੋ-ਜਹਿਦ ਦਾ, ਵੇਦਨਾ ਦਾ ਅੰਤ ਹੋ ਸਕਦਾ ਹੈ। ਕੋਈ ਫਲ ਜਾਂ ਨਿਆਂ ਕਰਮਾਂ ਦਾ ਅੰਤ ਨਹੀਂ ਹੈ, ਸਗੋਂ ਪ੍ਰੇਮ ਹੀ ਕਰਮਾਂ ਦਾ ਅੰਤ ਹੈ, ਪ੍ਰੇਮ 'ਦੂਈ' ਨਾਲ ਅਨੁਰਾਗ ਦੇ ਤੌਰ ਤੇ ਨਹੀਂ, ਪ੍ਰੰਤੂ ਜੋ ਹੈ ਉਸ ਨਾਲ ਪ੍ਰੇਮ ਦੇ ਤੌਰ ਤੇ ਕਰਮ ਕਰਨ ਦਾ ਆਦੇਸ਼ ਹੈ।

ਮਹਾਤਮਾ ਬੁੱਧ ਅਨੁਸਾਰ 'ਸ਼ਮ' ਕੇਵਲ ਇਕ ਦਾਂ ਦੂਜੇ ਲਈ ਪ੍ਰੇਮ ਨਹੀਂ ਹੈ, ਜਿਵੇਂ ਮਾਂ-ਪਿਉ ਦਾ ਬੱਚੇ ਲਈ ਜਿਹੜਾ ਮੋਹਬੰਧਨ ਹੈ ਉਹ ਪ੍ਰੇਮ ਨਹੀਂ ਹੈ। ਇਥੇ ਸਨੇਹ ਉਹ ਪ੍ਰੇਮ ਹੈ ਜੋ ਜਿਵੇਂ ਹੈ ਉਸ ਲਈ ਪ੍ਰੇਮ।ਇਹ ਮੋਹ, ਉਹ ਹੈ ਉਸ ਨਾਲ ਅਜਿਹੇ ਤਰੀਕੇ ਨਾਲ ਪ੍ਰੇਮ ਹੈ ਕਿ ਮਨੁੱਖ ਉਸ ਨਾਲ ਲਿਪਟਿਆ ਨਾ ਰਹੇ। ਜਦੋਂ ਉਹ ਖਤਮ ਹੋ ਚੁੱਕਿਆ ਹੁੰਦਾ ਹੈ ਅਤੇ ਉਸ ਥਾਂ ਕੁਝ ਨਵਾਂ ਪਰਵੇਸ਼ ਕਰ ਚੁੱਕਿਆ ਹੁੰਦਾ ਹੈ ਤਾਂ ਇਹ ਉਸ ਨਾਲ ਪ੍ਰੇਮ ਹੈ ਜੋ ਕਿ ਉਸ ਵੇਲੇ ਹੈ। ਇਸ ਸਾਰੇ ਦਾ ਭਾਵ-ਅਰਥ ਵਰਤਮਾਨ ਨਾਲ ਪ੍ਰੇਮ ਹੈ। ਬੁੱਧ-ਧਰਮ ਵਰਤਮਾਨ ਮੁਖੀ ਹੈ ਨਾ ਕਿ ਭੂਤ-ਮੁਖੀ ਜਾਂ ਭਵਿੱਖ-ਮੁਖੀ। ਇਹ ਉਦਾਹਰਣ ਦੇ ਕੇ ਸਮਝਾਇਆ ਗਿਆ ਹੈ ਕਿ ਇਕ ਮਾਂ, ਜਿਸ ਦਾ ਬੱਚਾ ਵੱਡਾ ਹੋ ਕੇ ਸੁਤੰਤਰ ਆਦਮੀ ਬਣ ਚੁਕਿਆ ਹੈ ਅਤੇ ਜੋ ਉਸ ਵੇਲੇ ਨੂੰ ਹਾਲੇ ਵੀ 'ਮੇਰਾ ਬੱਚਾ' ਕਹਿੰਦੀ ਹੈ, ਆਪਣਾ ਪ੍ਰੇਮ ਜੋ ਉਹ ਹੁਣ ਹੈ (ਭਾਵ ਉਸ ਦੇ ਸੁਤੰਤਰ ਆਦਮੀਪੁਣੇ ਸਮੇਂ) ਉਸ ਲਈ ਏਨਾ ਨਹੀਂ ਜ਼ਾਹਰ ਕਰ ਰਹੀ ਹੁੰਦੀ ਸਗੋਂ ਉਸ ਲਈ ਕਰ ਰਹੀ ਹੈ ਜੋ ਉਹ ਸੀ। ਇਸ ਦਾ ਭਾਵ ਇਹ ਨਹੀਂ ਕਿ ਸਾਨੂੰ ਭੂਤ-ਕਾਲ ਦੀ ਜੋ ਉਹ ਹੈ ਭੂਤ-ਕਾਲ ਵਜੋਂ ਸਿਫਤ ਨਹੀਂ ਕਰਨੀ ਚਾਹੀਦੀ, ਪ੍ਰੰਤੂ ਸਾਨੂੰ ਇਸ ਦਾ ਵਰਤਮਾਨ ਵਜੋਂ ਭੁਲੇਖਾ ਨਹੀਂ ਖਾਣਾ ਚਾਹੀਦਾ ਹੈ। ਨਾ ਹੀ ਸਾਨੂੰ ਵਰਤਮਾਨ ਨਾਲ ਇਸ ਤਰ੍ਹਾਂ ਵਰਤਣਾ ਚਾਹੀਦਾ ਹੈ ਕਿ ਇਹ ਤਾਂ ਪਹਿਲਾਂ ਬੀਤ ਚੁੱਕਿਆ ਹੈ, ਨਾ ਹੀ ਭਵਿੱਖ ਬਾਰੇ ਇਸ ਤਰ੍ਹਾਂ ਕਿ ਇਹ ਪਹਿਲਾਂ ਇਥੇ ਹੀ ਸੀ। 'ਸਮ' ਚੀਜ਼ਾਂ ਲਈ ਅਜਿਹਾ ਪ੍ਰੇਮ ਹੈ ਜਿਸ ਤਰ੍ਹਾਂ ਵੀ, ਜਿਸ ਰੂਪ ਵਿਚ ਵੀ ਉਹ ਹਨ। ਕੋਈ ਗੱਲ ਨਹੀਂ ਕਿ ਉਹ ਕਿਵੇਂ ਹਨ। ਚੋਰੀ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ, ਪ੍ਰੰਤੂ ਸਿਰਫ ਇਸ ਕਰਕੇ ਨਹੀਂ ਕਿ ਦੂਸਰਿਆਂ ਨੂੰ ਸਾਧਨਾਂ (Means) ਤੋਂ ਵਾਂਝਿਆ ਕੀਤਾ ਜਾ ਰਿਹਾ ਹੈ। ਵਰਤਮਾਨ ਤੋਂ ਵੱਧ ਨਿਆਂ ਜਾਂ ਵੱਧ ਪ੍ਰੇਮ ਦੀ ਮੰਗ

ਕਰਨਾ ਜਾਂ ਦੂਸਰਿਆਂ ਰਾਹੀਂ ਉਹ ਜੋ ਚੋਰੀ ਨਾਲ ਪ੍ਰਾਪਤ ਹੁੰਦਾ ਹੈ, ਵਰਤਮਾਨ ਦੇ ਨਾ ਪੂਰਾ ਕੀਤਾ ਜਾ ਸਕਣ ਵਾਲੇ 'ਆਨੰਦ' ਤੋਂ ਚੋਰੀ ਹੈ।

ਕਰਮ ਕੀ ਹੈ? ਇਹ ਸਿਧਾਂਤ, ਜਿਵੇਂ ਕਿ ਸਾਰੇ ਜਾਣਦੇ ਹੀ ਹਾਂ ਕਿ ਗੌਤਰ ਬੁੱਧ ਦੇ ਸੰਸਕ੍ਰਿਤਕ ਵਿਰਸੇ ਦਾ ਬਹੁਤ ਹੀ ਬੁਨਿਆਦੀ ਸਿਧਾਂਤ ਸੀ। ਉਸ ਬੋਲੀ ਦਾ, ਉਸ ਭਾਸ਼ਾ ਦਾ ਇਕ ਹਿੱਸਾ ਸੀ ਜਿਸ ਵਿਚ ਗੌਤਮ ਅਤੇ ਉਸ ਦੇ ਚੇਲੇ ਬੋਲਦੇ ਸੀ। ਕੋਈ ਵੀ ਇਸ ਗੱਲ ਤੋਂ ਇਨਕਾਰ ਨਹੀਂ ਕਰਨਾ ਚਾਹੇਗਾ ਕਿ ਪਿਛਲੀਆਂ ਬੋਧੀ ਵਿਆਖਿਆਵਾਂ ਵਿਚ ਕਰਮ ਦਾ ਸਿਧਾਂਤ ਜ਼ਿੰਦਾ ਰਿਹਾ ਅਤੇ ਇਸ ਨੇ ਕਿੰਨੀ ਮਹੱਤਵਪੂਰਨ ਭੂਮਿਕਾ ਨਿਭਾਈ। ਪ੍ਰੰਤੂ ਇਸ ਧਾਰਨਾ ਨੂੰ ਨਕਾਰਣਾ ਪਵੇਗਾ ਕਿ ਗੌਤਮ-ਬੁੱਧ ਆਪਣੇ ਸਿਧਾਂਤ ਦੇ ਲਾਜ਼ਮੀ ਹਿੱਸੇ ਦੇ ਤੌਰ ਤੇ ਕਰਮ ਦੇ ਸੰਕਲਪ ਨਾਲ ਬਚਨ-ਬੱਧ ਸੀ। ਉਸ ਦਾ ਨਿਯਮ ਨਿਰਾਸ਼ਾ ਨੂੰ ਰੋਕਣ ਲਈ ਸੀ ਕਿ ਜੋ ਪ੍ਰਾਪਤ ਨਹੀਂ ਹੁੰਦਾ ਉਸ ਦੀ ਇੱਛਾ ਨੂੰ ਰੋਕਣਾ ਸੀ। ਇਸ ਲਈ ਇਹ ਨਿਯਮ, ਕਰਮ ਦਾ ਸਿਧਾਂਤ ਸੀ ਜਾਂ ਨਹੀਂ ਦੇ ਬਾਵਜੂਦ ਕਾਇਮ ਸੀ। ਗੌਤਮ ਦਾ ਨਜ਼ਰੀਆ ਇਸ ਪ੍ਰਤੀ ਇਹ ਸੀ ਕਿ ਜੇ ਕੋਈ ਕਰਮ ਦਾ ਨਿਯਮ ਹੈ ਤਾਂ ਉਸ ਨੂੰ ਮੰਨ ਲਵੇ, ਜੇ ਨਹੀਂ ਤਾਂ ਉਸ ਨੂੰ ਇਸੇ ਪ੍ਰਕਾਰ ਮੰਨ ਲਿਆ ਜਾਵੇ।

ਕਿਹਾ ਜਾਂਦਾ ਹੈ ਕਿ ਗੌਤਮ ਜੈਨ-ਧਰਮ ਦੇ ਇਸ ਨਜ਼ਰੀਏ ਦੇ ਵਿਰੁੱਧ ਦਲੀਲ ਦਿੰਦਾ ਸੀ ਕਿ ਤਪੱਸਿਆ ਰਾਹੀਂ ਗੁਣ ਗ੍ਰਹਿਣ ਕੀਤੇ ਜਾ ਸਕਦੇ ਹਨ ਤੇ ਔਗੁਣਾਂ ਦਾ ਨਾਸ਼ ਕੀਤਾ ਜਾ ਸਕਦਾ ਹੈ। ਜੈਨਾਂ ਦਾ ਇਹ ਮੱਤ ਹੈ ਕਿ ਜੋ ਤੁਸੀਂ ਪਹਿਲਾਂ ਬੁਰਾ ਕਰਮ ਕੀਤਾ ਸੀ, ਉਸ ਨੂੰ ਹੁਣ ਕਰੜੀ ਤਪੱਸਿਆ ਰਾਹੀਂ ਖਤਮ ਕੀਤਾ ਜਾ ਸਕਦਾ ਹੈ। ... ਇਸ ਤਰ੍ਹਾਂ ਪਹਿਲੇ ਕਰਮਾਂ ਨੂੰ ਜਲਾ ਕੇ ਖਤਮ ਕਰਕੇ, ਨਵੇਂ ਕਰਮ ਨਾ ਕਰਕੇ, ਭਵਿੱਖ ਵਿਚ ਇਨ੍ਹਾਂ ਕਰਮਾਂ ਦੀ ਚਾਲ ਨਹੀਂ ਰਹੇਗੀ। ਗੌਤਮ ਦਾ ਚੰਗਾ ਮਾੜਾ ਹੋਣਾ ਚੰਗਾ ਜਨਮ ਜਾਂ ਮਾੜੇ ਜਨਮ ਤੇ ਨਿਰਭਰ ਨਹੀਂ ਹੈ। ਕਰਮਾਂ ਨਾਲ ਨਾ ਹੀ ਬੁਰਾਈ ਤੌਖਲੇ ਵਿਚ ਹੈ, ਜਿਸ ਦਾ ਕਾਰਨ ਲਾਲਸਾ ਹੈ। ਹੁਣ ਇਸ ਗੱਲ ਦੇ ਤੁਅਲਕ ਤੋਂ ਬਿਨਾਂ ਕਿ ਵਰਤਮਾਨ ਲਾਲਸਾ ਪਹਿਲੇ ਕਰਮਾਂ ਕਰਕੇ ਹੈ ਜਾਂ ਨਹੀਂ ਹੈ, ਕਰਨ ਵਾਲੀ ਜੋ ਗੱਲ ਬਾਕੀ ਹੈ ਲਾਲਸਾ ਨੂੰ ਰੋਕਣਾ ਅਤੇ ਇਸ ਕੰਮ ਲਈ ਵਰਤਮਾਨ ਕੋਸ਼ਿਸ਼ ਦੀ ਜ਼ਰੂਰਤ ਹੈ। ਮਹਾਤਮਾ ਬੁੱਧ ਅਨੁਸਾਰ ਜੋ ਗੱਲ ਜ਼ਰੂਰੀ ਹੈ ਉਸ ਤੇ ਧਿਆਨ ਲਾਉਣਾ ਚਾਹੀਦਾ ਹੈ ਅਤੇ ਜੋ ਗੱਲ ਅਸੰਗਤ ਹੈ, ਉਸ ਨੂੰ ਛੱਡ ਦੇਣਾ ਚਾਹੀਦਾ ਹੈ। ਅਸਲ ਵਿਚ 'ਕਰਮ' ਵਿਚ ਦਿਲਚਸਪੀ ਭਵਿੱਖ ਵਿਚ ਫਲ ਦੀ ਪ੍ਰਾਪਤੀ ਦੀ ਦਿਲਚਸਪੀ ਨਾਲ ਉਲਝੀ ਹੋਈ ਹੈ। ਇਸੇ ਲਈ ਪੁਨਰ-ਜਨਮ, ਸਥਿਰ ਆਤਮਾ, ਨਿਆਂ ਦੀ ਮੰਗ ਅਤੇ ਵਿਆਖਿਆ ਨਾਲ ਸਹਿਮਤ ਹੋਣਾ ਆਦਿ ਸ਼ਾਮਿਲ ਹੈ। ਜਿਸ ਹੱਦ ਤਕ ਮਨੁੱਖ 'ਕਰਮ' ਨਾਲ ਜੁੜਿਆ ਹੋਇਆ ਹੈ, ਉਸ ਹੱਦ ਤਕ ਉਹ ਮੱਧ-ਮਾਰਗ (Middle-way) ਤੋਂ ਲਾਂਭੇ ਹੋ ਜਾਂਦਾ ਹੈ।

**ਪੁਨਰ-ਜਨਮ (Re-Birth) :-** ਕੀ ਗੌਤਮ ਬੁੱਧ ਨੂੰ ਪੁਨਰ-ਜਨਮ ਵਿਚ ਵਿਸ਼ਵਾਸ ਸੀ? ਮਹਾਤਮਾ ਬੁੱਧ ਅਨੁਸਾਰ, 'ਸਾਰੇ ਮਨੁੱਖ ਨਾਸ਼ਵਾਨ ਹਨ, ਉਹ ਮੌਤ ਨਾਲ ਖਤਮ ਹੋ ਜਾਂਦੇ ਹਨ।' ਇਹ ਨਜ਼ਰੀਆਂ, ਜੋ ਉਸ ਸੰਪੰਨ ਪੁਰਸ਼ ਮਹਾਤਮਾ ਬੁੱਧ ਦਾ ਵਿਸ਼ੇਸ਼ ਗੁਣ ਮੰਨਿਆਂ ਜਾਂਦਾ ਹੈ, ਉਨ੍ਹਾਂ ਬਹੁਤ ਸਾਰੀਆਂ ਧਾਰਨਾਵਾਂ ਦੇ ਵਿਰੁੱਧ ਹੈ ਜੋ ਪੁਨਰ-ਜਨਮ ਲਈ ਪਹਿਲਾਂ ਹੀ ਮੰਨੀਆਂ ਗਈਆਂ ਹਨ। ਗੌਤਮ ਦਾ ਸਿਧਾਂਤ ਜਨਮ ਲਈ ਹੈ, ਭਾਵੇਂ ਪੁਨਰ-ਜਨਮ ਹੈ, ਇਹ ਮੂਲ ਰੂਪ ਵਿਚ ਜੋ ਵੀ ਹੋਣ ਵਾਲਾ ਹੈ, ਉਹਨੂੰ ਪਰਵਾਨ ਕਰ ਲੈਣ ਦੀ ਇੱਛਾ ਨੂੰ ਲਾਗੂ ਕਰਦਾ ਹੈ। ਜਦੋਂ ਇਕ ਬ੍ਰਾਹਮਣ ਨੇ ਗੌਤਮ ਤੇ ਇਹ ਦੋਸ਼ ਲਾਇਆ ਕਿ ਗੌਤਮ ਪੁਨਰ-ਜਨਮ ਦੇ ਖਿਲਾਫ਼ ਹਨ ਤਾਂ ਗੌਤਮ ਦਾ ਉਤਰ ਹਾਂ ਵਿਚ ਸੀ ਤੇ ਉਨ੍ਹਾਂ ਨੇ ਕਿਹਾ, ''ਉਸ ਢੰਗ ਨਾਲ ਨਹੀਂ, ਜੋ ਅਰਥ ਤੁਸੀਂ ਲੈ ਰਹੇ ਹੋ।'' ਗੌਤਮ ਨੇ ਕਿਹਾ ਕਿ 'ਮੈਂ ਇਕ ਨਵਾਂ ਸਿਧਾਂਤ 'ਕੁੰਦ' ਸਿਖ ਰਿਹਾ ਹਾਂ, ਜੋ ਇਸ ਵਰਤਮਾਨ ਜਨਮ ਵਿਚ ਨਸ਼ਿਆਂ ਨੂੰ ਘੱਟ ਕਰਨ ਲਈ ਹੈ। ਮੈਂ ਕੇਵਲ ਆਉਣ ਵਾਲੇ ਸਮਿਆਂ ਵਿਚ ਨਸ਼ਿਆਂ ਦੇ ਨਾਸ਼ ਲਈ ਵੀ ਸਿਧਾਂਤ ਨਹੀਂ ਦੇ ਰਿਹਾ ਸਗੋਂ ਹੁਣੇ ਇਸੇ ਜਨਮ ਵਿਚ ਭਵਿੱਖ ਵਿਚ ਆਉਣ ਵਾਲੀ ਜ਼ਿੰਦਗੀ ਦੇ ਨਾਸ਼ ਕਰਨ ਲਈ ਵੀ ਸਿਧਾਂਤ ਦੇ ਰਿਹਾ ਹਾਂ। ਆਸ਼ਾਂ ਵਿਸਵਾਰਥੀ (Universal) ਅਤੇ ਸਰਬ-ਕਾਲੀਨ ਹੈ। ਹੁਣ ਅਤੇ ਭਵਿੱਖ ਲਈ ਹੈ। ਪ੍ਰੰਤੂ ਇਹ ਭਵਿੱਖਮੁਖੀ ਨਹੀਂ ਹੈ। ਮਹਾਤਮਾ ਬੁੱਧ ਨੇ ਕਿਹਾ ਕਿ 'ਮੈਂ ਆਪਣੇ ਚੇਲਿਆਂ ਨੂੰ ਰਸਤਾ ਦਿਖਾ ਦਿੱਤਾ ਹੈ, ਜਿਸ ਰਾਹੀਂ ਇਸ ਖਈ ਰੋਗ ਨੂੰ ਖਤਮ ਕਰਕੇ, ਉਹ ਇਥੇ ਤੇ ਹੁਣ, ਆਪਣਾ ਤੇ ਆਪਣੇ ਆਪ ਦਿਲ ਅਤੇ ਮਨ ਦੀ ਉਸ ਮੁਕਤੀ ਨੂੰ ਜਾਣ ਸਕਦੇ ਹਨ, ਅਨੁਭਵ ਕਰ ਸਕਦੇ ਹਨ ਅਤੇ ਉਸ ਵਿਚ ਦਾਖਲ ਹੋ ਸਕਦੇ ਹਨ, ਜਿਸ ਵਿਚ ਕੋਈ ਰੋਗ ਨਹੀਂ ਹੁੰਦਾ।

ਜੇਕਰ ਗੌਤਮ ਬੁੱਧ ਨੇ ਆਪਣੇ ਵਿਸ਼ਵਾਸ ਦੇ ਮੱਧ ਮਾਰਗ ਤੇ ਚਲਦੇ ਹੋਏ ਜਿਨ੍ਹਾਂ ਮੁੱਦਿਆਂ ਤੇ ਆਪਣੀ ਰਾਇ ਨਹੀਂ ਦਿੱਤੀ ਤਾਂ ਉਹ 'ਸੂਤ੍ਰ' (Sutta), ਜਿਨ੍ਹਾਂ ਵਿਚ ਅਜਿਹੀ ਰਾਇ ਦੱਸੀ ਗਈ ਹੈ, ਦੂਸਰਿਆਂ ਦੇ ਦਿਮਾਗਾਂ ਤੋਂ ਪ੍ਰਭਾਵਿਤ ਲਗਦੇ ਹਨ। ਉਦਾਹਰਣ ਲਈ ਜਿਨ੍ਹਾਂ ਵਿਚ ਕਰਮ, ਪੁਨਰ-ਜਨਮ, ਅਨਾਤਮਾ ਦਾ ਸਿੱਧਾਂਤ ਅਤੇ ਇਸ ਸਿਧਾਂਤ ਰਾਹੀਂ ਜੋ ਲਾਗੂ ਹੁੰਦਾ ਹੈ ਆਦਿ ਦੱਸੇ ਗਏ ਹਨ ਅਤੇ ਉਹ ਜਿਨ੍ਹਾਂ ਵਿਚ ਬ੍ਰਹਿਮੰਡੀ ਵਿਆਖਿਆਵਾਂ ਅਤੇ ਉਹ ਜਿਨ੍ਹਾਂ ਵਿਚ ਕੁੱਝ ਚੀਜ਼ਾਂ ਦੀ ਪ੍ਰਾਪਤੀ ਅਸੰਭਵ ਦੱਸੀ

ਗਈ ਹੈ, ਮੱਧ-ਮਾਰਗ ਦੇ ਅਸਲੀ ਭਾਵ ਦੀ ਉਲੰਘਣਾ ਕਰਦੇ ਹਨ। ਗੌਤਮ ਬੁੱਧ ਕਿਸੇ ਤਰ੍ਹਾਂ ਵੀ ਲਕੀਰ ਦੇ ਫਕੀਰ ਨਹੀਂ ਸਨ ਕਿਉਂਕਿ ਉਨ੍ਹਾਂ ਨੇ ਜੀਵਨ ਦੀ ਰੌਅ ਨੂੰ ਆਪਣੇ ਕੁਦਰਤੀ ਪਰਵਾਹ ਵਿਚ ਵਹਿਣ ਦਾ ਮਾਰਗ ਪ੍ਰਸਤੁਤ ਕੀਤਾ ਹੋਇਆ ਹੈ। ਮਹਾਤਮਾ ਬੁੱਧ ਅਨੁਸਾਰ ਵੇਦਨਾ ਨੂੰ ਰੋਕਣ ਦੀ ਸਮੱਸਿਆ ਦਾ ਸਮਾਧਾਨ ਇਸ ਪ੍ਰਸ਼ਨ ਦੇ ਸਮਾਧਾਨ ਕਰਨ ਵਿਚ ਨਹੀਂ ਹੈ ਕਿ ਪੁਨਰ-ਜਨਮ ਹੈ ਜਾਂ ਨਹੀਂ ਹੈ ਜਾਂ ਪੁਨਰ-ਜਨਮ ਦੂਸਰੇ ਸਰੀਰ ਵਿਚ ਹੈ। ਇਹ ਤਾਂ ਕਿਸੇ ਪਿੰਜਰ ਵਿਚ ਹੀ ਚੰਗੀ ਤਰ੍ਹਾਂ ਨਾਲ ਆਪਣੇ ਪ੍ਰਭਾਵਾਂ ਅਤੇ ਵਿਚਾਰਾਂ ਸਮੇਤ ਸੰਸਾਰ ਵਿਚ ਕਾਇਮ ਸਮਝਣਾ ਚਾਹੀਦਾ ਹੈ ਕਿ ਸੰਸਾਰ ਦਾ ਇਕ ਕਾਰਨ ਅਤੇ ਸੰਸਾਰ ਦੀ ਨਿਵਿਰਤੀ ਵਲ ਇਹ ਜਨਮ ਲੈ ਜਾਂਦਾ ਹੈ। ਮਹਾਤਮਾ ਬੁੱਧ ਅਨੁਸਾਰ ਜਦੋਂ ਚਾਰ ਸਮਝ ਲਏ ਜਾਂਦੇ ਹਨ ਤੇ ਭਵਿੱਖ ਦੇ ਜੀਵਨ ਲਈ ਜਾਚਨਾ ਖਤਮ ਹੋ ਜਾਂਦੀ ਹੈ ਅਤੇ ਪੁਨਰ-ਜਨਮ ਵੱਲ ਲੈ ਜਾਣ ਵਾਲੀ ਅਵਸਥਾ ਖਤਮ ਹੋ ਜਾਂਦੀ ਹੈ ਅਤੇ ਫਿਰ ਕੋਈ ਜਨਮ ਨਹੀਂ। ਇਸ ਨੂੰ ਇਸੇ ਜਨਮ ਵਿਚ ਮੁਕਤ ਅਵਸਥਾ ਦੀ ਪ੍ਰਾਪਤੀ ਵੀ ਕਿਹਾ ਜਾ ਸਕਦਾ ਹੈ।

**ਪਾਠ ਨੰਬਰ : 2.7** **ਡਾ.ਕੁਲਜੀਤ ਕਪੂਰ**

# ਮਹਾਤਮਾ ਬੁੱਧ ਦੇ ਦਾਰਸ਼ਨਿਕ ਵਿਚਾਰ

ਮਹਾਤਮਾ ਬੁੱਧ (567-487 ਬੀ.ਸੀ.) ਦਾ ਅਸਲੀ ਨਾਂ ਸਿੱਧਾਰਥ ਸੀ ਜਿਹੜਾ ਬਾਅਦ ਵਿੱਚ ਗੌਤਮ ਬੁੱਧ ਦੇ ਨਾਂ ਨਾਲ ਪ੍ਰਸਿੱਧ ਹੋਇਆ। ਸਿੱਧਾਰਥ ਉੱਤਰੀ ਭਾਰਤ ਦੇ ਇਕ ਮਹਾਨ ਰਾਜੇ ਦਾ ਪੁੱਤਰ ਸੀ। ਕਿਹਾ ਜਾਂਦਾ ਹੈ ਕਿ ਉਸ ਦੇ ਪਿਤਾ ਨੇ ਬਾਲਕ ਦੀ ਸਾਧੂ ਬਿਰਤੀ ਵੇਖ ਕੇ ਉਸ ਨੂੰ ਸੰਸਾਰਿਕ ਜੀਵਨ ਵਿੱਚ ਉਲਝਾਉਣ ਦਾ ਸ਼ੁਰੂ ਤੋਂ ਹੀ ਯਤਨ ਕੀਤਾ ਅਤੇ ਉਸ ਨੂੰ ਜੀਵਨ ਦੇ ਭਿਆਨਕ ਪਹਿਲੂਆਂ ਤੋਂ ਦੂਰ ਰੱਖਿਆ। ਜਵਾਨ ਹੋਣ ਤੇ ਉਸ ਦਾ ਵਿਆਹ ਇਕ ਅਤਿ ਸੁੰਦਰ ਰਾਜਕੁਮਾਰੀ ਨਾਲ ਕੀਤਾ ਪਰ ਇਹ ਸਾਰੇ ਯਤਨ ਅਸਫਲ ਰਹੇ। ਅਸ਼ਵਘੋਸ਼ ਲਿਖਦਾ ਹੈ ਕਿ ਸਿੱਧਾਰਥ ਤਿੰਨ ਵਾਰੀ ਰਥ ਉਤੇ ਬਹਿ ਕੇ ਬਾਹਰ ਸੈਰ ਕਰਨ ਨਿਕਲਿਆ। ਉਸ ਨੂੰ ਇਕ ਵਾਰੀ ਇਕ ਬੁੱਢਾ, ਦੂਜੀ ਵਾਰੀ ਇਕ ਰੋਗੀ ਅਤੇ ਤੀਜੀ ਵਾਰੀ ਇਕ ਮਰਿਆ ਵਿਅਕਤੀ ਮਿਲਿਆ। ਉਸ ਨੇ ਇਨ੍ਹਾਂ ਬਾਰੇ ਅਪਣੇ ਰਥਵਾਨ ਨੂੰ ਪੁੱਛਿਆ, ਜਿਸ ਦੀਆਂ ਸਿੱਧੀਆਂ ਗੱਲਾਂ ਦਾ ਰਾਜਕੁਮਾਰ ਦੇ ਭੋਲੇ ਮਨ ਉਤੇ ਡੂੰਘਾ ਪ੍ਰਭਾਵ ਪਿਆ। ਉਸ ਨੇ ਸੋਚਿਆ ਕਿ ਜੀਵਨ ਵਿੱਚ ਦੁੱਖ ਹੀ ਦੁੱਖ ਹੈ ਜਿਸ ਤੋਂ ਛੁਟਕਾਰਾ ਪਾਉਣ ਦਾ ਉਪਾਅ ਲੱਭਣਾ ਚਾਹੀਦਾ ਹੈ। ਕਈ ਦਿਨ ਮਹਿਲ ਅੰਦਰ ਰਹਿ ਕੇ ਉਹ ਇਸ ਸਮੱਸਿਆ ਉਤੇ ਚਿੰਤਨ, ਵਿਚਾਰ ਕਰਦਾ ਰਿਹਾ ਅਤੇ ਅੰਤ ਵਿੱਚ ਉਸ ਨੇ ਘਰ-ਗ੍ਰਹਿਸਥੀ ਨੂੰ ਤਿਆਗ ਦਿੱਤਾ। ਵਣਾਂ ਵਿੱਚ ਜਾ ਕੇ ਜੈਨਮੱਤ ਅਨੁਸਾਰ ਘੋਰ ਤਪੱਸਿਆ ਕੀਤੀ ਪਰ ਇਸ ਤੋਂ ਉਸ ਨੂੰ ਸੱਚੀ ਸ਼ਾਂਤੀ ਪ੍ਰਾਪਤ ਨਾ ਹੋਈ। ਫਿਰ ਉਸ ਨੇ ਉਸ ਤੋਂ ਘੱਟ ਕਠੋਰ ਤਪ ਕੀਤਾ ਅਤੇ ਕੁਝ ਸਾਲਾ ਪਿਛੋਂ ਜਦੋਂ ਉਹ ਇਕ ਰੁੱਖ ਦੇ ਹੇਠ ਬੈਠਾ ਸੀ, ਉਸ ਨੂੰ ਸੱਚਾ ਗਿਆਨ ਪ੍ਰਾਪਤ ਹੋਇਆ। ਇਸੇ ਚਾਨਣ ਪ੍ਰਾਪਤੀ ਦੇ ਕਾਰਨ ਹੀ ਉਸ ਦਾ ਨਾਂ ਬੁੱਧ ਪਿਆ, ਜਿਸ ਦਾ ਅਰਥ ਉਹ ਵਿਅਕਤੀ ਹੈ ਜਿਸ ਨੂੰ ਗਿਆਨ ਦਾ ਪ੍ਰਕਾਸ਼ ਪ੍ਰਾਪਤ ਹੋ ਗਿਆ ਹੋਵੇ। ਇਹ ਗਿਆਨ ਚਾਰ ਮਹਾਨ ਤੇ ਪਵਿੱਤਰ ਸਚਾਈਆਂ ਹਨ - ਜਿਨ੍ਹਾਂ ਉਤੇ ਬੁੱਧ-ਦਰਸ਼ਨ ਆਧਾਰਿਤ ਹੈ। ਇਨ੍ਹਾਂ ਦਾ ਪ੍ਰਚਾਰ ਮਹਾਤਮਾ ਬੁੱਧ ਨੇ ਕਰਨਾ ਸ਼ੁਰੂ ਕੀਤਾ ਅਤੇ ਉਨ੍ਹਾਂ ਦੇ ਅਨੇਕ ਸ਼ਿਸ਼ ਬਣ ਗਏ। ਕੋਈ 80 ਸਾਲ ਦੀ ਉਮਰ ਵਿੱਚ ਉਸ ਦੀ ਮੌਤ ਹੋ ਗਈ। ਮਹਾਤਮਾ ਬੁੱਧ ਨੇ ਆਪਣੇ ਜੀਵਨ ਅੰਦਰ ਸੰਸਾਰਿਕ ਭੋਗ ਅਤੇ ਕਠੋਰ ਤਪ ਦੇ ਪਰਸਪਰ ਵਿਪਰੀਤ ਅਤੇ ਅਤਿ ਦੇ ਦੋਵੇਂ ਮਾਰਗ ਵੇਖੇ ਅਤੇ ਉਸ ਨੂੰ ਸਚਾਈ ਕੇਵਲ ਮੱਧਮਾਰਗ ਵਿੱਚ ਹੀ ਲੱਭੀ। ਬੁੱਧ ਦੇ ਉਪਦੇਸ਼ ਅਤਿ ਸਰਲ ਅਤੇ ਸਾਧਾਰਣ ਭਾਸ਼ਾ ਵਿੱਚ ਸਨ, ਜਿਨ੍ਹਾਂ ਦਾ ਸਿੱਧਾ ਪ੍ਰਭਾਵ ਲੋਕਾਂ ਦੇ ਨੈਤਿਕ ਜੀਵਨ ਉਤੇ ਪਿਆ। ਮਹਾਤਮਾ ਬੁੱਧ ਦੇ ਜੀਵਨ-ਦਰਸ਼ਨ ਦੀਆਂ ਨਿਮਨ-ਲਿਖਤ ਵਿਸ਼ੇਸ਼ਤਾਈਆਂ ਹਨ :

1. ਬੁੱਧਮਤ ਇਕ ਅਵੈਦਿਕ ਵਿਚਾਰਧਾਰਾ ਹੈ ਜਿਸ ਦਾ ਮੇਲ ਜੈਨਮੱਤ ਅਤੇ ਚਾਰਵਾਕ ਨਾਲ ਹੈ। ਇਹ ਤਿੰਨ ਵੇਦ-ਰੀਤੀ ਦੀ ਨਿਖੇਧੀ ਕਰਨ ਦੇ ਕਾਰਣ ਸੁਤੰਤਰ ਨੀਤੀਆਂ ਅਖਵਾਉਂਦੀਆਂ ਹਨ। ਇਹ ਸੰਭਵ ਹੈ ਕਿ ਮਹਾਤਮਾ ਬੁੱਧ ਨੇ ਚਾਰਵਾਕ ਅਤੇ ਜੈਨਮੱਤ ਤੋਂ ਬਹੁਤ ਕੁਝ ਗ੍ਰਹਿਣ ਕੀਤਾ ਹੋਵੇ, ਪਰ ਉਸ ਦਾ ਦਰਸ਼ਨ ਉਸ ਦੇ ਨਿਜੀ ਅਨੁਭਵ ਅਤੇ ਚਿੰਤਨ ਦਾ ਫਲ ਹੈ। ਬੁੱਧਮੱਤ ਦੇ ਚਿੰਨ੍ਹ ਬੁੱਧ ਦੇ ਜੀਵਨ-ਕਾਲ ਤੋਂ ਹੀ ਮਿਲਦੇ ਹਨ, ਪਰ ਚਾਰਵਾਕ ਅਤੇ ਜੈਨਮੱਤ ਦੇ ਦਾਰਸ਼ਨਿਕ ਵਿਚਾਰ ਇਕ ਵਿਅਕਤੀ ਦੀ ਵਿਚਾਰਧਾਰਾ ਉਤੇ ਆਧਾਰਿਤ ਨਹੀਂ, ਪੁਰਾਤਨ ਕਾਲ ਤੋਂ ਚੱਲੇ ਆਉਂਦੇ ਹਨ। ਗੌਤਮ ਬੁੱਧ ਨੇ ਵੇਦ ਨੂੰ ਪ੍ਰਮਾਣ ਮੰਨਣ ਤੋਂ ਇਨਕਾਰ ਕਰ ਦਿੱਤਾ। ਉਸ ਨੇ ਬ੍ਰਾਹਮਣਿਕ ਕਰਮ-ਕਾਂਡ ਦੀ ਨਿਖੇਧੀ ਕੀਤੀ, ਖਾਸ ਤੌਰ ਤੇ ਪਸ਼ੂ-ਬਲੀ ਦੀ ਨਿੰਦਿਆ ਕੀਤੀ। ਮਾਨਵ-ਸਮਾਜ ਨੂੰ ਜਨਮ ਦੇ ਆਧਾਰ ਉਤੇ ਚਾਰ ਵਰਣਾਂ ਵਿੱਚ ਵੰਡਣ ਨੂੰ ਗਲਤ ਦੱਸਿਆ। ਹਿੰਸਾ ਦੀ ਬਜਾਏ ਅਹਿੰਸਾ ਉਤੇ ਜ਼ੋਰ ਦਿੱਤਾ। ਬਾਹਰੀ ਸ਼ੁੱਧੀ ਤੇ ਵੱਧ ਮਹੱਤਵ ਅੰਦਰੂਨੀ ਪਵਿੱਤਰਤਾ ਨੂੰ ਦਿੱਤਾ। ਉਪਨਿਸ਼ਦਿਕ ਆਤਮਵਾਦ ਜਾਂ ਬ੍ਰਹਮਵਾਦ ਦੇ ਵਿਰੁੱਧ ਆਤਮਾ ਨੂੰ ਅਨਿਤ ਸਿੱਧ ਕੀਤਾ। ਜਗਤ ਨਿੱਤਪਦਾਰਥ ਰਹਿਤ ਇਕ ਸਨਾਤਨ ਅਤੇ ਅਨਾਦਿ ਪਰਿਵਰਤਨ ਦੀ ਅਟੁੱਟ ਧਾਰਾ ਹੈ। ਇਹ ਈਸ਼ਵਰ ਦੀ ਰਚਨਾ ਨਹੀਂ। ਕੋਈ ਗ੍ਰਿਥ ਜਾਂ ਅਲੌਕਿਕ ਸ਼ਕਤੀ ਮਨੁੱਖ ਦੀ ਮਦਦ ਨਹੀਂ ਕਰਦੀ, ਆਪਣੇ ਕਲਿਆਣ ਲਈ ਉਸ ਨੂੰ ਆਪਣੀ ਬੁੱਧੀ ਦਾ ਆਸਰਾ ਲੈਣਾ ਪੈਂਦਾ ਹੈ। ਬੁੱਧ ਨੇ ਆਪਣੇ ਸ਼ਿਸ਼ਾਂ ਨੂੰ ਆਪਣੇ ਆਪ ਲਈ ਦੀਵਾ ਜਾਂ ਚਾਨਣ ਬਣਨ ਦਾ ਉਪਦੇਸ਼ ਦਿੱਤਾ। ਵੇਦ ਨੂੰ ਪ੍ਰਮਾਣ ਨਾ ਮੰਨਣ, ਕਰਮਕਾਂਡ ਦੀ ਨਿਖੇਧੀ ਕਰਨ ਅਤੇ ਨਿਰਾਤਮਵਾਦ ਤੇ ਅਨੀਸ਼ਵਰਵਾਦ ਕਾਰਣ ਬੁੱਧਮੱਤ ਨੂੰ ਅਵੈਦਿਕ ਵਿਚਾਰਧਾਰਾ ਕਹਿੰਦੇ ਹਨ।

2. ਅਸਲ ਵਿੱਚ ਬੁੱਧਮੱਤ ਇਕ ਨੈਤਿਕ ਵਿਚਾਰਧਾਰਾ ਹੈ ਜਿਸ ਦੀ ਮੌਲਿਕ ਸਮੱਸਿਆ ਹੈ ਜੀਵਨ ਨੂੰ ਕਿਵੇਂ ਪਵਿੱਤਰ ਅਤੇ

ਚੰਗਾ ਬਣਾਇਆ ਜਾਵੇ। ਇਸ ਲਈ ਮਹਾਤਮਾ ਬੁੱਧ ਨੇ ਮਨੁੱਖ ਦੇ ਨੈਤਿਕ ਵਿਹਾਰ ਉਤੇ ਬਲ ਦਿੱਤਾ ਹੈ। ਜਿਨ੍ਹਾਂ ਗੱਲਾਂ ਦਾ ਨੈਤਿਕ ਜੀਵਨ ਜਾਂ ਉਸ ਦੇ ਧਰਮ ਉਦੇਸ਼ ਦੀ ਪ੍ਰਾਪਤੀ ਨਾਲ ਕੋਈ ਸੰਬੰਧ ਨਹੀਂ ਹੈ, ਉਨ੍ਹਾਂ ਦਾ ਚਿੰਤਨ ਫਜ਼ੂਲ ਹੈ। ਬੁੱਧ, ਦਰਸ਼ਨ ਦੀਆਂ ਸਾਰੀਆਂ ਸਮੱਸਿਆਵਾਂ ਬਾਰੇ ਇਹ ਦ੍ਰਿਸ਼ਟੀਕੋਣ ਅਪਣਾਉਂਦਾ ਹੈ। ਇਸ ਲਈ ਤੱਤ-ਵਿਗਿਆਨ ਅਤੇ ਉਸ ਦੇ ਝਗੜੇ ਨਿਰਾਰਥਕ ਹਨ। ਈਸ਼ਵਰ ਹੈ ਕਿ ਨਹੀਂ, ਇਸ ਦਾ ਪ੍ਰਭਾਵ ਮਨੁੱਖ ਦੇ ਨੈਤਿਕ ਜੀਵਨ ਉਤੇ ਨਹੀਂ ਪੈਂਦਾ। ਇਸ ਲਈ ਬੁੱਧ ਨੇ ਤੱਤ-ਵਿਗਿਆਨਿਕ ਸਮੱਸਿਆਵਾਂ ਬਾਰੇ ਚੁੱਪ ਸਾਧ ਲਈ ਜਿਸ ਨੂੰ ਬੁੱਧ ਦੇ ਇਤਿਹਾਸਕਾਰ 'ਚੁੱਪੀ' ਆਖਦੇ ਹਨ। ਜੇ ਕੋਈ ਵਿਅਕਤੀ ਉਸ ਨੂੰ ਪੁੱਛਦਾ ਸੀ ਕਿ ਕੀ ਰੱਬ ਹੈ, ਤਾਂ ਉਹ ਚੁੱਪ ਰਹਿੰਦਾ ਸੀ ਪਰ ਜਦੋਂ ਉਹ ਇਹ ਕਹਿੰਦਾ ਸੀ ਕਿ ਰੱਬ ਨਹੀਂ ਹੈ ਤਾਂ ਉਹ ਫਿਰ ਚੁੱਪ ਰਹਿੰਦਾ ਸੀ ਕਿਉਂਕਿ ਉਹ ਇਨ੍ਹਾਂ ਝਗੜਿਆਂ ਵਿੱਚ ਪੈਣਾ ਨਹੀਂ ਸੀ ਚਾਹੁੰਦਾ। ਬੁੱਧ ਦੇ ਨਿਰਾਤਮਵਾਦ ਦਾ ਕਾਰਣ ਵੀ ਉਸਦੀ ਨੈਤਿਕ ਪਹੁੰਚ ਹੈ। ਨਿੱਤ ਆਤਮਾ ਦਾ ਵਿਸ਼ਵਾਸ ਮਨੁੱਖ ਦੇ ਸੁਆਰਥ ਅਤੇ ਦੁੱਖ ਦਾ ਮੂਲ ਹੈ। ਅਨਿਤਵਾਦ ਇਸੇ ਰਾਹ ਨੂੰ ਬਲ ਦੇਣ ਵਾਲਾ ਅਤੇ ਅੱਠ ਅੰਗਾਂ ਵਾਲੇ ਜੀਵਨ-ਮਾਰਗ ਵੱਲ ਹੈ। ਬੁੱਧ ਦੇ ਨੈਤਿਕ ਦ੍ਰਿਸ਼ਟੀਕੋਣ ਨੂੰ ਭੁਲਾਉਣ ਨਾਲ ਉਸ ਦੇ ਅਨੇਕ ਵਿਚਾਰਾਂ ਦੀ ਵਿਆਖਿਆ ਕਰਨੀ ਕਠਿਨ ਹੋ ਜਾਂਦੀ ਹੈ।

3. ਬੁੱਧਮੱਤ ਇਕ ਪ੍ਰਤੱਖਵਾਦੀ ਸਿੱਧਾਂਤ ਹੈ। ਮਹਾਤਮਾ ਬੁੱਧ ਨੇ ਇਕ ਗੱਲ ਉਤੇ ਬੜਾ ਬਲ ਦਿੱਤਾ ਹੈ ਕਿ ਉਸ ਗੱਲ ਵਿਚ ਕਦੀ ਵੀ ਵਿਸ਼ਵਾਸ ਨ ਕਰੇ ਜਿਹੜੀ ਪ੍ਰਤੱਖ ਉਤੇ ਆਧਾਰਿਤ ਨਹੀਂ ਕਿਉਂਕਿ ਉਹ ਸਮਝਦੇ ਸਨ ਕਿ ਜੇਕਰ ਲੋਕਾਂ ਦਾ ਧਿਆਨ ਕਿਸੇ ਵੀ ਅਦ੍ਰਿਸ਼ਟ ਜਾਂ ਅਲੌਕਿਕ ਸੱਤਾ ਵੱਲ ਲਗਾ ਦਿੱਤਾ ਜਾਵੇ ਤਾਂ ਉਹ ਜੀਵਨ ਦੀ ਵਾਸਤਵਿਕ ਸਮੱਸਿਆ ਨੂੰ ਭੁੱਲ ਜਾਣਗੇ । ਇਸ ਲਈ ਨੈਤਿਕ ਸਮੱਸਿਆ ਵੱਲ ਸਾਰਾ ਧਿਆਨ ਕੇਂਦ੍ਰਿਤ ਕਰਨ ਲਈ ਬੁੱਧ ਨੂੰ ਅਲੌਕਿਕ ਅਤੇ ਅਦ੍ਰਿਸ਼ਟਵਾਦ ਦੀ ਜ਼ੋਰਦਾਰ ਨਿਖੇਧੀ ਕੀਤੀ। ਇਸ ਗੱਲ ਵਿੱਚ ਬੁੱਧਮੱਤ ਚਾਰਵਾਕ ਅਤੇ ਜੈਨਮਤ ਨਾਲ ਮਿਲਦਾ ਹੈ। ਇਹ ਪ੍ਰਕਿਰਤੀਵਾਦ ਦਾ ਹੀ ਇਕ ਰੂਪ ਹੈ। ਬੁੱਧ ਨੇ 'ਸ਼ਬਦ ਨੂੰ ਪ੍ਰਮਾਣ ਨਹੀਂ ਮੰਨਿਆ। ਉਸ ਨੇ ਕੇਵਲ ਦੋ ਪ੍ਰਮਾਣ ਦੱਸੇ ਹਨ, ਉਹ ਹਨ, (1) ਪ੍ਰਤੱਖ ਅਤੇ (2) ਤਰਕ ਜਾਂ ਅਨੁਮਾਨਗਤ ਵਿਚਾਰ ਜਿਹੜਾ ਬੁੱਧੀ ਉਤੇ ਆਧਾਰਿਤ ਹੈ। ਪ੍ਰਤੱਖ ਦੇ ਮੁਕਾਬਲੇ ਵਿੱਚ ਅਨੁਮਾਨ ਪ੍ਰਧਾਨ ਹੈ। ਇਸੇ ਲਈ ਸ਼ਾਇਦ ਇਸ ਵਿਚਾਰਧਾਰਾ ਨੂੰ ਬੁੱਧੀਵਾਦ ਕਹਿਣਾ ਠੀਕ ਹੈ। ਇਨ੍ਹਾਂ ਆਧਾਰਾਂ ਉਤੇ ਬੁੱਧ ਸੁਰਗ-ਨਰਕ, ਈਸ਼ਵਰ ਅਤੇ ਅਦ੍ਰਿਸ਼ਟ ਲੋਕਾਂ ਦੀ ਹੋਂਦ ਦਾ ਖੰਡਨ ਕਰਦਾ ਹੈ। ਇਸੇ ਲਈ ਉਹ ਵੇਦਾਂ ਨੂੰ ਪ੍ਰਮਾਣ ਨਹੀਂ ਮੰਨਦਾ। ਭਾਵੇਂ ਬੁੱਧ ਦੇ ਉਪਦੇਸ਼ਾਂ ਅੰਦਰ ਅਨੇਕ ਵਾਰੀ ਅਲੌਕਿਕ ਲੋਕਾਂ ਜਾਂ ਅਦ੍ਰਿਸ਼ਟ ਪੁਰਖਾਂ ਦਾ ਵਰਣਨ ਆਉਂਦਾ ਹੈ। ਜਦੋਂ ਉਹ ਆਪਣੇ ਸ਼ਿਸ਼ਾਂ ਨੂੰ ਆਖਦਾ ਹੈ ਕਿ ਨਿਸ਼ਚਿਤ ਰੂਪ ਨਾਲ ਮੈਂ ਜਿੰਨਾਂ ਦੱਸਿਆ ਹੈ ਉਸ ਨਾਲੋਂ ਵੱਧ ਜਾਣਦਾ ਹਾਂ, ਪਰ ਉਸ ਨੂੰ ਦੱਸਣ ਦਾ ਕੋਈ ਵਿਸ਼ੇਸ਼ ਲਾਭ ਨਹੀਂ ਹੋਵੇਗਾ। ਕਿਉਂਕਿ ਅਜਿਹਾ ਗਿਆਨ ਜੀਵਨ ਦੇ ਦੁੱਖ ਨਿਵਾਰਣ ਦਾ ਕਾਰਣ ਨਹੀਂ ਬਣਦਾ। ਇਸ ਲਈ ਕੇਵਲ ਉਹ ਗਿਆਨ ਹੀ ਠੀਕ ਹੈ, ਜਿਸ ਨਾਲ ਇੱਛਾ ਦਾ ਸੰਜਮ ਹੈ, ਜਿਸ ਦੇ ਨਾਲ ਗਿਆਨ ਉਪਜਦਾ ਹੈ ਅਤੇ ਨਿਰਵਾਣ ਦਾ ਰਾਹ ਖੁੱਲ੍ਹਦਾ ਹੈ। ਇਹ ਬੁੱਧ ਦੇ ਅਰਥ-ਕਿਰਿਆਵਾਦੀ ਜਾਂ ਵਿਵਹਾਰਿਕ ਦ੍ਰਿਸ਼ਟੀਕੋਣ ਵੀ ਇਸੇ ਗੱਲ ਨੂੰ ਸਿੱਧ ਕਰਦਾ ਹੈ। ਬੁੱਧ ਦਾ ਵਿਵਹਾਰਵਾਦ ਮਨੁੱਖ ਦੀ ਸਮੱਸਿਆ ਅਰਥਾਤ ਦੁੱਖ ਤੱਕ ਹੀ ਸੀਮਿਤ ਹੈ। ਇਸ ਨੂੰ ਅਸੀਂ ਮਾਨਵਵਾਦ ਆਖ ਸਕਦੇ ਹਾਂ। ਮਹਾਤਮਾ ਬੁੱਧ ਦਾ ਦਰਸ਼ਨ ਨਾ ਕੇਵਲ ਪ੍ਰਤੱਖਵਾਦੀ ਹੀ ਹੈ ਸਗੋਂ ਅਰਥ-ਕਿਰਿਆਵਾਦੀ ਅਤੇ ਮਾਨਵਵਾਦੀ ਵੀ ਹੈ।

## 2. ਚਾਰ ਪਵਿੱਤਰ ਸੱਚਾਈਆਂ ਅਤੇ ਦੁੱਖਵਾਦ (Four Noble Truths and Theory of Suffering)

ਗੌਤਮ ਬੁੱਧ ਕਿਸੇ ਦਾਰਸ਼ਨਿਕ ਪ੍ਰਣਾਲੀ ਦਾ ਨੀਂਹ-ਪੱਥਰ ਨਹੀਂ ਰੱਖਣਾ ਚਾਹੁੰਦਾ ਸੀ ਪਰ ਜਿਵੇਂ ਕਿ ਐਫ.ਐਚ.ਬੈਡਲੇ ਨੇ ਆਖਿਆ ਹੈ, ਜਿਹੜਾ ਵਿਅਕਤੀ ਤੱਤ-ਵਿਗਿਆਨ ਦੀ ਨਿਖੇਧੀ ਕਰਦਾ ਹੈ, ਉਹ ਵੀ ਤੱਤ-ਵਿਗਿਆਨੀ ਹੈ, ਉਵੇਂ ਬੁੱਧ ਤੱਤ-ਵਿਗਿਆਨ ਦੇ ਵਾਦ-ਵਿਵਾਦ ਤੋਂ ਕਿਨਾਰਾ ਕਰਕੇ ਕੇਵਲ ਮਨੁੱਖੀ ਜੀਵਨ ਦਾ ਇਕ ਸੱਚਾ ਰਾਹ ਲੱਭਣਾ ਚਾਹੁੰਦਾ ਸੀ ਅਤੇ ਆਪਣਾ ਸੰਬੰਧ ਕੇਵਲ ਨੈਤਿਕ ਸਮੱਸਿਆ ਤੱਕ ਹੀ ਸੀਮਿਤ ਰੱਖਣਾ ਚਾਹੁੰਦਾ ਸੀ ਇਸ ਸੰਬੰਧ ਵਿੱਚ ਉਸ ਨੇ ਲੋਕਾਂ ਨੂੰ ਚਾਰ ਮਹਾਨ ਸੱਚਾਈਆਂ ਨੂੰ ਗ੍ਰਹਿਣ ਕਰਨ ਲਈ ਕਿਹਾ। ਇਹ ਚਾਰ ਸੱਚਾਈਆਂ ਆਪਣੇ ਆਪ ਵਿੱਚ ਇਕ ਜੀਵਨ-ਦਰਸ਼ਨ ਹਨ। ਚਾਰ ਸਚਾਈਆਂ, ਉਹ ਗਿਆਨ ਹੈ ਜਿਹੜਾ ਬੁੱਧਮਤ ਦੀ ਵੱਖਰੀ ਦੇਣ ਹੈ ਅਤੇ ਜਿਹੜਾ ਬੁੱਧ ਨੂੰ ਬੋਧੀ-ਬ੍ਰਿਛ ਦੇ ਹੇਠ ਪ੍ਰਗਟ ਹੋਇਆ ਹੈ। ਇਨ੍ਹਾਂ ਨੂੰ ''ਚਾਰ ਆਰਯਸੱਤ'' ਵੀ ਆਖਿਆ ਜਾਂਦਾ ਹੈ। ਇਹ ਚਾਰ ਸੱਚਾਈਆਂ ਇੰਜ ਹਨ :

(1) ਜੀਵਨ ਵਿੱਚ ਦੁੱਖ ਹੈ (ਦੁੱਖਵਾਦ)

(2) ਇਸ ਦਾ ਕੋਈ ਕਾਰਣ ਅਵੱਸ਼ ਹੈ (ਕਾਰਣਤਾਵਾਦ)

(3) ਕਾਰਣ ਦਾ ਨਿਰੋਧ ਸੰਭਵ ਹੈ। ਦੁੱਖ ਦਾ ਨਿਵਾਰਨ ਹੋ ਸਕਦਾ ਹੈ (ਦੁੱਖ-ਨਿਰੋਧ)

(4) ਦੁੱਖ-ਨਿਰੋਧ ਦਾ ਇਕ ਮਾਰਗ ਹੈ (ਅਸ਼ਟਾਂਗ ਮਾਰਗ)

ਇਨ੍ਹਾਂ ਨੂੰ ਸੰਖੇਪ ਵਿੱਚ ''ਦੁੱਖ-ਹੇਤੂ-ਨਿਰੋਧ-ਮਾਰਗ'' ਵੀ ਆਖਦੇ ਹਨ। ਇਹ ਬੁੱਧ-ਧਰਮ ਦੇ ਵਿਸ਼ਵਾਸ਼ ਦਾ ਆਧਾਰ ਹੈ। ਦੁੱਖਵਾਦ ਬੁੱਧਮਤ ਅਨੁਸਾਰ ਜੀਵਨ ਦੀ ਪਹਿਲੀ ਅਤੇ ਨਿਸ਼ਚਿਤ ਸਚਾਈ ਹੈ। ਇਹ ਇਕ ਤੱਥ ਹੈ ਕਿ ਜੀਵਨ ਵਿੱਚ ਦੁੱਖ ਹੈ। ਇਸ ਤੋਂ ਕੋਈ ਵਿਅਕਤੀ ਇਨਕਾਰ ਨਹੀਂ ਕਰ ਸਕਦਾ, ਇਸ ਸਚਾਈ ਨੂੰ ਬੁੱਧ ਨੇ ਖੁਦ ਅਨੁਭਵ ਕੀਤਾ ਸੀ। ਉਸ ਨੇ ਵੇਖਿਆ ਕਿ ਸਰੀਰ ਦੇ ਨਾਲ ਰੋਗ ਦਾ ਮਹਾਨ ਦੁੱਖ ਜੁੜਿਆ ਹੈ। ਫਿਰ ਬੁਢਾਪੇ ਅਤੇ ਮੌਤ ਦੀਆਂ ਦੋ ਸ਼ਰਤਾਂ ਜੀਵਨ ਦੇ ਅਵੱਸ਼ਕ ਅੰਗ ਹਨ ਜਿਨ੍ਹਾਂ ਤੋਂ ਕੋਈ ਵੀ ਬੱਚ ਨਹੀਂ ਸਕਦਾ। ਇਸ ਤੋਂ ਛੁੱਟ ਹੋਰ ਅਨੇਕ ਦੁੱਖ ਹਨ ਜਿਨ੍ਹਾਂ ਨੂੰ ਮਨੁੱਖ ਭੋਗਦਾ ਹੈ, ਉਦਾਹਰਣ ਲਈ ਭੁੱਖ-ਨੰਗ, ਵਿਛੋਹ, ਅਸੰਤੋਸ਼, ਲੋਭ, ਕਮੀਨਗੀ, ਸੁਆਰਥ, ਵੈਰ-ਵਿਰੋਧ, ਰਾਗ-ਦਵੈਸ਼ ਅਤੇ ਨਫਰਤ ਤੋਂ ਅਨੇਕ ਦੁੱਖ ਉਪਜਦੇ ਹਨ। ਇਨ੍ਹਾਂ ਵਿੱਚ ਅਸੀਂ ਪਸ਼ੂਆਂ ਦਾ ਮੋਨ ਦੁੱਖ ਗਿਣਨਾ ਵੀ ਭੁਲ ਜਾਂਦੇ ਹਨ। ਦੁੱਖ ਤਾਂ ਜੀਵਨ ਦਾ ਆਵੱਸ਼ਕ ਅੰਗ ਹੈ। ਇਹ ਹਰੇਕ ਸੰਵੇਦਨਾ, ਅਨੁਭਵ ਅਤੇ ਕਾਰਜ ਨਾਲ ਜੁੜਿਆ ਹੈ। ਇਹ ਮਨੁੱਖੀ ਇੱਛਾ ਦਾ ਇਕ ਆਵੱਸ਼ਕ ਤਾਰਕਿਕ ਪਰਿਣਾਮ ਹੈ। ਇੱਛਾ ਉਸ ਵੇਲੇ ਪੈਦਾ ਹੁੰਦੀ ਹੈ ਜਦੋਂ ਜੀਵਨ ਦੀਆਂ ਪਰਿਸਥਿਤੀਆਂ ਸੰਤੋਖਜਨਕ ਨਹੀਂ ਹੁੰਦੀਆਂ, ਪਰ ਇੱਛਾ ਜੀਵਨ ਦੇ ਨਾਲ ਨਾਲ ਚੱਲਦੀ ਹੈ ਅਤੇ ਇਹ ਮਰਦੇ ਦਮ ਤੱਕ ਰਹਿੰਦੀ ਹੈ। ਇਸ ਲਈ ਜੀਵਨ ਵਿੱਚ ਦੁੱਖ ਜਾਂ ਅਸੰਤੋਖ ਹੋਣਾ ਜ਼ਰੂਰੀ ਹੈ। ਬੁੱਧ ਤਾਂ ਇਹ ਕਹਿੰਦਾ ਹੈ ਕਿ ਦੁੱਖ ਮਰਨ ਨਾਲ ਸਮਾਪਤ ਨਹੀਂ ਹੋ ਜਾਂਦਾ, ਕਿਉਂਕਿ ਮੌਤ ਜੀਵਨ ਦਾ ਅੰਤ ਨਹੀਂ, ਇਹ ਤਾਂ ਕੇਵਲ ਇਕ ਕਹਾਣੀ ਦਾ ਖਾਤਮਾ ਹੈ। ਪਹਿਲੇ ਜੀਵਨ ਦੀ ਸੁਆਹ ਵਿੱਚ ਨਵੇਂ ਜੀਵਨ ਦੇ ਅਗਨੀ-ਕਣ ਦੱਬੇ ਹੁੰਦੇ ਹਨ, ਜਦੋਂ ਪੁਰਾਣੇ ਸੰਸਕਾਰ ਨਵੇਂ ਜੀਵਨ ਦਾ ਰੂਪ ਧਾਰਨ ਕਰਦੇ ਹਨ, ਉਦੋਂ ਦੁੱਖ ਭੋਗਣ ਦੀ ਹੋਰ ਥਾਂ ਬਣਦੀ ਹੈ। ਇਸ ਤਰ੍ਹਾਂ ਜਨਮ-ਮਰਨ (ਆਵਾਗੌਣ) ਦਾ ਚੱਕਰ ਚਲਦਾ ਰਹਿੰਦਾ ਹੈ ਅਤੇ ਜਿਸ ਤੋਂ ਕੋਈ ਛੁਟਕਾਰਾ ਨਜ਼ਰ ਨਹੀਂ ਆਉਂਦਾ। ਭਵ-ਚੱਕਰ ਹੀ ਦੁੱਖ ਦਾ ਦੂਜਾ ਨਾਂ ਹੈ।

ਬੁੱਧ ਨੇ ਜੀਵਨ ਨੂੰ ਦੁੱਖ ਦੀ ਇਕ ਲੰਮੀ ਯਾਤਰਾ ਦੱਸਿਆ ਹੈ। ਇਸ ਲਈ ਕੁਝ ਵਿਦਵਾਨ ਉਸ ਦੇ ਦੁੱਖਵਾਦ ਨੂੰ ਆਧਾਰ ਮੰਨ ਕੇ ਉਸ ਦੇ ਜੀਵਨ-ਦਰਸ਼ਨ ਨੂੰ ਨਿਰਾਸ਼ਾਵਾਦੀ ਸਿੱਧ ਕਰਦੇ ਹਨ। ਸ਼ਾਇਦ ਨਿਤਸ਼ੇ ਦੇ ਮਨ ਵਿੱਚ ਬੁੱਧ ਦਾ ਦੁੱਖਵਾਦ ਹੀ ਸੀ ਅਤੇ ਉਸ ਨੇ ਇਸ ਨੂੰ ਨਿਸ਼ਾਨਾ ਬਣਾ ਕੇ ਕਿਹਾ ਹੈ ਕਿ ਕੋਈ ਇਕ ਰੋਗੀ ਬੁੱਢੇ ਅਤੇ ਮਰੇ ਹੋਏ ਵਿਅਕਤੀ ਨੂੰ ਵੇਖ ਕੇ ਘੋਸ਼ਨਾ ਕਰ ਦੇਂਦਾ ਹੈ ਕਿ ਜੀਵਨ ਵਿੱਚ ਦੁੱਖ ਹੀ ਦੁੱਖ ਹੈ। ਇਸ ਕਥਨ ਨਾਲ ਨਿਤਸ਼ੇ ਬੁੱਧ ਦੇ ਦੁੱਖਵਾਦ ਨੂੰ ਵਰਜਿਤ, ਸਮਾਨਵੀਕਰਣ ਦੇ ਦੋਸ਼ ਦੇ ਆਧਾਰ ਉਤੇ ਤਾਰਕਿਕ ਰੂਪ ਨਾਲ ਇਕ ਅਸ਼ੁੱਧ ਦਲੀਲ ਸਿੱਧ ਕਰਨਾ ਚਾਹੁੰਦਾ ਹੈ। ਪਰ ਨਿਤਸ਼ੇ ਜੀਵਨ ਨੂੰ ਉਨੀ ਡੂੰਘਿਆਈ ਨਾਲ ਨਹੀਂ ਨਾਪਦਾ ਜਿੰਨੀ ਨਾਲ ਮਹਾਤਮਾ ਬੁੱਧ ਗੱਲ ਕਰਦਾ ਹੈ। ਇਸ ਵਿੱਚ ਸੰਦੇਹ ਨਹੀਂ ਹੈ ਕਿ ਜੀਵਨ ਵਿਚ ਦੁੱਖ ਨਾਲ ਸੁੱਖ ਵੀ ਹੈ। ਬੁੱਧ ਕਹੇਗਾ ਕਿ ਇਹ ਸੁੱਖ ਸ਼ੁੱਧ ਨਹੀਂ। ਇਸ ਵਿਚ ਦੁੱਖ ਦੀ ਮਿਲਾਵਟ ਹੈ, ਇਹ ਸੰਸਾਰਿਕ ਸੁੱਖ-ਦੁੱਖ ਤੋਂ ਉਪਜਦਾ ਹੈ ਅਤੇ ਦੁੱਖ ਅੰਦਰ ਹੀ ਇਸ ਦਾ ਖ਼ਾਤਮਾ ਹੁੰਦਾ ਹੈ ਅਰਥਾਤ ਇਸ ਦਾ ਪਰਿਣਾਮ ਵੀ ਦੁੱਖ ਹੀ ਹੈ। ਪਰ ਇਸ ਹਾਲਤ ਅੰਦਰ ਜੀਵਨ ਨੂੰ ਨਿਰਾਸ਼ਾਵਾਦੀ ਆਖਣਾ ਨਜਾਇਜ਼ ਹੈ, ਜਦੋਂ ਤੱਕ ਸੁੱਖ ਦੁੱਖ ਤੋਂ ਵੱਧ ਨ ਹੋਵੇ। ਇਹ ਤਾਂ ਜੀਵਨ ਦਾ ਇਕ ਦ੍ਰਿਸ਼ਟੀਕੋਣ ਹੈ ਜਿਸ ਅਨੁਸਾਰ ਅਸੀਂ ਜੀਵਨ ਦੇ ਪ੍ਰਕਾਸ਼ਿਤ ਪਹਿਲੂ ਨੂੰ ਛੱਡ ਕੇ ਉਸ ਦੇ ਅੰਧੇਰੇ ਪੱਖ ਨੂੰ ਲੈਂਦੇ ਹਾਂ। ਬੁੱਧ ਕਹਿੰਦਾ ਹੈ ਕਿ ਜੀਵਨ ਦਾ ਦੁੱਖ ਤਾਂ ਤੱਥਾਂ ਉਤੇ ਪ੍ਰਮਾਣਿਤ ਇਕ ਠੋਸ ਸਚਾਈ ਹੈ, ਪਰ ਨਿਰਾਸ਼ਾਵਾਦ ਦੀ ਇਕ ਗਲਤ ਪਰਿਭਾਸ਼ਾ ਅਨੁਸਾਰ ਹੀ ਬੁੱਧ ਦੇ ਜੀਵਨ-ਦਰਸ਼ਨ ਨੂੰ ਦੁੱਖ ਹੈ ਅਤੇ ਇਸ ਦੁੱਖ ਤੋਂ ਕੋਈ ਬਚਾ ਨਹੀਂ ਹੋ ਸਕਦਾ ਅਰਥਾਤ ਇਸ ਦਾ ਨਿਵਾਰਣ ਅਸੰਭਵ ਹੈ। ਮਨੁੱਖ ਲਈ ਕੋਈ ਆਸ਼ਾ ਨਹੀਂ ਹੈ ਪਰ ਮਹਾਤਮਾ ਬੁੱਧ ਇਸ ਤੋਂ ਵਿਪਰੀਤ ਇਹ ਕਹਿੰਦਾ ਹੈ ਕਿ ਇਸ ਵਿੱਚ ਕੋਈ ਸ਼ਕ ਨਹੀਂ ਕਿ ਜੀਵਨ ਵਿੱਚ ਦੁੱਖ ਹੈ ਪਰ ਇਸ ਦੁੱਖ ਦਾ ਨਿਰੋਧ ਸੰਭਵ ਹੈ ਅਤੇ ਇਸ ਲਈ ਉਹ ਇਕ ਨਿਸ਼ਚਿਤ ਮਾਰਗ ਦੱਸਦਾ ਹੈ। ਇਸ ਲਈ ਬੁੱਧ-ਦਰਸ਼ਨ ਦੁਖੀ ਮਨੁੱਖ ਲਈ ਇਕ ਆਸ ਦਾ ਚਾਨਣ ਮੁਨਾਰਾ ਬਣਦਾ ਹੈ, ਇਸ ਨੂੰ ਨਿਰਾਸ਼ਾਵਾਦੀ ਕਿਵੇਂ ਸਿੱਧ ਕੀਤਾ ਜਾ ਸਕਦਾ ਹੈ। ਇਹ ਨਿਰਾਸ਼ਾਵਾਦੀ ਉਸ ਸਮੇਂ ਹੁੰਦਾ ਹੈ। ਜਦੋਂ ਅਸੀਂ ਚਾਰ ਸਚਾਈਆਂ ਨੂੰ ਅੱਡ ਅੱਡ ਵੇਖਦੇ ਹਾਂ ਅਤੇ ਪਹਿਲੀ ਸਚਾਈ ਨੂੰ ਅਰਥਾਤ ਦੁੱਖਵਾਦ ਨੂੰ ਮਾਰਗ ਤੋਂ ਵੱਖ ਕਰਕੇ ਸਮਝਦੇ ਹਾਂ।

ਪ੍ਰੋ: ਸ਼ੰਚਰਬਾਤਸਕੀ ਆਪਣੇ ਮਾਨੋਗ੍ਰਾਫ, ''ਦੀ ਸੈਂਟ੍ਰਲ ਕਾਂਸਪੈਸ਼ਨ ਆਫ ਬੁੱਧਇਜ਼ਮ'' ਵਿੱਚ ਦੁੱਖ ਦਾ ਅਰਥ ਮੌਲਿਕ ਤੱਤਾਂ ਨਾਲ ਹਿਲਜੁਲ ਜਾਂ ਉਨ੍ਹਾਂ ਦੀ ਗਤੀਸ਼ੀਲਤਾ ਦਸਦਾ ਹੈ। ਧਰਮ ਨੂੰ ਹੀ ਉਹ ਬੁੱਧਮਤ ਦੇ ਅਨੁਸਾਰ ਮੌਲਿਕ ਤੱਤ ਸਿੱਧ ਕਰਦਾ ਹੈ। ਇਹ ਧਰਮ ਇਕ ਖ਼ਲਲ ਦੀ ਅਵਸਥਾ ਵਿੱਚ ਹੁੰਦੇ ਹਨ ਜਿਸ ਤੋਂ ਹੀ ਜੀਵਨ ਅਤੇ ਜਨਮ-ਮਰਨ ਦਾ ਭਵ-ਚੱਕਰ ਉਤਪੰਨ ਹੁੰਦਾ ਹੈ, ਪਰ ਗਿਅਨ ਦੀ ਪਹੁ ਫੁਟਣ ਉਤੇ ਧਰਮਾਂ ਦਾ ਇਹ ਖਲਲ ਸਮਾਪਤ ਹੋ ਜਾਂਦਾ ਹੈ ਉਸ ਸਮੇਂ ਸੱਚੀ ਸ਼ਾਂਤੀ ਉਤਪੰਨ ਹੁੰਦੀ ਹੈ ਜਿਸ ਨੂੰ ਉਹ ਨਿਰਵਾਣ ਦੀ ਅਵੱਸਥਾ ਆਖਦਾ ਹੈ। ਸ਼ੈਂਚਰਬਾਤਸੀਕ ''ਦੁੱਖ'' ਸ਼ਬਦ ਦੇ ਸਾਧਾਰਣ ਅਰਥ ਦੀ ਜ਼ੋਰਦਾਰ ਨਿਖੇਧੀ ਕਰਦਾ ਹੈ।

## 3. ਅਨਿਤਵਾਦ (ਖਿਣਿਕਾਵਾਦ) ਅਤੇ ਪ੍ਰਤੀਤਿਯਸਮੁਤਪਾਦ (Theories of im-permanence (momentariness) and Dependent Origination)

ਬੁੱਧਮੱਤ ਦੀ ਦੂਜੀ ਸਚਾਈ ਦਾ ਸੰਕੇਤ ਉਸਦੇ ਕਾਰਣਤਾਂਵਾਦ ਵੱਲ ਹੈ। ਬੁੱਧ ਦੁੱਖ ਦੇ ਬਾਰੇ ਵਿਗਿਆਨਿਕ ਢੰਗ ਨਾਲ ਸੋਚਦਾ ਹੈ ਕਿ ਉਸ ਦਾ ਕੋਈ ਨ ਕੋਈ ਕਾਰਣ ਅਵੱਸ਼ ਹੋਣਾ ਚਾਹੀਦਾ ਹੈ ਕਿਉਂਕਿ ਹਰੇਕ ਘਟਨਾ ਜਾਂ ਸ਼ੈਅ ਦਾ ਕਾਰਣ ਹੁੰਦਾ ਹੈ। ਇਹ ਨਹੀਂ ਹੋ ਸਕਦਾ ਕਿ ਘਟਨਾ ਦਾ ਕੋਈ ਵੀ ਕਾਰਣ ਨਾ ਹੋਵੇ। ਕਾਰਣਹੀਣਤਾ ਦਾ ਕੋਈ ਅਰਥ ਨਹੀਂ ਹੋ ਸਕਦਾ। ਹਰ ਘਟਨਾ ਦਾ ਸੰਬੰਧ ਕਿਸੇ ਅਜਿਹੀ ਪੂਰਵਵਰਤੀ ਘਟਨਾ ਜਾਂ ਪਰਿਸਥਿਤੀਆਂ ਨਾਲ ਹੁੰਦਾ ਹੈ ਜਿਨ੍ਹਾਂ ਦੇ ਹੋਣ ਨਾਲ ਇਹ ਹੁੰਦੀ ਹੈ ਅਤੇ ਜਿਨ੍ਹਾਂ ਦੇ ਨ ਹੋਣ ਨਾਲ ਇਹ ਨਹੀਂ ਹੁੰਦੀ। ਹੁਣ ਜੀਵਨ ਦਾ ਦੁੱਖ ਵੀ ਇਕ ਘਟਨਾ ਹੈ, ਇਸ ਲਈ ਇਸ ਦਾ ਕਾਰਣ ਅਵੱਸ਼ ਹੋਣਾ ਚਾਹੀਦਾ ਹੈ ਕਿਉਂਕਿ ਬਿਨਾਂ ਕਾਰਣ ਦੇ ਪਰਿਣਾਮ ਸੰਭਵ ਨਹੀਂ। ਮਹਾਤਮਾ ਬੁੱਧ ਦੁੱਖ ਦੇ ਕਾਰਣ ਦੀ ਭਾਲ ਕਰਦਾ ਹੋਇਆ ਕਾਰਣਤਾਵਾਦ ਦੇ ਸਿੱਧਾਂਤ ਉਤੇ ਪਹੁੰਚਦਾ ਹੈ, ਜਿਹੜਾ ਉਸ ਦੇ ਤੱਤ-ਵਿਗਿਆਨ ਦਾ ਇਕ ਮਹੱਤਵਪੂਰਣ ਆਧਾਰ ਬਣ ਜਾਂਦਾ ਹੈ। ਇਹ ਕਾਰਣਤਾਵਾਦ ਅੱਗੇ ਦੇ ਸਿਧਾਂਤਾਂ ਉਤੇ ਨਿਰਭਰ ਹੈ। ਇਹ ਹਨ : (1) ਅਨਿਤਵਾਦ ਜਿਸ ਨੂੰ ਖਿਣਿਕਵਾਦ ਵੀ ਆਖਦੇ ਹਨ ਅਤੇ (2) ਸਾਪੇਖ ਅਤੇ ਸ਼ਰਤਬੱਧ ਉਤਪਤੀ ਦਾ ਨਿਯਮ ਜਿਸ ਨੂੰ 'ਪ੍ਰਤੀਤਿਯਸਮਤਪਾਦ' ਵੀ ਆਖਦੇ ਹਨ। ਇਨ੍ਹਾਂ ਦੀ ਵਿਸਤਾਰਪੂਰਵਕ ਵਿਆਖਿਆ ਦੇਣੀ ਆਵੱਸ਼ਕ ਹੈ।

ਬੁੱਧ ਦੇ ਕਾਰਣਤਾਵਾਦ ਨੂੰ ਸਮਝਣ ਲਈ ਉਸ ਦੇ ਅਨਿੱਤਵਾਦ ਨੂੰ ਜਾਣਨ ਦੀ ਲੋੜ ਹੈ, ਜਿਸ ਦੇ ਅਨੁਸਾਰ ਕੋਈ ਵੀ ਸੱਤਾ ਨਿੱਤ ਨਹੀਂ, ਸਭ ਕੁਝ ਅਨਿੱਤ ਹੈ। ਅਨਿੱਤ ਦਾ ਅਰਥ ਪਰਿਵਰਤਨਸ਼ੀਲ ਹੈ। ਮਹਾਤਮਾ ਬੁੱਧ ਨੇ ਉਪਨਿਸ਼ਦ-ਦਰਸ਼ਨ ਦੇ ਬ੍ਰਹਮਵਾਦ ਦੀ ਨਿਖੇਧੀ ਕਰਨ ਦਾ ਯਤਨ ਕੀਤਾ ਹੈ। ਉਪਨਿਸ਼ਦ ਆਤਮਾ ਜਾਂ ਬ੍ਰਹਮ ਦੀ ਨਿਤ ਸੱਤਾ ਨੂੰ ਮੰਨਦੇ ਹਨ ਪਰ ਬੁੱਧ ਨੇ ਇਸ ਨੂੰ ਉਲਟਾ ਕਰਕੇ ਅਨਿਤ ਸੱਤਾ ਦੇ ਸਿਧਾਂਤ ਦਾ ਉਪਦੇਸ਼ ਦਿੱਤਾ ਹੈ। ਸੰਸਾਰ, ਸੱਤਾ ਅਤੇ ਆਤਮਾ ਸਾਰੀਆਂ ਵਸਤੂਆਂ ਅਨਿਤ ਹਨ, ਪਰਿਵਰਤਨਸ਼ੀਲ ਹਨ, ਕੇਵਲ ਪਰਿਵਰਤਨ ਹੀ ਅੰਤਿਮ ਸਚਾਈ ਹੈ। ਬੁੱਧ ਪਰਿਵਰਤਨ ਦੇ ਸਿਧਾਂਤ ਨੂੰ ਮੱਧ-ਮਾਰਗ ਜਾਂ ਵਿਚਕਾਰਲੀ ਸਚਾਈ ਆਖਦਾ ਹੈ। ਸਤ ਅਤੇ ਅਸਤ ਦੋ ਪਰਸਪਰ ਵਿਰੋਧੀ ਸਿਧਾਂਤ ਹਨ। ਸਤ ਦੇ ਅਨੁਸਾਰ ਸਭ ਕੁਝ ਹੈ ਅਸੱਤ ਦੇ ਅਨੁਸਾਰ ਕੁਝ ਵੀ ਨਹੀਂ। ਬੁੱਧ ਕਹਿੰਦਾ ਹੈ ਕਿ ਇਹ ਅਤਿਵਾਦੀ ਸਿੱਧਾਂਤ ਹਨ ਅਤੇ ਇਸ ਲਈ ਗਲਤ ਹਨ। ਸਚਾਈ ਇਨ੍ਹਾਂ ਦੇ ਵਿਚਕਾਰ ਹੈ। ਕੇਵਲ ਲਗਾਤਾਰ ਪਰਿਵਰਤਨ ਹੀ ਸਚਾਈ ਹੈ। ਇਹ ਅਨਿਤਵਾਦ ਦੋਹਾਂ ਅਤਿਵਾਦੀ ਦਰਸ਼ਨਾਂ ਦਾ ਸੰਸਲੇਸ਼ਣ ਹੈ। ਇਹ ਗੱਲ ਸੰਭਵ ਹੈ ਕਿ ਮਹਾਤਮਾ ਬੁੱਧ ਦੇ ਸਮੇਂ ਸਤ ਅਤੇ ਅਸਤ ਦੀਆਂ ਦੋ ਵਿਰੋਧੀ ਪਰੰਪਰਾਵਾਂ ਮੌਜੂਦ ਹੋਣ ਅਤੇ ਉਸ ਨੇ ਉਨ੍ਹਾਂ ਨੂੰ ਮਿਲਾਉਣ ਦਾ ਯਤਨ ਕੀਤਾ ਹੋਵੇ। ''ਸੱਤ''-''ਅਸੱਤ'' ਦਾ ਵਿਚਾਰ ਬਾਅਦ ਦੇ ਵੇਦਾਂਤਿਕ ਦਰਸ਼ਨ ਦੇ ਵਿੱਚ ਬੜਾ ਹੀ ਮਹੱਤਵਪੂਰਨ ਬਣ ਗਿਆ।

ਅਨਿਤਵਾਦ ਅਨੁਸਾਰ ਕੋਈ ਸਚਾਈ ਵਸਤੂ ਜਾਂ ਸੱਤਾ ਨਹੀਂ। ਹਰ ਵਸਤੂ ਇਕ ਘਟਨਾ ਜਾਂ ਪ੍ਰਕਿਰਿਆ ਹੈ, ਜਿਸ ਦਾ ਪਰਿਵਰਤਨਸ਼ੀਲ ਸਰੂਪ ਨਿਸ਼ਚਿਤ ਹੈ। ਜਗਤ ਅਨਿਤ ਹੈ ਵਸਤੂਆਂ ਅਨਿਤ ਹਨ। ਦੋਵੇਂ ਭੌਤਿਕ ਅਤੇ ਮਾਨਸਿਕ ਅਵਸਥਾਵਾਂ ਅਨਿਤ ਹਨ। ਪਰਿਵਰਤਨ ਹੀ ਸਚਾਈ ਦਾ ਇਕ ਮਾਰਗ ਨਿਯਮ ਹੈ। ਜਗਤ ਪਰਿਵਰਤਨ ਦੀ ਇਕ ਅਟੁੱਟ ਧਾਰਾ ਹੈ, ਜਿਹੜੀ ਨਦੀ ਦੇ ਵਗਦੇ ਪਾਣੀ ਦੀ ਤਰ੍ਹਾਂ ਸਦਾ ਚੱਲਦੀ ਆਈ ਹੈ। ਪਰਿਵਰਤਨ ਅਨਾਦਿ ਹੈ, ਪਰਿਵਰਤਨ ਅਨੰਤ ਹੈ। ਬੁੱਧ ਦੇ ਅਨਿਤਵਾਦ ਦੀ ਤੁਲਨਾ ਯੂਨਾਨੀ ਦਾਰਸ਼ਨਿਕ ਹੀਰਾਕਲਾਈਟਸ ਅਤੇ ਆਧੁਨਿਕ ਲੇਖਕ ਹੰਨਰੀ ਬਰਗਰਸਾ ਦੇ ਸਿਧਾਂਤਾਂ ਨਾਲ ਕੀਤੀ ਜਾ ਸਕਦੀ ਹੈ। ਹੀਰਾਕਲਾਈਟਸ ਕਹਿੰਦਾ ਹੈ ਕਿ ਜਿਵੇਂ ਅਸੀਂ ਨਦੀ ਦੇ ਵਗਦੇ ਪਾਣੀ ਅੰਦਰ ਉਸੇ ਤਰ੍ਹਾਂ ਪੈਰ ਨਹੀਂ ਪਾ ਸਕਦੇ, ਉਵੇਂ ਕੋਈ ਵੀ ਵਸਤੂ ਸਾਮਾਨ ਨਹੀਂ ਹੋ ਸਕਦੀ। ਬਰਗਸਾਂ-ਪਰਿਵਰਤਨ ਦੀ ਇਕ ਕਿਰਿਆ ਹੈ, ਜਿਹੜੀ ਕੇਵਲ ਪਲ ਭਰ ਲਈ ਰਹਿੰਦੀ ਹੈ। ਬੁੱਧਮਤ ਅਨੁਸਾਰ ਸਾਰਾ ਪਰਿਵਰਤਨ ਤਿੰਨ ਪਲਾਂ ਵਿਚ ਸਮਾਪਤ ਹੁੰਦਾ ਹੈ। ਪਹਿਲੇ ਪਲ ਵਿੱਚ ਕਿਸੇ ਵਸਤੂ ਦੀ ਉਤਪੱਤੀ ਹੁੰਦੀ ਹੈ। ਦੂਜੇ ਪਲ ਵਿਚ ਉਹ ਰਹਿੰਦੀ ਹੈ ਅਤੇ ਤੀਜੇ ਪਲ ਉਹ ਨਾਸ਼ ਹੋ ਜਾਂਦੀ ਹੈ। ਅਸੀਂ ਉਸ ਨੂੰ ਕੇਵਲ ਵਿਚਕਾਰਲੀ ਸਥਿਤੀ ਵਿੱਚ ਹੀ ਵੇਖ ਸਕਦੇ ਹਾਂ। ਹੁਣ ਜੇਕਰ ਨਿਰੀਖਣ ਦੀ ਕਾਰਵਾਈ ਨੂੰ ਲਿਆ ਜਾਵੇ ਤਾਂ ਇਸ ਕਾਰਣ ਵੀ ਹਰੇਕ ਵਸਤੂ ਹੋਰ ਦੀ ਹੋਰ ਹੋ ਜਾਣੀ ਚਾਹੀਦੀ ਹੈ, ਕਿਉਂਕਿ ਸਾਡਾ ਮਨ, ਚਿੱਤ, ਗਿਆਨ-ਇੰਦਰੀਆਂ ਆਦਿ ਵੀ ਹਰ ਪਲ ਬਦਲ ਜਾਂਦੀਆਂ ਹਨ। ਇਸ ਲਈ ਬਦਲੀਆਂ ਹੋਈਆਂ ਪਰਿਸਥਿਤੀਆਂ ਅਧੀਨ ਵਸਤੂ ਦਾ ਬਦਲ ਜਾਣਾ ਲਾਜ਼ਮੀ ਹੈ। ਖਿਣਿਕ ਦਾ ਇਕ ਅਰਥ ਇਹ ਵੀ ਹੋ ਸਕਦਾ ਹੈ ਕਿ ਹਰੇਕ ਵਸਤੂ ਨਾਸ਼ਵਾਨ ਹੈ। ਧਨ, ਮਾਲ, ਨਾਂ, ਪਰਿਵਾਰਿਕ ਸੰਬੰਧ, ਸਭ ਕੁਝ ਨਸ਼ਟ ਹੋਣ ਵਾਲੇ ਹਨ। ਹਰ ਵਸਤੂ, ਜੀਵਨ, ਆਤਮਾ ਅਨੇਕ ਧਰਮਾਂ ਦੇ ਸੰਗਠਨ ਤੋਂ ਬਣਦੀਆਂ ਹਨ ਜਿਨ੍ਹਾਂ ਦੇ ਵਿਘਟਨ ਉਤੇ ਉਹ ਨਸ਼ਟ ਹੋ ਜਾਂਣਗੀਆਂ। ਹਰ ਵਸਤੂ ਲਗਾਤਾਰ ਪਰਿਵਰਤਨ ਦੀ ਉਪਜ ਹੈ। ਕੇਵਲ ਪਰਿਵਰਤਨ ਹੀ ਨਿਤ, ਅਨਾਦਿ ਅਤੇ ਅਨੰਤ ਹੈ। ਬਾਕੀ ਸਭ ਕੁਝ ਅਨਿਤ,

ਪਰਿਵਰਤਨਸ਼ੀਲ, ਖਿਣਿਕ, ਨਾਸ਼ਵਾਨ ਅਤੇ ਵਿਘਟਨਸ਼ੀਲ ਹੈ।

ਦੂਜਾ ਸਿਧਾਂਤ ''ਪ੍ਰਤੀਤਯਸਮਦਪਾਦ'' ਅਰਥਾਤ ਸ਼ਰਤਬੱਧ ਉਤਪੱਤੀ ਦਾ ਸਿੱਧਾਂਤ ਹੈ, ਜਿਹੜਾ ਬੁੱਧਮਤ ਦੇ ਕਾਰਣਤਾਵਾਦ ਦੀ ਦੂਜੀ ਕੜੀ ਹੈ ਕਿਉਂਕਿ ਜੇਕਰ ਜਗਤ ਅਤੇ ਸਾਰੀਆਂ ਵਸਤੂਆਂ ਪਰਿਵਰਤਨਸ਼ੀਲ ਹਨ। ਇਹ ਪਰਿਵਰਤਨ ਕਿਸੇ ਨਿਯਮ ਦੇ ਅਨੁਸਾਰ ਹੋਣਾ ਚਾਹੀਦਾ ਹੈ। ਇਹ ਪਰਿਵਰਤਨ ਅੱਚਣਚੇਤ ਨਹੀਂ, ਸਗੋਂ ਇਕ ਨਿਸ਼ਚਿਤ ਨਿਯਮ ਦੇ ਅਧੀਨ ਹੁੰਦਾ ਹੈ। ਇਸ ਲਈ ਬੁਧਮਤ ਅਚਣਚੇਤਵਾਦ ਅਤੇ ਸੁਭਾਅਵਾਦ ਦੇ ਵਿਰੁੱਧ ਹੈ, ਜਿਸ ਦਾ ਪ੍ਰਚਾਰ ਚਾਰਵਾਕ ਕਰਦੇ ਹਨ। ਨਾ ਹੀ ਇਹ ਕਿਸਮਤਵਾਦ ਜਾਂ ਨਿਯਤੀਵਾਦ ਵਿੱਚ ਵਿਸ਼ਵਾਸ਼ ਰੱਖਦਾ ਹੈ। ਕਿਸਮਤ ਜਾਂ ਰੱਬ ਨਾਂ ਦੀ ਕੋਈ ਬਾਹਰੀ ਸ਼ਕਤੀ ਮਨੁੱਖ ਦੇ ਸੁਭ ਅਤੇ ਅਸੁਭ ਕਰਮਾਂ ਦਾ ਕਾਰਨ ਨਹੀਂ। ਬੁੱਧਮਤ ਕਰਮਵਾਦ ਨੂੰ ਮੰਨਦਾ ਹੈ ਜਿਸ ਦੇ ਅਨੁਸਾਰ ਸੁਭ-ਅਸ਼ੁੱਭ ਗੱਲਾਂ ਸਾਡੇ ਆਪਣੇ ਪਿਛਲੇ ਕਰਮਾਂ ਦਾ ਫਲ ਹਨ। ਮਹਾਤਮਾ ਬੁੱਧ ਇਕ ਪਾਸੇ ਅਲੌਕਿਕ ਸ਼ਕਤੀ ਅਤੇ ਦੂਜੇ ਪਾਸੇ ਨਿਯਮਹੀਨਤਾ ਦਾ ਵਿਰੋਧ ਕਰਦਾ ਹੈ। ਇਨ੍ਹਾਂ ਵਿਚਕਾਰ ਉਹ ਪਰਿਵਰਤਨ ਦੀ ਵਿਗਿਆਨਿਕ ਕਾਰਵਾਈ ਮੰਨਦਾ ਹੈ ਜਿਸ ਦੇ ਅਨੁਸਾਰ ਇਕ ਘਟਨਾ ਕੇਵਲ ਦੂਜੀ ਘਟਨਾ ਤੋਂ ਹੀ ਉਤਪੰਨ ਹੋ ਸਕਦੀ ਹੈ। ਹਰ ਘਟਨਾ ਕਿਸੇ ਕਾਰਣ ਤੋਂ ਪੈਦਾ ਹੁੰਦੀ ਹੈ। ਪ੍ਰਤੀਤਿਯ ਸਮੁਤਪਾਦ ਦੋਂ ਸ਼ਬਦਾਂ ਦੀ ਸੰਧੀ ਹੈ, (1) 'ਪਤਿਐ' ਜਿਸ ਦਾ ਅਰਥ ਕਾਰਣ ਜਾਂ ਸ਼ਰਤ ਹੈ ਅਤੇ (2) ਉਤਪਾਦ ਜਿਸ ਦਾ ਅਰਥ ਉਤਪੰਨ ਹੋਣਾ ਜਾਂ ਉਤਪੱਤੀ ਹੈ। ਇਸ ਲਈ ਇਹ ਕਾਰਣ ਤੋਂ ਉਤਪੱਤੀ ਦਾ ਨਿਯਮ ਹੈ। ਇਸ ਦਾ ਗੁਰ ਇਹ ਹੈ – ''ਇਹ ਹੈ ਉਹ ਜੋ ਉਤਪੰਨ ਹੁੰਦਾ ਹੈ''। ਕਾਰਣ ਮੌਜੂਦ ਹੈ ਇਸ ਲਈ ਪਰਿਣਾਮ ਉਤਪੰਨ ਹੋਵੇਗਾ ਜਦੋਂ ਕਾਰਣ ਸਮਾਪਤ ਹੋ ਜਾਂਦਾ ਹੈ, ਉਦੋਂ ਪਰਿਣਾਮ ਪੈਦਾ ਹੁੰਦਾ ਹੈ, ਪਰ ਪਰਿਣਾਮ ਇਕ ਨਵੀਂ ਉਤਪੱਤੀ ਹੈ। ਜੇਕਰ ਕਾਰਣਤਾ ਅਤੇ ਅਨਿਤਵਾਦ ਨੂੰ ਇਕੱਠਾ ਲਿਆ ਜਾਵੇ, ਤਾਂ ਹਰ ਨਵੀਂ ਉਤਪੱਤੀ ਹੈ। ਜੇਕਰ ਕਾਰਣਤਾ ਅਤੇ ਅਨਿਤਵਾਦ ਨੂੰ ਇਕੱਠਾ ਲਿਆ ਜਾਵੇ, ਤਾਂ ਹਰ ਪਲ ਇਕ ਨਵੀਂ ਵਸਤੂ ਦੀ ਉਤਪਤੀ ਹੋ ਰਹੀ ਹੈ। ਇਸ ਉਤਪੱਤੀ ਵਿੱਚ ''ਨਾਮ'' ਅਤੇ ''ਰੂਪ'' ਦਾ ਪਰਿਵਰਤਨ ਹੋਣਾ ਅਨਿਵਾਰੀ ਹੈ। ਕਈ ਵਾਰੀ ਹੇਤੂ ਅਤੇ ਅਵਸਥਾ ਵਿੱਚ ਅੰਤਰ ਕੀਤਾ ਜਾਂਦਾ ਹੈ। ਹੇਤੂ ਕਿਸੇ ਵਸਤੂ ਦਾ ਕਾਰਣ ਹੈ ਅਤੇ ਅਵਸਥਾ ਉਸ ਦਾ ਇਕ ਭਾਗ ਹੈ। ਇਕ ਹੇਤੂ ਨੂੰ ਅਨੇਕ ਅਵਸਥਾਵਾਂ ਦੀ ਲੋੜ ਪੈਂਦੀ ਹੈ। ਕਾਰਜ ਇਕ ਹੇਤੂ ਅਤੇ ਅਨੇਕ ਸਹਾਈ ਅਵਸਥਾਵਾਂ ਤੋਂ ਪੈਦਾ ਹੋ ਸਕਦਾ ਹੈ।

ਮਹਾਤਮਾ ਬੁੱਧ ਨੇ ਪ੍ਰਤੀਤਯਸਮਤਪਾਦ ਦੇ ਸਿਧਾਂਤ ਦਾ ਬਹੁਤ ਹੀ ਮਹੱਤਵ ਦੱਸਿਆ ਹੈ। ਧਰਮ ਅਤੇ ਕਾਰਣਤਾਂ ਦੇ ਇਹ ਨਿਯਮ ਜਗਤ ਅਤੇ ਉਸਦੀ ਅਸਲੀਅਤ ਦੀ ਵਿਆਖਿਆ ਕਰਦੇ ਹਨ। ਸਾਰੀਆਂ ਵਸਤੂਆਂ ਧਰਮਾ ਦੇ ਮੇਲ ਨਾਲ ਬਣਦੀਆਂ ਹਨ। ਧਰਮ ਦੇ ਸੰਗਠਨ ਤੋਂ ''ਸਕੰਧ'' (ਸਮੂਹ) ਪੈਦਾ ਹੁੰਦੇ ਹਨ। ਰੂਪ, ਵੇਦਨਾ, ਸੰਗਿਆ, ਸੰਸਕਾਰ ਅਤੇ ਵਿਗਿਆਨ, ਪੰਜ ਸਕੰਧ ਹਨ। ਇਹਨ੍ਹਾਂ ਵਿੱਚ ਇਕ ਲੜੀਵਾਰ ਪ੍ਰਕ੍ਰਿਆ ਚਲਦੀ ਹੈ ਜਿਵੇਂ 'ਨਾਮਰੂਪ' ਆਹਾਰ ਤੋਂ ਪੈਦਾ ਹੁੰਦਾ ਹੈ, ਆਹਾਰ ਤ੍ਰਿਸ਼ਨਾਂ ਤੇ, ਤ੍ਰਿਸ਼ਨਾਂ ਵੇਦਨਾ ਤੋਂ, ਵੇਦਨਾ ਸੰਪਰਕ ਤੋਂ, ਸੰਪਰਕ ਪੰਜ ਗਿਆਨ ਇੰਦਰੀਆਂ ਅਤੇ ਮਨ ਤੋਂ, ਇਹ ਅੱਗੇ ਵਿਗਿਆਨ ਤੋਂ, ਵਿਗਿਆਨ ਸੰਸਕਾਰ ਤੋਂ ਅਤੇ ਸੰਸਕਾਰ ਅਵਿਦਿਆ ਤੋਂ ਉਤਪੰਨ ਹੁੰਦੇ ਹਨ। ਅਵਿਦਿਆ ਸੰਸਕਾਰ ਵਿਗਿਆਨ, ਨਾਮ-ਰੂਪ, ਸੰਪਰਸ਼, ਵੇਦਨਾ, ਤ੍ਰਿਸ਼ਨਾ, ਉਪਾਦਾਨ, ਭਵ, ਜਾਤੀ, ਜਗ, ਮਰਨ ਅਤੇ ਦੁੱਖ, ਇਹ ਕੁੱਲ ਮਿਲਾ ਕੇ ਬਾਰਾਂ ਕੜੀਆਂ ਹਨ। ਹੁਣ ਇਸ ਲੜੀਬੱਧ ਕਾਰਣਤਾ ਦੀ ਕਾਰਵਾਈ ਤੋਂ ਇਹ ਗੱਲ ਸਿੱਧ ਹੁੰਦੀ ਹੈ ਕਿ ਅਵਿਦਿਆ ਹੀ ਦੁੱਖ ਦਾ ਮੂਲ ਹੈ। ਜਿਸ ਦੇ ਨਸ਼ਟ ਹੋਣ ਨਾਲ ਦੁੱਖ ਦੂਰ ਹੋ ਸਕਦਾ ਹੈ, ਕਿਉਂਕਿ ਅਵਿਦਿਆ ਦੇ ਨਾਸ ਹੋਣ ਨਾਲ ਸੰਸਕਾਰ ਨਸ਼ਟ ਹੋ ਜਾਂਦਾ ਹੈ, ਸੰਸਕਾਰ ਦੇ ਨਾਸ਼ ਨਾਲ ਵਿਗਿਆਨ ਦਾ ਨਾਸ਼ ਇਸੇ ਤਰ੍ਹਾਂ ਇਹ ਲੜੀਬੱਧ ਪ੍ਰਕਿਰਿਆ ਉਲਟੀ ਚਲਣੀ ਸ਼ੁਰੂ ਹੋ ਜਾਂਦੀ ਹੈ ਅਤੇ ਅੰਤ ਵਿੱਚ ਆ ਕੇ ਦੁੱਖ ਦਾ ਨਾਸ਼ ਹੁੰਦਾ ਹੈ। ਕਾਰਣਤਾ ਦੇ ਨਿਯਮ ਦਾ ਇਹ ਇਕ ਤਾਰਕਿਕ ਪਰਿਣਾਮ ਨਿਕਲਦਾ ਹੈ ਕਿ ਜੇਕਰ ਕਾਰਣ ਦਾ ਨਾਸ਼ ਹੋ ਜਾਂਦਾ ਹੈ, ਪਰਿਣਾਮ ਦਾ ਨਾਸ਼ ਜ਼ਰੂਰੀ ਹੈ। ਅਭਾਵ ਤੋਂ ਕੇਵਲ ਅਭਾਵ ਹੀ ਉਤਪੰਨ ਹੋ ਸਕਦਾ ਹੈ।

ਅਵਿਦਿਆ ਤੋਂ ਜਨਮ-ਮਰਨ ਦਾ ਭਵ-ਚੱਕਰ ਪੈਦਾ ਹੁੰਦਾ ਹੈ। ਅਵਿਦਿਆ ਦੇ ਕਾਰਨ ਹੀ ਮਨੁੱਖ ਦਾ ਆਵਾਗੌਣ ਹੁੰਦਾ ਹੈ ਅਤੇ ਇਸ ਦਾ ਫਲ ਦੁੱਖ ਹੈ। ਅਵਿਦਿਆ ਝੂਠੀ ਹਉਮੈਂ ਜਿਹੜਾ ਅਨਿਤ ''ਨਾਮ-ਰੂਪ'' ਜਾਂ ਆਤਮਾ ਨੂੰ ਨਿੱਤ ਸਮਝ ਲੈਂਦਾ ਹੈ। ਅਵਿਦਿਆ ਦੇ ਕਾਰਨ ਪੂਰਵ ਜਨਮ ਅੰਦਰ ਸੰਸਕਾਰ ਪੈਦਾ ਹੁੰਦੇ ਹਨ ਜਿਹੜੇ ਗਰਭ ਦੀ ਅਵਸਥਾ ਅੰਦਰ ਵਿਗਿਆਨ ਅਤੇ ਇਕ ਨਵੀਂ ਦੇਹ ਦੀ ਉਤਪਤੀ ਕਰਦੇ ਹਨ। ਵਿਗਿਆਨ ਗਰਭ ਅੰਦਰ ਪ੍ਰਵੇਸ਼ ਕਰਦਾ ਹੈ। ਇਸੇ ਤਰ੍ਹਾਂ ''ਨਾਮ-ਰੂਪ'' ਅਤੇ ਸੰਪਰਕ ਵੇ ਦਨਾ ਅਤੇ ਤ੍ਰਿਸ਼ਨਾ ਦੀ ਉਤਪਤੀ ਹੁੰਦੀ ਹੈ। ਤ੍ਰਿਸਨਾ ਤੋਂ ਜਿੰਦਾ ਰਹਿਣ ਦੀ ਇੱਛਾ (ਭਵ) ਪੈਦਾ ਹੁੰਦੀ ਹੈ ਜਿਸ ਦੇ ਕਾਰਣ ਫਿਰ ਜਨਮ ਹੁੰਦਾ ਹੈ। ਇਸ ਲਈ ਕਾਰਣਤਾ ਵਿੱਚ ਵਿਦਿਆ ਅਤੇ ਤ੍ਰਿਸ਼ਨਾ ਮਹੱਤਵਪੂਰਨ ਕੜੀਆਂ ਹਨ ਜਿਨ੍ਹਾਂ ਤੋਂ ਦੁੱਖ ਉਪਜਦਾ ਹੈ। ਇਨ੍ਹਾਂ ਦੇ ਨਾਮ ਨਾਲ ਦੁੱਖ ਨਸ਼ਟ ਹੋ ਜਾਂਦਾ ਹੈ। ਭਵਚੱਕਰ ਦੇ ਪਿਛੇ ਪ੍ਰਾਣ-ਤੱਤ ਜਾਂ ਤ੍ਰਿਸਨਾ ਹੈ ਜਿਹੜੀ ਅੱਗੇ ਝੂਠੀ ਹਉਮੈਂ ਤੋਂ ਉਤਪਤ ਹੈ। ਇਨ੍ਹਾਂ ਦੇ ਨਿਰੋਧ ਨਾਲ ਨਿਰਵਾਣ ਪ੍ਰਾਪਤੀ ਹੁੰਦੀ ਹੈ। ਭਵਚੱਕਰ ਤੋਂ ਛੁਟਕਾਰਾ ਜਾਂ ਆਵਾਗੌਣ ਤੋਂ ਮੁਕਤੀ ਅਵਿਦਿਆ

ਨੂੰ ਗਿਆਨ ਨਾਲ ਨਸ਼ਟ ਕਰ ਕੇ ਹੀ ਸੰਭਵ ਹੈ।

''ਪ੍ਰਤੀਤਯਸਮੁਤਪਾਦ'' ਦਾ ਸਿਧਾਂਤ ਬੁੱਧਮਤ ਦਾ ਸਭ ਤੋਂ ਮਹੱਤਵਪੂਰਨ ਨਿਯਮ ਹੈ। ਇਸ ਤੋਂ ਹੀ ਅਨਿਤਵਾਦ ਅਤੇ ਖਿਣਿਕਵਾਦ ਨਿਕਲਦਾ ਹੈ। ਇਸ ਉਤੇ ਹੀ ਕਾਰਣਤਾਵਾਦ ਆਧਾਰਿਤ ਹੈ। ਬੁੱਧ ਦਾ ਨਿਰਾਤਮਵਾਦ ਇਸ ਦਾ ਹੀ ਇਕ ਸਿੱਟਾ ਹੈ। ਕੋਈ ਨਿੱਤ ਪਦਾਰਥ ਨਹੀਂ, ਅਰਥਾਤ ''ਸੰਘਾਤਵਾਦ'' ਇਸ ਤੋਂ ਨਿਕਲਦਾ ਹੈ। ਬੋਧਿਕ ਤੱਤ-ਵਿਗਿਆਨ ਇਸ ਸਿੱਧਾਂਤ ਉਤੇ ਆਧਾਰਿਤ ਹੈ। ਇਸ ਦੇ ਅਨੁਸਾਰ ਜਗਤ, ਵਸਤੂਆਂ, ਆਤਮਾ (ਹਉਮੈ) ਆਦਿ ਸਭ ਕੁਝ ਅਨਿਤ, ਖਿਣਿਕ, ਸ਼ਰਤਬੱਧ, ਸਾਪੇਖ ਅਤੇ ਨਾਸ਼ਵਾਨ ਹੈ। ਮਹਾਤਮਾ ਬੁੱਧ ਇਸ ਸਿੱਧਾਂਤ ਨੂੰ ਧਰਮ ਨਾਲ ਤਦਰੂਪ ਕਹਿੰਦਾ ਹੈ। ਨਾਗਾਰਜੁਨ ਇਸ ਸਿੱਧਾਂਤ ਲਈ ਬੁੱਧ ਨੂੰ ਨਮਸਕਾਰ ਕਰਦਾ ਹੈ ਕਿਉਂਕਿ ਇਸ ਦੇ ਗਿਆਨ ਨਾਲ ਦੁੱਖ ਦੂਰ ਹੁੰਦਾ ਹੈ ਅਤੇ ਨਿਰਵਾਣ ਪ੍ਰਾਪਤੀ ਹੁੰਦੀ ਹੈ। ਓਲਡਨਬਰਗ ਲਿਖਦਾ ਹੈ ਕਿ ਸਿਧਾਰਥ ਨੂੰ ਅੰਤ ਵਿਚ ਇਸੇ ਸਿਧਾਂਤ ਦਾ ਗਿਆਨ ਹੋਇਆ ਸੀ ਜਿਸ ਦੇ ਨਾਲ ਉਹ ਬੁੱਧ ਬਣ ਗਿਆ। ਜਿਥੇ ਬੁੱਧਮਤ ਦਾ ਕਾਰਣਤਾਵਾਦ ਇਕ ਵਿਗਿਆਨਿਕ ਨਿਯਮ ਹੋਣ ਦੇ ਕਾਰਣ ਸਭ ਤੋਂ ਸ਼ਕਤੀਸ਼ਾਲੀ ਸਿੱਧਾਂਤ ਗਿਣਿਆ ਜਾ ਸਕਦਾ ਹੈ, ਉਥੇ ਖਿਣਿਕਵਾਦ ਇਨ੍ਹਾਂ ਦੀ ਸਭ ਤੋਂ ਕਮਜ਼ੋਰ ਕੜੀ ਹੈ, ਜਿਸ ਉਤੇ ਇਤਰਾਜ਼ ਕੀਤੇ ਜਾਂਦੇ ਹਨ। ਜੇਕਰ ਸਭ ਕੁਝ ਬਦਲ ਜਾਂਦਾ ਹੈ ਤਾਂ ਵਸਤੂਆਂ ਬਾਰੇ ਸਮੇਂ ਗੱਲ ਜਾਂ ਵਿਚਾਰਕਰਦਨਾ ਅਸੰਭਵ ਹੈ, ਕਿਉਂਕਿ ਜਿਸ ਪਲ ਅਸੀਂ ਗੱਲ ਕਰਦੇ ਹਾਂ, ਉਸ ਸਮੇਂ ਉਹ ਦੂਜੀ ਵਸਤੂ ਹੋ ਜਾਂਦੀ ਹੈ। ਤਦਰੂਪਤਾ ਦਾ ਨਿਯਮ ਨਿਰਾਰਥਕ ਹੋ ਜਾਂਦਾ ਹੈ। ਸ਼ੰਕਰ ਇਸੇ ਗੱਲ ਨੂੰ ਧਿਆਨ ਵਿੱਚ ਰੱਖ ਕੇ ਕਹਿੰਦਾ ਹੈ ਕਿ ਜੇਕਰ ਹਰੇਕ ਸ਼ੈਅ ਸਾਪੇਖ ਅਤੇ ਸ਼ਰਤਬੱਧ ਹੈ, ਤਾਂ ਨਿਰਪੇਖ ਕੀ ਹੈ? ਪਰਿਵਰਤਨ ਦਾ ਕੋਈ ਆਧਾਰ ਜ਼ਰੂਰ ਹੋਣਾ ਚਾਹੀਦਾ ਹੈ ਜਿਸ ਤੋਂ ਬਿਨ੍ਹਾਂ ਪਰਿਵਰਤਨ ਦੀ ਵਿਆਖਿਆ ਕਠਿਨ ਹੈ। ਉਹ ਕੀ ਹੈ, ਜਿਹੜਾ ਹਰ ਸਮੇਂ ਬਦਲਦਾ ਰਹਿੰਦਾ ਹੈ? ਉਹ ਪਰਿਵਰਤਨ ਦਾ ਆਧਾਰ ਹੋ ਕੇ ਵੀ ਪਰਿਵਰਤਨ ਤੋਂ ਅਤੀਤ ਹੈ। ਬਾਅਦ ਦੇ ਬੋਧੀ ਵਿਦਵਾਨ ਵੀ ਇਸ ਇਤਰਾਜ ਨੂੰ ਮੰਨਦੇ ਹਨ ਅਤੇ ਕਹਿੰਦੇ ਹਨ ਕਿ ਮਹਾਤਮਾ ਬੁੱਧ ਨੇ ਇਹ ਸਿਧਾਂਤ ਕੇਵਲ ਸੰਸਾਰਿਕ ਸਚਾਈ ਲਈ ਦੱਸਿਆ ਹੈ। ਇਸ ਦਾ ਇਹ ਅਰਥ ਹੈ ਕਿ ਨਿਰਪੱਖ ਧਰਮ ਸਚਾਈ ਇਸ ਸਿੱਧਾਂਤ ਤੋਂ ਪਰ੍ਹੇ ਹੈ। ਪਰ ਇਸ ਅਸਲੀਅਤ ਨੂੰ ਪ੍ਰਗਟ ਕਰਨਾ ਬੁੱਧ ਦੀ ਅਰਥ ਕਿਰਿਆਵਾਦੀ ਪਹੁੰਚ ਉਤੇ ਨਿਰਭਰ ਹੈ।

## 4. ਨਿਰਾਤਮਾਵਾਦ (Theory of Non-Self)

ਨਿਰਤਾਮਵਾਦ, ਜਿਸ ਅਨੁਸਾਰ ਆਤਮਾ ਵਰਗੀ ਕੋਈ ਨਿੱਤ ਜਾਂ ਸਥਾਈ ਸੱਤਾ ਨਹੀਂ ਹੈ, ਬੁੱਧਮਤ ਦੇ ਅਨਿੰਤਵਾਦ ਜਾਂ ਖਿਣਿਕਵਾਦ ਦਾ ਹੀ ਇਕ ਤਾਰਕਿਕ ਸਿੱਟਾ ਹੈ। ਜੇਕਰ ਇਹ ਕਿਹਾ ਜਾਵੇ ਕਿ ਅਨਿੱਤਵਾਦ ਦਾ ਉਦੇਸ਼ ਵੀ ਨਿਰਾਤਮਵਾਦ ਨੂੰ ਸਿੱਧ ਕਰਨਾ ਹੈ ਤਾਂ ਇਸ ਵਿੱਚ ਕੋਈ ਝੂਠ ਨਹੀਂ ਹੋਵੇਗਾ ਕਿਉਂਕਿ ਬੁੱਧ ਦੀ ਸਾਰੀ ਪਹੁੰਚ ਨੈਤਿਕ ਜੀਵਨ ਉਤੇ ਕੇਂਦ੍ਰਿਤ ਹੈ। ਬੁੱਧ ਸੋਚਦਾ ਹੈ ਕਿ ਮਨੁੱਖ ਦਾ ਨੈਤਿਕ ਪਤਨ, ਬੁਰਾਈ ਅਤੇ ਸੁਆਰਥ ਦਾ ਮੂਲ ਕਾਰਣ ਨਿਤ ਆਤਮਾ ਵਿੱਚ ਵਿਸ਼ਵਾਸ਼ ਹੀ ਹੈ। ਅਵਿਦਿਆ ਜਿਹੜੀ ਸਾਰੇ ਦੁੱਖ ਅਤੇ ਭਵ-ਚੱਕਰ ਦਾ ਕਾਰਣ ਹੈ, ਇਸੇ ਆਤਮਵਾਦ ਅਤੇ ਝੂਠੀ ਹਉਮੈਂ ਤੋਂ ਉਪਜਦੀ ਹੈ। ਜਦੋਂ ਬੁੱਧ ਨੂੰ ਇਹ ਪੁੱਛਿਆ ਜਾਂਦਾ ਸੀ ਕਿ ਸਭ ਤੋਂ ਵੱਡੀ ਗਲਤ ਧਾਰਨਾ ਕੀ ਹੈ, ਤਾਂ ਉਹ ਨਿਤ ਆਤਮਾ ਦਾ ਵਿਸ਼ਵਾਸ ਦੱਸਦੇ ਸਨ। ਅਨਾਤਮਵਾਦ ਰਾਹੀਂ ਬੁੱਧ ਉਪਨਿਸ਼ਦ ਦਰਸ਼ਨ ਦਾ ਵਿਰੋਧ ਕਰ ਸਕਿਆ। ਉਪਨਿਸ਼ਦਾਂ ਅਨੁਸਾਰ ਪਰਿਵਰਤਨਸ਼ੀਲ ਮਾਨਸਿਕ ਪ੍ਰਕਿਰਿਆਵਾਂ ਅਤੇ ਹਉਮੈਂ ਦੇ ਪਰ੍ਹੇ ਉਨ੍ਹਾਂ ਦੀ ਭੂਮਿਕਾਂ ਸਰੂਪ ਅਨੁਭਵ-ਅਤੀਤ ਇਕ ਨਿੱਛ, ਸ਼ੁੱਧ ਆਤਮਾ ਹੈ ਪਰ ਬੁੱਧ ਅਨੁਸਾਰ ਨਾਮ-ਰੂਪਮਈ ਗੋਚਰ ਵਿਗਿਆਨ ਜਾਂ ਚੇਤਨਾ ਦੀ ਧਾਰਾ ਸਰੂਪ ਜੀਵ ਹੀ ਤੱਥ ਹੈ। ਆਤਮ ਵਰਗੀ ਕੋਈ ਸ਼ੈਅ ਨਾ ਹੈ ਨਾ ਹੀ ਵਿਖਾਈ ਦੇਂਦੀ ਹੈ। ਇਥੇ ਬੁੱਧ ''ਨਾਮ-ਰੂਪ'' ਦਾ ਅਰਥ ਸਰੀਰਿਕ ਅਤੇ ਮਾਨਸਿਕ ਸਕੰਧ (Organism) ਲੈਂਦਾ ਹੈ। ਆਤਮਾ ਪਰਿਵਰਤਨਸ਼ੀਲ ਸਰੀਰਕ ਅਤੇ ਮਾਨਸਿਕ ਪ੍ਰਕਿਰਿਆਵਾਂ ਦੇ ਸੰਗਠਨ ਦਾ ਨਾਂ ਹੈ ਜਿਹੜੀਆਂ ਲਗਾਤਾਰ ਧਾਰਾ ਦੇ ਸਮਾਨ ਚਲਦੀਆਂ ਰਹਿੰਦੀਆਂ ਹਨ। ਹੁਣ ਜੇ ਆਤਮਾ ਮਨ ਅਤੇ ਸਰੀਰ ਦੇ ਮੇਲ ਦਾ ਨਾਂ ਹੈ, ਸਰੀਰ ਅਤੇ ਮਨ ਪਲ ਪਲ ਬਦਲਦੇ ਰਹਿੰਦੇ ਹਨ, ਇਸ ਲਈ ਆਤਮਾ ਵੀ ਅਨਿੱਤ ਹੋਵੇਗੀ। ਜੋ ਕੁਝ ਹੈ, ਉਹ ਹੈ ਸਦਾ ਪਰਿਵਰਤਨਸ਼ੀਲ ਚੇਤਨਾ (ਵਿਗਿਆਨ) ਕਿਉਂਕਿ ਵਿਗਿਆਨ ਦੀ ਧਾਰਾ ਲਗਾਤਾਰ ਹੁੰਦੀ ਹੈ ਇਸ ਲਈ ਸਾਨੂੰ ਸਮਾਨਤਾ ਨੂੰ ਤਦਰੂਪਤਾ ਸਮਝ ਲੈਣ ਦਾ ਭਰਮ ਹੋ ਜਾਂਦਾ ਹੈ। ਸਮਾਨਤਾ ਤਦਰੂਪਤਾ ਨਹੀਂ। ਬੁੱਧ ਕਹਿੰਦਾ ਹੈ ਕਿ ਸਚਾਈ ਨਿੱਤ ਆਤਮਾ ਤੋਂ ਸ਼ੂਨ ਹੈ।

ਜਦੋਂ ਕੋਈ ਵਿਅਕਤੀ ਇਹ ਕਹਿੰਦਾ ਹੈ ਕਿ ''ਮੈਂ ਕਾਲਾ ਹਾਂ'', ਜਾਂ ''ਮੈਂ ਵੇਖਦਾ ਹਾਂ'' ਜਾਂ ''ਮੈ ਂਦੁਖੀ ਹਾਂ'' ਆਦਿ, ਉਸ ਸਮੇ ਂਉਹ ਸਰੀਰ, ਪੰਜ ਗਿਆਨ-ਇੰਦਰੀਆਂ ਅਤੇ ਮਨ ਵਲੋਂ ਇਸ਼ਾਰਾ ਕਰ ਰਿਹਾ ਹੁੰਦਾ ਹੈ। ਇਥੇ ''ਮੈਂ'' ਦਾ ਅਰਥ ਸਰੀਰ ਮਨ ਆਦਿ ਦਾ ਸਮੂਹ (ਸਕੰਧ) ਹੈ। ਇਨ੍ਹਾਂ ਵਿੱਚ ਕਿਤੇ ਵੀ ''ਮੈਂ'' ਵਿਖਾਈ ਨਹੀਂ ਦੇਂਦਾ। ਜਦੋਂ ਵੀ ''ਮੈਂ'' ਨੂੰ ਢੂੰਡਦੇ ਹਾਂ ਤਾਂ ਸਾਡਾ ਸੰਕੇਤ ਕਿਸੇ ਵੇਦਨਾ ਜਾਂ ਪ੍ਰਕਿਰਿਆ ਵਲ ਹੁੰਦਾ ਹੈ, ਕਿਸੇ ਸਚਾਈ ''ਮੈਂ'' ਵੱਲ ਨਹੀਂ ਹੁੰਦਾ। ਇਸੇ ਗੱਲ ਨੂੰ ਇਕ ਬੋਧੀ ਵਿਦਵਾਨ,

ਨਾਗਸੇਨ ਨੇ ਮਿਲਿੰਦ ਨੂੰ ਇਕ ਸੁਚੱਜੇ ਢੰਗ ਨਾਲ ਰੂਪਕ ਦੀ ਓਟ, ਲੈ ਕੇ ਦੱਸੀ ਹੈ। ''ਰੱਬ ਕੀ ਹੈ''? ਕੀ ਰੱਬ ਪੱਹੀਆ, ਬਾਂਸ, ਧੁਰਾ, ਆਸਨ, ਪੰਜਾਲੀ ਆਦਿ ਵਿਚੋਂ ਕੋਈ ਇਕ ਹੈ? ਕੀ ਇਹਨਾਂ ਦਾ ਸਮੂਹ ਹੈ? ਜੇਕਰ ਉਤਰ ''ਨਹੀਂ'' ਹੈ, ਤਾਂ ਕੀ ਰੱਬ ਇਹਨਾਂ ਤੋਂ ਪਰੇ ਕੋਈ ਸ਼ੈਅ ਹੈ? ਨਹੀਂ। ਰੱਬ ਦਾ ਇਕ ਨਾਮ-ਰੂਪ ਹੈ ਜਿਹੜਾ ਇਨ੍ਹਾਂ ਲਈ ਪ੍ਰਯੋਗ ਵਿੱਚ ਆਉਂਦਾ ਹੈ। ਇਸੇ ਤਰ੍ਹਾਂ ਆਤਮਾ ਜੀਵ ਹਉਂਮੈਂ ''ਮੈਂ'' ਵਿਅਕਤਿਤਵ, ਹਸਤੀ, ਆਦਿ ਸਾਰੇ ਸ਼ਬਦ ਪੰਜ ਸਕੰਧਾਂ ਲਈ ਇਸਤੇਮਾਲ ਹੁੰਦੇ ਹਨ। ਆਤਮਾ ਇਹਨਾਂ ਦੀ ਪ੍ਰਕਿਰਿਆ ਦਾ ਨਾਮ ਹੈ। ਬੁੱਧ ਦਾ ਅਨਾਤਮ-ਸਿਧਾਂਤ ਹੀਊਮ ਦੇ ''ਨਾਟ-ਸੈਲਫ'' ਦੇ ਸਿਧਾਂਤ ਨਾਲ ਬਿਲਕੁਲ ਮਿਲਦਾ ਹੈ। ਹਿਊਮ ਲਿਖਦਾ ਹੈ ਕਿ ਜਦੋਂ ਮੈਂ ''ਮੈਂ'' ਨੂੰ ਪਕੜਨ ਦਾ ਯਤਨ ਕਰਦਾ ਹਾਂ, ਤਾਂ ਮੈਂ ਕਿਸੇ ਸੰਵੇਦਨਾ ਜਾਂ ਵਿਚਾਰ ਨਾਲ ਟਕਰਾ ਜਾਂਦਾ ਹਾਂ ਪਰ ਉਹ ''ਮੈਂ'' ਮੈਨੂੰ ਕਿਤੇ ਵੀ ਨਹੀਂ ਮਿਲਦਾ। ਵਿਲੀਅਮ ਜੇਮਜ਼ ਵੀ ਲਿਖਦਾ ਹੈ ਕਿ ''ਹਰੇਕ ਚੱਲਦਾ ਹੋਇਆ ਵਿਹਾਰ ਹੀ ਵਿਹਾਰਿਕ ਹੈ।'' ਇਸੇ ਤਰ੍ਹਾਂ ਬੁੱਧਘੋਸ਼ ਕਹਿੰਦਾ ਹੈ ਕਿ ਰੱਬ ਦਾ ਚੱਲਦਾ ਪੱਹੀਆ ਕੇਵਲ ਇਕ ਬਿੰਦੂ ਉਤੇ ਰਹਿੰਦਾ ਹੈ। ਇਸ ਤਰ੍ਹਾਂ ਸਾਰੀ ਵਿਗਿਆਨ ਧਾਰਾ ਕੇਵਲ ਇਕ ਖਿਣਿਕ ਵਿਚਾਰ ਉਤੇ ਨਿਰਭਰ ਹੈ। ਜਦੋਂ ਉਹ ਵਿਚਾਰ ਮੁੱਕ ਜਾਂਦਾ ਹੈ, ਵਿਅਕਤਿਤਵ ਸਮਾਪਤ ਹੋ ਜਾਂਦਾ ਹੈ।

ਹੁਣ ਜੇਕਰ ਆਤਮਾ ਵਰਗੀ ਨਿੱਤ ਸ਼ੈਅ ਨਹੀਂ ਹੈ ਕੇਵਲ ਪਰਿਵਰਤਨਸ਼ੀਲ ਵਿਚਾਰ ਦੀ ਲੜੀ ਹੈ ਜਾਂ ਵਿਗਿਆਨ-ਧਾਰਾ ਹੈ ਤਾਂ ''ਮੈਂ'' ਦੀ ਏਕਤਾ ਦਾ ਅਨੁਭਵ ਕਿਵੇਂ ਹੁੰਦਾ ਹੈ? ਬੋਧੀ ਕਹਿੰਦੇ ਹਨ ਕਿ ਮਾਨਸਿਕ ਪ੍ਰਕਿਰਿਆਵਾਂ ਦੇ ਲਗਾਤਾਰ ਪ੍ਰਵਾਹ ਦੀ ਅਟੁੱਟ ਧਾਰਾ ਵਿੱਚ ਸਮਾਨਤਾ ਨੂੰ ਗਲਤੀ ਨਾਲ ਅਸੀਂ ਏਕਤਾ ਸਮਝ ਲੈਂਦੇ ਹਾਂ। ਹੁਣ ਜੇਕਰ ਆਤਮਾ ਸਦਾ ਬਦਲਦੀ ਹੈ, ਤਾਂ ਸਮ੍ਰਿਤੀ ਅਤੇ ਪਹਿਚਾਨ ਕਿਵੇਂ ਸੰਭਵ ਹੈ। ਪਹਿਚਾਨ ਵਿੱਚ ਸਮਾਨਤਾ ਨੂੰ ਏਕਤਾ ਮੰਨਣ ਦਾ ਭਰਮ ਹੈ ਅਤੇ ਸਮ੍ਰਿਤੀ ਦਾ ਆਧਾਰ ਮਨ ਦੀ ਲਗਾਤਾਰ ਕਰਵਾਈ ਹੈ, ਜਿਸ ਵਿੱਚ ਬਾਅਦ ਵਿਚ ਆਉਣ ਵਾਲੀ ਪ੍ਰਕਿਰਿਆ ਪਿਛੇ ਆਉਣ ਵਾਲੀਆਂ ਪ੍ਰਕਿਰਿਆਵਾਂ ਦੇ ਮਾਲ ਨੂੰ ਸੰਭਾਲਦੀ ਹੈ ਇਸ ਆਧਾਰ ਉਤੇ ਬੁੱਧ ਮਨੁੱਖ ਨੂੰ ਆਪਣੇ ਸ਼ੁਭ-ਅਸ਼ੁੱਭ ਕਰਮਾਂ ਦਾ ਜ਼ਿੰਮੇਵਾਰ ਠਹਿਰਾ ਸਕਦਾ ਹੈ। ਜੇਕਰ ਆਤਮਾ ਵਰਗੀ ਕੋਈ ਸ਼ੈਅ ਨਹੀਂ ਹੈ ਤਾਂ ਉਹ ਕੀ ਹੈ? ਜਿਹੜੀ ਇਕ ਜਨਮ ਤੋਂ ਦੂਜੇ ਜਨਮ ਤੱਕ ਸੰਸਕਾਰਾਂ ਨੂੰ ਲੈ ਕੇ ਜਾਂਦੀ ਹੈ ਜਿਵੇ ਂ ਕਿ ਬੋਧੀ ਮੰਨਦੇ ਹਨ। ਵਿਗਿਆਨ ਨੂੰ ਲਗਾਤਾਰ ਧਾਰਾ ਕਹਿੰਦੇ ਹਨ ਜਿਹੜੀ ਗਰਭ ਅੰਦਰ ਪ੍ਰਵੇਸ਼ ਕਰ ਜਾਂਦੀ ਹੈ। ਭਾਵੇਂ ਬੁੱਧ ਆਤਮਾ ਨੂੰ ਨਿੱਤ ਨਹੀਂ ਮੰਨਦਾ ਪਰ ਇਸ ਦਾ ਇਹ ਅਰਥ ਨਹੀਂ ਕਿ ਆਤਮਾ ਨਹੀਂ। ਕਿਉਂਕਿ ਉਹ ਸਤਵਾਦ ਅਤੇ ਅਸਤਵਾਦ ਦੀ ਵਿਚਕਾਰਲੀ ਅਵਸਥਾ ਨੂੰ ਠੀਕ ਸਮਝਦਾ ਹੈ। ਇਸ ਲਈ ਜੀਵ, ਹਉਮੈ, ''ਮੈਂ'' ਹੈ ਭਾਵੇਂ ਉਹ ਪਰਿਵਰਤਨਸ਼ੀਲ ਹੈ। ਬੁੱਧ ਖੁਦ ਹੀ ਉਪਦੇਸ਼ ਦੇਂਦਾ ਹੈ। ''ਭਰਾਵੋ! ਮੈਂ ਤੁਹਾਨੂੰ ਦੱਸਦਾ ਹਾਂ ਕਿ ਭਾਰ ਕੀ ਹੈ। ਭਾਰ, ਚੁੱਕਣਾ ਅਤੇ ਉਤਾਰਨਾ ਕੀ ਹੁੰਦਾ ਹੈ। ਭਾਰ ਦਾ ਵਾਹਕ ਕੌਣ ਹੈ? ਭਾਰ ਪੰਜ ਸਕੰਧ ਹਨ। ਹੋਂਦ ਲਈ ਕ੍ਰਿਸ਼ਨਾ ਜਾਂ ਭਵਚੱਕਰ ਭਾਰ ਚੁੱਕਣਾ ਹੈ। ਨਿਰਵਾਣ-ਪ੍ਰਾਪਤੀ ਭਾਰ ਉਤਾਰਨਾ ਹੈ ਅਤੇ ਜੀਵ ਹੀ ਭਾਰ-ਚੁੱਕਣ ਵਾਲਾ ਹੈ'' ਇਸ ਲਈ ਬੁੱਧ ਜੀਵ ਦੀ ਅਰਥ-ਕਿਰਿਆਵਦੀ ਸੱਤਾ ਵਿਚ ਵਿਸ਼ਵਾਸ਼ ਰੱਖਦਾ ਹੈ। ਨਿਰਾਤਮਵਾਦ ਦੇ ਸਿੱਧਾਂਤ ਨੂੰ ਅਨਿਤਵਾਦ ਦੇ ਨਾਲ ਇੰਦਰੀ-ਅਨੁਭਵਾਤਮਕ ਸਚਾਈ ਤਕ ਹੀ ਸੀਮਤ ਰਖਣਾ ਚਾਹੀਦਾ ਹੈ। ਬੁੱਧਮਤ ਦੇ ਜੀਵ ਅੰਦਰ ਨਿੱਤ ਵਸਤੂ ਤੋਂ ਛੁੱਟ ਬਾਕੀ ਸਭ ਕੁਝ ਮੌਜੂਦ ਹੈ।

## 5. ਮੱਧ-ਮਾਰਗ

ਚੌਥੀ ਮਹਾਨ ਸਚਾਈ ਦਾ ਸੰਕੇਤ ਜੀਵਨ ਦੇ ਇਕ ਅਜਿਹੇ ਮਾਰਗ ਵੱਲ ਹੈ ਜਿਹੜਾ ਤੀਜੀ ਸਚਾਈ ਦੀ ਮੰਗ ਨੂੰ ਪੂਰਾ ਕਰ ਸਕੇ ਅਰਥਾਤ ਦੁੱਖ-ਨਿਰੋਧ ਦਾ ਕਾਰਣ ਬਣ ਸਕੇ। ਬੁੱਧ ਦੀ ਵਿਚਾਰਧਾਰਾ ਵਿੱਚ ਜੀਵਨ ਦੇ ਮਾਰਗ-ਦਰਸ਼ਨ ਦਾ ਸਭ ਤੋਂ ਵੱਧ ਮਹੱਤਵ ਹੈ ਕਿਉਂਕਿ ਉਸ ਦੀ ਸਮੱਸਿਆ ਜੀਵਨ ਦਾ ਦੁੱਖ ਹੈ ਅਤੇ ਉਸ ਦਾ ਸਮਾਧਾਨ ਦੁੱਖ-ਨਿਰੋਧ ਕਰਨ ਦਾ ਮਾਰਗ ਹੋਣਾ ਚਾਹੀਦਾ ਹੈ, ਕਿਉਂਕਿ ਸਮੱਸਿਆ ਨੈਤਿਕ ਹੈ ਇਸ ਲਈ ਉਸ ਦਾ ਹੱਲ ਵੀ ਇਕ ਨੈਤਿਕ ਮਾਰਗ ਹੀ ਹੋ ਸਕਦਾ ਹੈ। ਬੁੱਧ ਨੇ ਇਸ ਮਾਰਗ ਦੀ ਸਚਾਈ ਨੂੰ ਸਾਧਾਰਣ ਜਨਤਾ ਲਈ ਪ੍ਰਗਟ ਕਰਨਾ ਆਪਣਾ ਮੁੱਖ ਕਰਤੱਵ ਸਮਝਿਆ। ਜਿਵੇਂ ਉਸ ਦੀ ਦਾਰਸ਼ਨਿਕ ਵਿਚਾਰਧਾਰਾ ਭਾਵ (ਸਤ) ਅਤੇ ਅਭਾਵ (ਅਸੱਤ) ਦੇ ਵਿਚਕਾਰ (ਅਨਿੱਤਵਾਦ) ਦੀ ਮੱਧ ਅਵਸਥਾ ਉਤੇ ਆਧਾਰਿਤ ਹੈ, ਅਤੇ ਉਹ ਆਪਣੇ ਦਰਸ਼ਨ ਵਿੱਚ ਅਤਿਵਾਦ ਦੀ ਨਿਖੇਧੀ ਕਰਨਾ ਚਾਹੁੰਦਾ ਹੈ ਉਵੇਂ ਨੈਤਿਕ ਜੀਵਨ ਵਿੱਚ ਵੀ ਬੁੱਧ ਦੇ ਅਤਿਵਾਦਾਂ ਦੇ ਮੱਧ-ਮਾਰਗ ਨੂੰ ਹੀ ਸੱਚਾ ਅਤੇ ਪਵਿੱਤਰ ਮਾਰਗ ਮੰਨਦਾ ਹੈ। ਇਹ ਅਭਿਵਾਦ ਹਨ। (1) ਭੋਗ ਦਾ ਮਾਰਗ ਅਤੇ (2) ਤਪੱਸਿਆ ਦਾ ਮਾਰਗ। ਇਹ ਦੋਵੇਂ ਹੀ ਗਲਤ ਹਨ, ਕਿਉਂਕਿ ਇਹ ਅਤਿ ਉਤੇ ਆਧਾਰਿਤ ਹਨ। ਭੋਗ ਦੇ ਮਾਰਗ ਅਨੁਸਾਰ ਮਨੁੱਖ ਨੂੰ ਆਪਣੀ ਹਰ ਇੱਛਾ ਨੂੰ ਪੂਰਾ ਕਰਨਾ ਚਾਹੀਦਾ ਹੈ। ਇਹ ਮਾਰਗ ਚਾਰਵਾਕਾਂ ਦੇ ਸੁਖਵਾਦ ਦੇ ਨਾਲ ਮੇਲ ਖਾਂਦਾ ਹੈ। ਹਿੰਦੂਆਂ ਦਾ ਪ੍ਰਵਿਰਤੀ ਮਾਰਗ ਇਸ ਦੀ ਦਿਸ਼ਾ ਵਲ ਲੈ ਜਾਂਦਾ ਹੈ ਪਰ ਪ੍ਰਵਿਰਤੀ ਨੂੰ ਕੇਵਲ ਭੋਗਵਾਦ ਸਮਝ ਲੈਣਾ ਭਾਰਤੀ ਸੰਸਕ੍ਰਿਤੀ ਨਾਲ ਅਨਿਆਂ ਹੋਵੇਗਾ ਕਿਉਂਕਿ ਇਕ ਤਾਂ ਪ੍ਰਵਿਰਤੀ ਮਾਰਗ ਭੋਗਾਂ ਦਾ ਆਤਮ-ਸੰਜਮ ਦੇ ਅੰਕੁਸ਼ ਤੋਂ ਬਿਨਾਂ ਖੁਲ੍ਹਮ-ਖੁੱਲ੍ਹਾ ਅਤੇ

ਸੁਤੰਤਰ ਵਿਹਾਰ ਨਹੀਂ ਅਤੇ ਦੂਜੇ ਇਸ ਨੂੰ ਨਿਵਿਰਤੀ ਮਾਰਗ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਬੁੱਧ ਨੇ ਭੋਗਵਾਦ ਨੂੰ ਇਕ ਅਨਿਤਵਾਦ ਸਮਝਿਆ ਸੀ। ਦੂਜੀ ਅਤਿ ਕਠੋਰ ਤਪੱਸਿਆ ਦਾ ਵਿਹਾਰ ਹੈ। ਇਸ ਮਾਰਗ ਦਾ ਸੰਕੇਤ ਸਾਨੂੰ ਜੈਨਮਤ ਦੇ ਨੈਤਿਕ ਦਰਸ਼ਨ ਤੋਂ ਮਿਲਦਾ ਹੈ। ਜੇਕਰ ਇਹ ਕਿਹਾ ਜਾਵੇ ਕਿ ਬੁੱਧ ਚਾਰਵਾਕ ਦੇ ਸੁਖਵਾਦ (ਭੋਗਵਾਦ) ਅਤੇ ਜੈਨਮੱਤ ਦੇ ਤੱਪਵਾਦ ਦੀ ਨਿਖੇਧੀ ਕਰਕੇ ਉਨ੍ਹਾਂ ਦੇ ਵਿਚਕਾਰਲੇ ਮਾਰਗ ਦਾ ਉਪਦੇਸ਼ ਦੇਂਦਾ ਹੈ ਤਾਂ ਇਹ ਗੱਲ ਨਹੀਂ ਹੋਵੇਗੀ, ਕਿਉਂਕਿ ਇਹ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਵੀ ਪ੍ਰਮਾਣਿਤ ਕੀਤਾ ਜਾ ਸਕਦਾ ਹੈ। ਚਾਰਵਾਕ ਅਤੇ ਜੈਨਮੱਤ ਦੇ ਨੈਤਿਕ ਸਿਧਾਂਤਾ ਦਾ ਬੁੱਧ ਉਤੇ ਪ੍ਰਭਾਵ ਪੈਣਾ ਲਾਜ਼ਮੀ ਹੈ। ਪਰ ਇਕ ਸਚਾਈ ਨਿਰਵਿਵਾਦ ਰੂਪ ਨਾਲ ਸਹੀ ਹੈ ਕਿ ਬੁੱਧ ਨੇ ਮੱਧ-ਮਾਰਗ ਦਾ ਦਰਸ਼ਨ ਦੋ ਅਤਿਵਾਦੀ ਮਾਰਗਾਂ ਦੇ ਆਪਣੇ ਨਿੱਜੀ ਅਨੁਭਵ ਦੇ ਆਧਾਰ ਉਤੇ ਦਿੱਤਾ ਹੈ। ਮਹਿਲਾਂ ਅੰਦਰ ਰਹਿ ਕੇ ਉਸ ਦੇ ਜੀਵਨ ਦੇ ਅਨੇਕ, ਭੋਗਾਂ ਨੂੰ ਭੋਗ ਕੇ ਇਸ ਮਾਰਗ ਦੀ ਨੀਰਸਤਾ ਨੂੰ ਸਮਝ ਲਿਆ। ਵਣਾਂ ਵਿੱਚ ਰਹਿ ਕੇ ਉਸ ਨੇ ਕਠੋਰ ਤਪੱਸਿਆ ਕੀਤੀ ਅਤੇ ਉਸ ਨੇ ਵੇਖਿਆ ਕਿ ਇਸ ਦੇ ਨਾਲ ਵੀ ਸੱਚਾ ਸੁੱਖ ਤੇ ਸ਼ਾਂਤੀ ਨਹੀਂ ਮਿਲਦੀ। ਇਸ ਲਈ ਉਸਨੇ ਇਨ੍ਹਾਂ ਦੀ ਵਿਚਕਾਰਲੀ ਸਚਾਈ ਨੂੰ ਗ੍ਰਹਿਣ ਕੀਤਾ।

ਬੁੱਧ ਦੋਹਾਂ ਅਤਿਵਾਦੀ ਮਾਰਗਾਂ ਦੀ 'ਨਿਖੇਧੀ ਲਈ ਜਿਹੜੀਆਂ ਦਲੀਲਾਂ ਦੇਂਦਾ ਹੈ, ਉਨ੍ਹਾਂ ਨੂੰ ਆਧੁਨਿਕ ਮਨੋਵਿਗਿਆਨ ਦੇ ਆਧਾਰਾਂ ਉਤੇ ਪ੍ਰਮਾਣਿਤ ਕੀਤਾ ਜਾ ਸਕਦਾ ਹੈ। ਬੁੱਧ ਕਹਿੰਦਾ ਹੈ ਕਿ ਇਛਾਵਾਂ ਨੇ ਬਿਨ੍ਹਾਂ ਰੋਕ ਟੋਕ ਅਤੇ ਬਿਨ੍ਹਾਂ ਚੰਗੇ-ਮਾੜੇ ਦੀ ਸਮਝ ਦੇ ਪੂਰਾ ਕਰਕੇ ਚਲੇ ਜਾਣਾ ਠੀਕ ਨਹੀਂ, ਕਿਉਂਕਿ ਇਸ ਦੇ ਨਾਲ ਕੇਵਲ ਨਾਸ਼ਵਾਨ ਸੁੱਖ ਦੀ ਹੀ ਪ੍ਰਾਪਤੀ ਸੰਭਵ ਹੈ। ਇਸ ਸੁੱਖ ਦੇ ਆਦਿ ਅਤੇ ਅੰਤ ਦੁੱਖ ਵਿੱਚ ਹਨ। ਇਹ ਸੁੱਖ ਸੁਧ ਨਹੀਂ ਹੈ, ਇਸ ਅੰਦਰ ਦੁੱਖ ਦੀ ਮਿਲਾਵਟ ਹੁੰਦੀ ਹੈ। ਇਸ ਲਈ ਭੋਗਾਂ ਨਾਲ ਨਿੱਤ ਅਤੇ ਸਥਾਈ ਸੁੱਖ ਸਾਂਤੀ ਪ੍ਰਾਪਤ ਨਹੀਂ ਹੋ ਸਕਦੀ। ਇੱਛਾਵਾਂ ਨੂੰ ਬਿਨ੍ਹਾਂ ਸਮਝੇ ਪੂਰਾ ਕਰਨ ਨਾਲ ਇੱਛਾ ਦੀ ਪੂਰਤੀ ਨਹੀਂ ਹੁੰਦੀ। ਇੱਛਾਵਾਂ ਨੂੰ ਭੋਗਣ ਨਾਲ ਇਹ ਘਟਦੀਆਂ ਨਹੀਂ ਸਗੋਂ ਵਧਦੀਆਂ ਹਨ। ਇੱਛਾ-ਪੂਰਤੀ ਬਲਦੀ ਅੱਗ ਉਤੇ ਤੇਲ ਦਾ ਕੰਮ ਕਰਦੀੰ ਹੈ। ਇਹ ਭੋਗ ਦਾ ਮਾਰਗ ਆਪਣੇ ਟੀਕੇ ਵਿਚ ਸਦਾ ਅਸਫਲ ਰਹਿੰਦਾ ਹੈ। ਇਸ ਤੋਂ ਉਲਟ, ਉਪਰਾਮਤਾ, ਅਤ੍ਰਿਪਤੀ, ਸੰਤੋਖ, ਨਿਰਾਸ਼ਾ ਆਦਿ ਦੇ ਭਾਵ ਉਪਜਦੇ ਹਨ। ਦੂਜੇ ਪਾਸੇ ਦੂਜੀ ਅਤਿ ਹੈ ਕਠੋਰ ਤੱਪ ਦਾ ਵਿਹਾਰ। ਬੁੱਧ ਕਹਿੰਦਾ ਹੈ ਕਿ ਅਸੀਂ ਜੀਵਨ ਦੇ ਦੁੱਖ-ਨਿਵਾਰਣ ਦਾ ਉਪਾਅ ਭਾਲਦੇ ਹਾਂ ਪਰ ਕਠੋਰ ਤੱਪ ਨਾਲ ਸਰੀਰਕ ਅਤੇ ਮਾਨਸਿਕ ਕਸ਼ਟ ਉਤਪੰਨ ਹੁੰਦਾ ਹੈ। ਇਸ ਲਈ ਇਹ ਮਾਰਗ ਦੂਣੇ ਦੁੱਖ ਦਾ ਕਾਰਣ ਬਣ ਜਾਂਦਾ ਹੈ। ਤੱਪ-ਦਿਮਾਗ ਦੇ ਮਾਰਗ ਅਨੁਸਾਰ ਮਨੁੱਖ ਨੂੰ ਇੱਛਾਵਾਂ ਨੂੰ ਪੂਰਾ ਨਹੀਂ ਕਰਨਾ ਚਾਹੀਦਾ, ਉਨ੍ਹਾਂ ਨੂੰ ਦਬਾਉਣਾ ਚਾਹੀਦਾ ਹੈ, ਉਨ੍ਹਾਂ ਨੂੰ ਮਾਰਨਾ ਚਾਹੀਦਾ ਹੈ। ਬੁੱਧ ਕਹਿੰਦਾ ਹੈ ਕਿ ਇੱਛਾਵਾਂ ਦਾ ਗਲਾ ਘੁੱਟਣ ਨਾਲ ਇਹ ਮਨੁੱਖ ਦਾ ਪਿੱਛਾ ਨਹੀਂ ਛੱਡਦੀਆਂ, ਸਗੋਂ ਦਬ ਦਬ ਕੇ ਹੋਰ ਜ਼ੋਰ ਪਕੜ ਲੈਂਦੀਆਂ ਹਨ। ਫਰਾਇਡ ਦਾ ਮਨੋਵਿਗਿਆਨ ਦਾ ਅਚੇਤਨ ਮਨ ਦਾ ਆਧੁਨਿਕ ਸਿੱਧਾਂਤ ਬੁੱਧ ਦੀ ਇਸ ਗੱਲ ਦੀ ਪੁਸ਼ਟੀ ਕਰਦਾ ਹੈ। ਇਛਾਵਾਂ ਨੂੰ ਦਬਾਉਣ ਨਾਲ ਸਾਡੀ ਸਮੱਸਿਆ ਹਲ ਨਹੀਂ ਹੁੰਦੀ। ਇਸ ਤੋਂ ਤਾਂ ਮਾਨਸਿਕ ਅਤੇ ਸਰੀਰਿਕ ਕਸ਼ਟ ਵਿਕਾਰ ਨਿਰਾਸ਼ਾ, ਰੋਗ ਆਦਿ ਉਤਪੰਨ ਹੁੰਦੇ ਹਨ। ਇਸ ਲਈ ਇਹ ਦੋਵੇਂ ਅਤਿਵਾਦੀ ਮਾਰਗ ਗਲਤ ਹਨ। ਮਨੁੱਖ ਨੂੰ ਮੱਧ-ਮਾਰਗ ਅਪਣਾਉਣਾ ਚਾਹੀਦਾ ਹੈ। ਬੁੱਧ ਦਾ ਮੱਧ-ਮਾਰਗ ਆਤਮ-ਸੰਜਮ ਦਾ ਰਸਤਾ ਹੈ ਜਿਸ ਦੇ ਅਨੁਸਾਰ ਮਨੁੱਖ ਨੂੰ ਆਪਣੀਆਂ ਇੱਛਾਵਾਂ ਨੂੰ ਨਾ ਤਾਂ ਅੰਧਾ-ਧੁੰਧ ਪੂਰਾ ਕਰਨਾ ਚਾਹੀਦਾ ਹੈ ਅਤੇ ਨਾ ਹੀ ਮਾਰਨਾ ਚਾਹੀਦਾ ਹੈ, ਸਗੋਂ ਉਨ੍ਹਾਂ ਦਾ ਬੁੱਧੀ ਦੇ ਪ੍ਰਯੋਗ ਨਾਲ ਆਤਮ-ਸੰਜਮ ਕਰਨਾ ਚਾਹੀਦਾ ਹੈ। ਇਸ ਦਾ ਭਾਵ ਇਹ ਹੈ ਕਿ ਸੋਚ ਸਮਝ ਦੇ ਨਾਲ ਉਨ੍ਹਾਂ ਦੀ ਪੂਰਤੀ ਕਰਨੀ ਚਾਹੀਦੀ ਹੈ। ਇਸ ਦਾ ਭਾਵ ਇਹ ਹੈ ਕਿ ਸੋਚ ਸਮਝ ਦੇ ਨਾਲ ਉਨ੍ਹਾਂ ਦੀ ਠੀਕ ਮਾਤਰਾ ਨਿਰਧਾਰਿਤ ਕਰਕੇ ਉਨ੍ਹਾਂ ਨੂੰ ਆਪਣੇ ਕਾਬੂ ਹੇਠ ਲਿਆ ਕੇ ਉਨ੍ਹਾਂ ਦੀ ਪੂਰਤੀ ਕਰਨੀ ਚਾਹੀਦੀ ਹੈ। ਜੀਵਨ ਨੂੰ ਅਤਿ ਵਲ ਖੁਲ੍ਹਾ ਛੱਡ ਕੇ ਇਛਾਵਾਂ ਨੂੰ ਕਾਬੂ ਨਹੀਂ ਕੀਤਾ ਜਾ ਸਕਦਾ। ਇਛਾਵਾਂ ਨੂੰ ਆਵੱਸ਼ਕਤਾ ਅਨੁਸਾਰ ਜੀਵਨ ਦੀ ਤਸਵੀਰ ਅੰਦਰ ਇਸ ਤਰ੍ਹਾਂ ਸਜਾਉਣਾ ਚਾਹੀਦਾ ਹੈ ਕਿ ਜਿਵੇਂ ਇਕ ਚਿਤਰਕਾਰ ਆਪਣੇ ਚਿੱਤਰ ਨੂੰ ਰੰਗਾਂ ਨਾਲ ਭਰਦਾਹੈ। ਉਦਾਹਰਣ ਲਈ ਭੋਜਨ ਖਾਣਾ, ਆਰਾਮ ਕਰਨਾ ਸਰੀਰ ਨੂੰ ਬਸਤਰਾਂ ਨਾਲ ਢੱਕਣਾ ਅਤੇ ਗਰਮੀ ਸਰਦੀ ਤੋਂ ਬਚਣਾ ਆਦਿ ਕੁਝ ਅਜਿਹੀਆਂ ਜਰੂਰਤਾਂ ਹਨ ਜਿਨ੍ਹਾਂ ਨੂੰ ਪੂਰਾ ਕਰਨਾ ਗਲਤ ਨਹੀਂ ਹੋ ਸਕਦਾ। ਦੂਜੇ ਪਾਸੇ ਪਾਣੀ ਜਾਂ ਹਵਾ ਉਤੇ ਰਹਿਣਾ, ਪਾਣੀ ਵਿੱਚ (ਇੱਥ ਟੇਗ ਨਾਲ) ਖਲੋ ਕੇ ਤਪੱਸਿਆ ਕਰਨ ਦੇ ਕਸ਼ਟ ਤੋਂ ਵੱਧ ਕੁਝ ਲਾਭ ਨਹੀਂ ਹੁੰਦਾ। ਇਸ ਲਈ ਇੱਛਾਵਾਂ ਨੂੰ ਸਮਝ, ਅਤੇ ਸੰਜਮ ਨਾਲ ਜਿੱਤਣਾ ਚਾਹੀਦਾ ਹੈ। ਇਸ ਆਤਮ-ਸੰਜਮ ਲਈ ਪੱਕਾ ਨਿਸ਼ਚਾ ਲਗਾਤਾਰ ਯਤਨ, ਅਨੁਸ਼ਾਸਨ ਅਤੇ ਲਗਨ ਦੀ ਲੋੜ ਹੈ। ਮੱਧ-ਮਾਰਗ ਲਈ ਨਿਸ਼ਕਿਰਿਆਤਾ ਅਤੇ ਢਿੱਲ ਨੂੰ ਛੱਡਣ ਦੀ ਲੋੜ ਹੈ। ਕਾਮ, ਕ੍ਰੋਧ, ਲੋਭ, ਮੋਹ, ਹਉਮੈਂ ਅਗਿਆਨ, ਵੈਰ, ਅਭਿਮਾਨ ਆਦਿ ਬੁਰੀਆਂ ਕਿਰਤੀਆਂ ਨੂੰ ਪ੍ਰੇਮ, ਅਹਿੰਸਾ, ਪਰਉਪਕਾਰ, ਦਇਆ-ਭਾਵ, ਸਜਣਤਾਈ ਆਦਿ ਚੰਗੀਆਂ ਬਿਰਤੀਆਂ ਨਾਲ ਜਿੱਤ ਸਕਦੇ ਹਾਂ। ਕੇਵਲ ਮੱਧ-ਮਾਰਗ ਦੇ ਵਿਹਾਰ ਨਾਲ ਹੀ ਹੌਲੀ ਹੌਲੀ ਇੱਛਾਵਾਂ ਸੰਜਮ ਅਧੀਨ ਹੋ ਜਾਂਦੀਆਂ ਹਨ ਅਤੇ

ਪੂਰਨ ਸ਼ਾਂਤੀ ਉਪਜਦੀ ਹੈ। ਬੁੱਧ ਦਾ ਇਹ ਮੱਧ-ਮਾਰਗ ਅੱਠ ਸਦਗੁਣਾਂ ਉਤੇ ਨਿਰਭਰ ਹੈ ਜਿਸ ਨੂੰ ਅਸ਼ਟਾਂਗ-ਮਾਰਗ ਆਖਦੇ ਹਨ। ਬੁੱਧ ਦੇ ਮੱਧ-ਮਾਰਗ ਦੀ ਤੁਲਨਾ ਅਰਸਤੂ ਦੇ ਸੁਨਹਿਰੀ ਮੱਧਮਾਨ ਦੇ ਸਿੱਧਾਂਤ ਨਾਲ ਕੀਤੀ ਜਾ ਸਕਦੀ ਹੈ। ਅਰਸਤੂ ਦੇ ਅਨੁਸਾਰ ਸਦਗੁਣ ਸਦਾ ਦੇ ਅਤਿ ਵਿੱਚ ਉਨ੍ਹਾਂ ਦੇ ਮੱਧਮਾਨ ਦੇ ਰੂਪ ਵਿੱਚ ਆਉਂਦਾ ਹੈ। ਜਿਵੇਂ ਜ਼ੁਲਮ ਅਤੇ ਕਾਇਰਤਾ ਦੇ 'ਅਤਿ' ਹਨ ਜਿਨ੍ਹਾਂ ਵਿੱਚ ਬੀਰਤਾ ਦਾ ਸਦਗੁਣ ਆਉਂਦਾ ਹੈ। ਅਤਿਵਾਦੀ ਵਿਹਾਰ ਮਾੜਾ ਹੈ। ਕੀ ਮੱਧਮਾਨ ਹੈ ਅਤੇ ਕੀ ਨਹੀਂ। ਇਸ ਦਾ ਨਿਰਣਾ ਕੇਵਲ ਵਿਵਹਾਰਿਕ ਬੁੱਧੀ ਹੀ ਕਰਦੀ ਹੈ। ਪਰ ਅਰਸਤੂ ਦੇ ਇਸ ਸਿਧਾਂਤ ਤੋਂ ਇਹ ਗੱਲ ਸਪਸ਼ਟ ਨਹੀਂ ਕਿ ਬੀਰਤਾ ਦਾ ਜ਼ੁਲਮ ਅਤੇ ਕਾਇਰਤਾ ਨਾਲ ਕੀ ਸੰਬੰਧ ਹੈ? ਮੱਧਮਾਨ ਦਾ ਵਿਹਾਰ ਕੀ ਹੈ? ਪਰ ਬੁੱਧ ਨੇ ਮੱਧ-ਮਾਰਗ ਦੀ ਅਸ਼ਟਾਂਗ-ਮਾਰਗ ਨਾਲ ਵਿਆਖਿਆ ਕੀਤੀ ਹੈ।

### 6. ਅਸ਼ਟਾਂਗ-ਮਾਰਗ (Eight-fold Path of Righteousness):

ਮੱਧ-ਮਾਰਗ ਨੂੰ ਜੀਵਨ ਵਿੱਚ ਜਦੋਂ ਕਿਰਿਆਤਮਿਕ ਰੂਪ ਦਿੱਤਾ ਜਾਂਦਾ ਹੈ ਤਾਂ ਉਹ ਅਸ਼ਟਾਂਗ ਮਾਰਗ ਦਾ ਰੂਪ ਧਾਰਣ ਕਰ ਲੈਂਦਾ ਹੈ, ਕਿਉਂਕਿ ਇਸ ਮਾਰਗ ਦੇ ਅਨੁਸਾਰ ਮਨੁੱਖ ਨੂੰ ਅੱਠਾਂ ਸਦਗੁਣਾਂ ਜਾਂ ਖੂਬੀਆਂ ਦਾ ਆਚਰਣ ਕਰਨਾ ਪੈਂਦਾ ਹੈ, ਇਸ ਲਈ ਇਸ ਨੂੰ ਅਸ਼ਟ (ਅੱਠ) ਅੰਗਾਂ (ਭਾਗਾਂ) ਦਾ ਮਾਰਗ ਕਹਿੰਦੇ ਹਨ। ਇਸ ਮਾਰਗ ਦੀ ਵਿਆਖਿਆ ਤੋਂ ਬੁੱਧ ਦੇ ਨੀਤੀ-ਸ਼ਾਸਤਰ ਦਾ ਪੂਰਾ ਗਿਆਨ ਮਿਲਦਾ ਹੈ। ਇਹ ਅੱਠ ਸਦਗੁਣ ਨਿਮਨ ਲਿਖਤ ਹਨ :

**1. ਠੀਕ ਦ੍ਰਿਸ਼ਟੀ :**ਇਸ ਨੂੰ ਠੀਕ ਜਾਂ ਸੱਚਾ ਗਿਆਨ ਵੀ ਕਹਿ ਸਕਦੇ ਹਾਂ ਮਹਾਤਾਮਾ ਬੁੱਧ ਅਨੁਸਾਰ ਚੰਗੇ ਜੀਵਨ ਦਾ ਨੀਂਹ ਪੱਥਰ ਸੱਚਾ ਗਿਆਨ ਜਾਂ ਜੀਵਨ ਦਾ ਸ਼ੁਧ ਦ੍ਰਿਸ਼ਟੀਕੋਣ ਹੈ। ਮਨੁੱਖ ਦੇ ਦ੍ਰਿਸ਼ਟੀਕੋਣ ਦੇ ਗਲਤ ਹੋਣ ਨਾਲ ਸਾਰੇ ਸਦਗੁਣ ਦਾ ਭਵਿੱਖ ਅੰਧਕਾਰਮਈ ਹੋ ਜਾਂਦਾ ਹੈ। ਇਸ ਲਈ ਮਨੁੱਖ ਨੂੰ ਸ਼ੁੱਧ ਗਿਅਨ ਪ੍ਰਾਪਤ ਕਰਨਾ ਚਾਹੀਦਾ ਹੈ। ਨਿਤਵਾਦ, ਦ੍ਵਵਾਦ, ਈਸ਼ਵਰਵਾਦ ਅਤੇ ਆਤਮਵਾਦ ਵਿੱਚ ਵਿਸ਼ਵਾਸ ਰੱਖਣਾ ਗਲਤ ਦ੍ਰਿਸ਼ਟੀਕੋਣ ਹੈ। ਚਾਰ ਪਵਿੱਤਰ ਸਚਾਈਆਂ ਵਿੱਚ ਵਿਸ਼ਵਾਸ਼ ਰਖਣਾ ਹੀ ਠੀਕ ਦ੍ਰਿਸ਼ਟੀਕੋਣ ਹੈ, ਜਿਹੜਾ ਗਿਆਨ ਦੁੱਖ-ਨਿਵਾਰਣ ਜਾਂ ਨਿਰਵਾਣ ਪ੍ਰਾਪਤੀ ਦਾ ਹੇਤੂ ਬਣਦਾ ਹੈ, ਉਹ ਠੀਕ ਹੈ, ਜਿਹੜਾ ਵਿਸ਼ਵਾਸ ਸੰਜਮ ਸ਼ਾਂਤੀ ਅਤੇ ਵੈਰਾਗ ਵਲ ਲੈ ਜਾਂਦਾ ਹੈ, ਉਹ ਠੀਕ ਹੈ।

**2. ਠੀਕ ਸੰਕਲਪ :**ਮਨੁੱਖ ਦਾ ਇਰਾਦਾ ਠੀਕ ਹੋਣਾ ਚਾਹੀਦਾ ਹੈ। ਗਿਆਨ ਉਸ ਨੂੰ ਸ਼ੁਭ ਅਤੇ ਅਸ਼ੁਭ ਵਿੱਚ ਵਿਵਕ ਕਰਨ ਲਈ ਸਹਾਈ ਹੈ ਪਰ ਇੰਨਾ ਕਾਫੀ ਨਹੀਂ। ਮਨੁੱਖ ਨੂੰ ਅਸ਼ੁਭ ਛੱਡ ਕੇ ਸ਼ੁਭ ਦੀ ਚੋਣ ਕਰਨ ਦਾ ਨਿਰਣਾ ਕਰਨਾ ਚਾਹੀਦਾ ਹੈ। ਸ਼ੁਭ ਕਰਮ ਕਰਨ ਦਾ ਨਿਸ਼ਚਾ ਹੀ ਠੀਕ ਸੰਕਲਪ ਹੈ। ਮਨੁੱਖ ਨੂੰ ਚਾਹੀਦਾ ਹੈ ਕਿ ਵਿਸ਼ੇ-ਭੋਗਾਂ ਨੂੰ ਤਿਆਗ ਕੇ ਦੂਜੇ ਪ੍ਰਾਣੀਆਂ ਦੇ ਪ੍ਰਤੀ ਦਇਆ ਅਤੇ ਅਹਿੰਸਾ ਦੀ ਭਾਵਨਾ ਰੱਖੇ। ਠੀਕ ਸੰਕਲਪ ਬਾਹਰੀ ਵਿਹਾਰ ਦਾ ਆਧਾਰ ਬਣ ਜਾਂਦਾ ਹੈ। ਸੰਕਲਪ ਹੀ ਕਰਮ ਦਾ ਰੂਪ ਧਾਰਨ ਕਰਦਾ ਹੈ।

**3. ਠੀਕ ਭਾਵਨਾ :**ਮਨੁੱਖ ਦੇ ਬੋਲ ਠੀਕ ਹੋਣੇ ਚਾਹੀਦੇ ਹਨ। ਬੁੱਧ ਅਨੁਸਾਰ ਠੀਕ ਬਾਣੀ ਉਹੀ ਹੈ ਜਿਹੜੀ ਸੱਚੀ ਅਤੇ ਮਿੱਠੀ ਹੋਵੇ, ਪਰ ਸੱਚ ਕਈ ਵਾਰੀ ਕੋੜਾ ਹੁੰਦਾ ਹੈ। ਬੁੱਧ ਕਹਿੰਦਾ ਹੈ ਕਿ ਬਾਣੀ ਸਦਾ ਮਿੱਠੀ ਹੋਣੀ ਚਾਹੀਦੀ ਹੈ, ਭਾਵੇ ਂ ਉਹ ਸੱਚੀ ਨਾ ਵੀ ਹੋਵੇ। ਬੋਲ ਨਾਲ ਦੂਜੇ ਵਿਅਕਤੀਆਂ ਦੀਆਂ ਭਾਵਨਾਵਾਂ ਨੂੰ ਠੇਸ ਨਹੀਂ ਪੁਜਣੀ ਚਾਹੀਦੀ। ਦੂਜੇ ਦੀ ਨਿੰਦਿਆਂ, ਅਪਸ਼ਬਦ, ਕਠੋਰ ਵਚਨ ਅਤੇ ਬੇਹੁਦਾ ਗੱਪਾਂ ਮਾਰਨਾ ਠੀਕ ਨਹੀਂ। ਮਿੱਠੇ ਵਾਕ ਰਾਹੀਂ ਵੈਰ-ਵਿਰੋਧ ਦੂਰ ਹੋ ਸਕਦਾ ਹੈ। ਮਿੱਠੇ ਬੋਲਾਂ ਰਾਹੀਂ ਮਨ ਨੂੰ ਸ਼ਾਂਤੀ ਮਿਲਦੀ ਹੈ।

**4. ਠੀਕ ਕਰਮ :** ਬੁੱਧ ਦੇ ਨੀਤੀ ਸਾਸਤਰ ਦੇ ਅਨੁਸਾਰ ਕਰਮ ਦੋ ਪ੍ਰਕਾਰ ਦੇ ਹਨ, (1) ਅਪਵਿੱਤਰ ਅਤੇ (2) ਪਵਿੱਤਰ। ਜਿਹੜੇ ਕਰਮ ਆਪਣੇ ਫਲਾਂ ਰਾਹੀਂ ਮਨੁੱਖ ਨੂੰ ਭਵ-ਚੱਕਰ ਵਿੱਚ ਬੰਨਦੇ ਹਨ ਅਰਥਾਤ ਜਿਨ੍ਹਾਂ ਦੇ ਫਲਸਰੂਪ ਮਨੁੱਖ ਨੂੰ ਫਿਰ ਜਨਮ ਲੈਣਾ ਪੈਂਦਾ ਹੈ, ਉਹ ਅਪਵਿੱਤਰ ਹਨ, ਬਿਨ੍ਹਾਂ ਕਰਮਾਂ ਦੇ ਦੋ ਪ੍ਰਕਾਰ ਦੇ ਪਰਿਣਾਮ ਹੋ ਸਕਦੇ ਹਨ ਚੰਗੇ ਅਤੇ ਮਾੜੇ। ਇਸ ਲਈ ਆਪਣੇ ਚੰਗੇ, ਮਾੜੇ ਫਲਾਂ ਦੇ ਅਨੁਸਾਰ ਕਰਮ ਸ਼ੁਭ ਅਤੇ ਅਸ਼ੁਭ ਹੋਣੇ ਚਾਹੀਦੇ ਹਨ। ਪਰ ਇਹ ਦੋਵੇਂ ਪ੍ਰਕਾਰ ਦੇ ਕਰਮ ਮਨੁੱਖ ਦੇ ਬੰਧਨ ਦਾ ਕਾਰਣ ਬਣਦੇ ਹਨ ਕਿ ਉਸ ਨੂੰ ਉਨ੍ਹਾਂ ਦੇ ਫਲ ਭੋਗਣੇ ਪੈਂਦੇ ਹਨ। ਇਨ੍ਹਾਂ ਤੋਂ ਵਿਪਰੀਤ ਜਿਨ੍ਹਾਂ ਕਰਮਾਂ ਨਾਲ ਮਨੁੱਖ ਦਾ ਭਵ-ਚੱਕਰ ਤੋਂ ਛੁਟਕਾਰਾ ਹੁੰਦਾ ਹੈ, ਉਹ ਪਵਿੱਤਰ ਹਨ। ਬੁੱਧ ਅਨੁਸਾਰ ਚਾਰ ਪਵਿੱਤਰ ਸਚਾਈਆਂ ਦਾ ਚਿੰਤਨ ਕਰਨਾ ਹੀ ਪਵਿੱਤਰ ਕਰਮ ਹੈ। ਮਹਾਤਮਾ ਬੁੱਧ ਨੇ ਆਪਣੇ ਉਪਦੇਸ਼ਾਂ ਰਾਹੀਂ ਲੋਕਾਂ ਨੂੰ ਵੇਰਵ ਸਮੇਤ ਚੰਗੇ-ਮਾੜੇ ਕਰਮਾਂ ਦਾ ਗਿਆਨ ਦਿੱਤਾ। ਸਭ ਤੋਂ ਵੱਧ ਕੇ ਅਹਿੰਸਾ, ਦੂਜਿਆਂ ਲਈ ਦਇਆ-ਭਾਵ ਰੱਖਣ ਬਾਰੇ ਤੇ ਚੋਰੀ ਨਾ ਕਰਨ ਉਤੇ ਬਲ ਦਿੱਤਾ ਹੈ।

**5. ਠੀਕ ਰੋਜ਼ੀ :** ਬੁੱਧ ਨੇ ਸੁੱਚੀ ਰੋਜ਼ੀ ਕਮਾਉਣ ਦੇ ਸਾਧਨਾਂ ਉਤੇ ਬੜਾ ਜ਼ੋਰ ਦਿੱਤਾ ਹੈ, ਈਮਾਨਦਾਰੀ ਨਾਲ ਰੋਟੀ

ਕਮਾਉਣੀ ਚਾਹੀਦੀ ਹੈ। ਹਿੰਸਾਤਮਕ ਕਰਮ ਉਤੇ ਆਧਾਰਿਤ ਕਮਾਈ ਠੀਕ ਨਹੀਂ। ਧੋਖਾ, ਭ੍ਰਿਸ਼ਟਾਚਾਰ, ਚੋਰੀ ਦੂਜੇ ਦਾ ਖ਼ੂਨ ਚੂਸਣ
ਆਦਿ ਨਾਲ ਰੋਟੀ ਕਮਾਉਣੀ ਠੀਕ ਨਹੀਂ। ਮਾਸ, ਸ਼ਰਾਬ, ਜ਼ਹਿਰ, ਸ਼ਸਤਰਾਂ ਦਾ ਵਪਾਰ ਦੋਸ਼-ਪੂਰਣ ਹੈ।

**6. ਠੀਕ ਯਤਨ :** ਇਸ ਨੂੰ ਠੀਕ ਕਸਰਤ (ਵਿਆਯਾਮ) ਵੀ ਆਖਦੇ ਹਨ। ਇਸ ਦਾ ਅਰਥ ਇਹ ਹੈ ਕਿ ਮਨੁੱਖ ਨੂੰ ਸਦਾ ਸੁਚੇਤ, ਕਿਰਿਆਸ਼ੀਲ, ਚੁਸਤ ਅਤੇ ਯਤਨਸ਼ੀਲ ਰਹਿਣਾ ਚਾਹੀਦਾ ਹੈ। ਮਨੱਖ ਨੂੰ ਆਪਣੇ ਮਨ ਦੀ ਕਾਰਵਾਈ ਅਤੇ ਵਿਚਾਰਾਂ ਪ੍ਰਤੀ ਚੌਕੀਦਾਰ ਦੀ ਤਰ੍ਹਾਂ ਪਹਿਰਾ ਦੇਣਾ ਚਾਹੀਦਾ ਹੈ। ਇਕ ਪਲ ਭਰ ਦੀ ਢਿੱਲ ਜਾਂ ਗਫ਼ਲਤ ਕਾਰਣ ਕੋਈ ਬੁਰਾ ਵਿਚਾਰ ਸਾਡੇ ਮਨ ਅੰਦਰ ਵੜ ਆਉਂਦਾ ਹੈ ਜਿਸ ਦੇ ਕਾਰਣ ਮਨੁੱਖ ਗਿਰਵਾਟ ਦੇ ਟੋਏ ਵਿੱਚ ਗਿਰ ਜਾਂਦਾ ਹੈ। ਬੁਰੇ ਵਿਚਾਰ ਜਾਂ ਕਰਮ ਦਾ ਵਿਸ਼ਲੇਸਣ ਕਰਨਾ ਚਾਹੀਦਾ ਹੈ। ਚੰਗੇ ਵਿਚਾਰ ਉਤੇ ਧਿਆਨ ਦੇਣਾ ਚਾਹੀਦਾ ਹੈ। ਠੀਕ ਯਤਨ ਨਾਲ ਯੋਗ ਸਾਧਿਆ ਜਾ ਸਕਦਾ ਹੈ।

**7. ਠੀਕ ਸਮ੍ਰਿਤੀ :** ਸਮ੍ਰਿਤੀ ਵਿਚਾਰਾਂ ਦਾ ਭੰਡਾਰ ਹੈ। ਜੇਕਰ ਸਮ੍ਰਿਤੀ ਸੁਧ ਹੋਵੇ ਤਾਂ ਸਦਵਿਚਾਰ ਅਤੇ ਸਦਵਿਹਾਰ ਆਪਣੇ ਆਪ ਉਪਜਦੇ ਹਨ। ਬੁੱਧ ਅਨੁਸਾਰ ਠੀਕ ਸਮ੍ਰਿਤੀ ਠੀਕ ਗਿਆਨ ਅਤੇ ਸਮਾਧੀ ਦੀ ਸਾਧਨਾ ਹੈ। ਮਨੁੱਖ ਨੂੰ ਸਦਾ ਚਾਰ ਸਚਾਈਆਂ ਉਤੇ ਧਿਆਨ ਰਖਣਾ ਚਾਹੀਦਾ ਹੈ। ਸਰੀਰਿਕ ਅਪਵਿੱਤਰਤਾਵਾਂ ਅਤੇ ਮਾਨਸਿਕ ਬੁਰਾਈਆਂ ਤੋਂ ਖ਼ਬਰਦਾਰ ਰਹਿਣਾ ਚਾਹੀਦਾ ਹੈ।

**8. ਠੀਕ ਸਮਾਧੀ :** ਬੁੱਧ ਨੇ ਯੋਗ ਦੇ ਸਾਧਨਾਂ ਦੀ ਪ੍ਰੇਰਣਾ ਦਿੱਤੀ ਹੈ ਜਿਹੜੀ ਧਿਆਨ ਤੋਂ ਸ਼ੁਰੂ ਹੋ ਕੇ ਨਿਰਵਾਣ ਦੀ ਅਵਸਥਾ ਤਕ ਜਾਂਦੀ ਹੈ। ਇਹ ਗਿਆਨ ਚਾਰ ਪੱਧਰਾਂ ਤੋਂ ਲੰਘਦਾ ਹੈ। ਪਹਿਲੇ ਪੱਧਰ ਉਤੇ ਧਿਆਨ ਵਿਸ਼ਿਆਂ ਤੋਂ ਹਟ ਜਾਂਦਾ ਹੈ ਅਤੇ ਆਤਮ ਚਿੰਤਨ ਉਸਦੀ ਅਵਸਥਾ ਹੈ ਜਿਸ ਅੰਦਰ ਆਨੰਦ ਉਪਜਦਾ ਹੈ, ਪਰ ਤੀਜੀ ਅਵਸਥਾ ਵਿੱਚ ਇਹ ਆਨੰਦ ਸਮਾਪਤ ਹੋ ਜਾਂਦਾ ਹੈ ਅਤੇ ਇਹ ਸਮਾਧੀ ਨਿਰਵਿਕਾਰ ਸੁੱਖ-ਦੁੱਖ ਤੇ ਅਤੀਤ ਅਵਸਥਾ ਹੈ। ਚੌਥੀ ਅਵਸਥਾ ਵਿੱਚ ਕੁਝ ਵੀ ਨਹੀਂ ਰਹਿੰਦਾ ਅਤੇ ਸੁੰਨ ਹੋ ਜਾਂਦਾ ਹੈ ਜਿਸ ਨੂੰ ਨਿਰਵਾਣ ਆਖਦੇ ਹਨ। ਇਹ ਸਮਾਧੀ ਦੀ ਅੰਤਿਮ ਮੰਜਿਲ ਹੈ।

ਇਹ ਅੱਠ ਪ੍ਰਕਾਰ ਦੇ ਆਚਾਰੇ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ (1) ਮਾਨਸਿਕ (2) ਵਿਹਾਰਿਕ ਅਤੇ (3) ਯੋਗਾਤਮਕ। ਬੁੱਧ ਨੇ ਖੁਦ ਹੀ ਇਨ੍ਹਾਂ ਸਦਗੁਣਾਂ ਦੇ ਤਿੰਨ ਭਾਗ ਕੀਤੇ ਹਨ। (1) ਸੀਲ ਜਿਸ ਵਿੱਚ ਪਹਿਲੇ ਤਿੰਨ ਸਦਗੁਣ ਆਉਂਦੇ ਹਨ। (2) ਪ੍ਰਗਿਆ, ਜਿਸ ਵਿੱਚ ਠੀਕ ਕਰਮ ਅਤੇ ਠੀਕ ਰੋਜ਼ੀ ਆਉਂਦੀ ਹੈ, ਅਤੇ (3) ਸਮਾਧੀ ਜਿਸ ਵਿੱਚ ਅਖੀਰਲੇ ਤਿੰਨ ਸਦਗੁਣ ਆ ਜਾਂਦੇ ਹਨ। ਬੁੱਧ ਦਾ ਇਹ ਨਿਸ਼ਚਿਤ ਮੱਤ ਹੈ ਕਿ ਅਸ਼ਟਾਂਗ ਮਾਰਗ ਦੇ ਉਤੇ ਸੱਚੀ ਭਾਵਨਾ ਨਾਲ ਆਚਰਣ ਕਰਨ ਨਾਲ ਦੁੱਖ ਦਾ ਪੂਰਾ ਨਿਰੋਧ ਹੋ ਜਾਂਦਾ ਹੈ ਅਤੇ ਪਰਮ ਸ਼ਾਂਤੀ ਦੇ ਨਿਰਵਾਣ ਦੀ ਪ੍ਰਾਪਤੀ ਹੁੰਦੀ ਹੈ।

## 1. ਨਿਰਵਾਣ (Nirvana) :

ਬੁੱਧ ਦੁੱਖ ਦੀ ਸਮੱਸਿਆ ਤੋਂ ਸ਼ੁਰੂ ਕਰਦਾ ਹੈ ਅਤੇ ਨਿਰਵਾਣ ਦੇ ਵਿਚਾਰ (ਜਿਹੜਾ ਉਸ ਦਾ ਸਮਾਧਾਨ ਹੈ) ਉਤੇ ਪਹੁੰਚਦਾ ਹੈ। ਨਿਰਵਾਣ-ਪ੍ਰਾਪਤੀ ਮਨੁੱਖ ਦੇ ਜੀਵਨ ਦਾ ਪਰਮ-ਆਦਰਸ਼ ਹੈ। ਇਸ ਵਿਚਾਰ ਦਾ ਸਬੰਧ ਤੀਜੀ ਮਹਾਨ ਸਚਾਈ ਨਾਲ ਹੈ ਜਿਸ ਦੇ ਅਨੁਸਾਰ ਦੁੱਖ ਦਾ ਨਿਰੋਧ ਹੁੰਦਾ ਹੈ। ਭਾਵੇਂ ਨਿਰਵਾਣ ਬੁੱਧ ਦੇ ਦਰਸ਼ਨ ਵਿੱਚ ਸਭ ਵਿਚਾਰਾਂ ਤੋਂ ਵੱਧ ਮਹੱਤਵਪੂਰਨ ਹੈ ਅਤੇ ਨਿਸ਼ਚਿਤ ਰੂਪ ਵਿੱਚ ਬੁੱਧ ਇਸ ਨੂੰ ਜੀਵਨ ਦੀ ਅੰਤਿਮ ਅਵਸਥਾ ਮੰਨਦਾ ਹੈ, ਪਰ ਦੁੱਖ ਕੀ ਹੈ ਇਸ ਬਾਰੇ ਬੁੱਧ ਨੇ ਖੁਦ ਕੁਝ ਨਹੀਂ ਦੱਸਿਆ। ਇਹ ਗੱਲ ਉਸਦੀ ਅਰਥ-ਕਿਰਿਆਵਾਦੀ ਪਹੁੰਚ ਨਾਲ ਅਵੱਸ਼ ਸੰਗਤੀ ਰਖਦੀ ਹੈ ਕਿਉਂਕਿ ਉਹ ਆਪਣੀ ਜੀਵਨ-ਵਿਆਖਿਆ ਨੂੰ
ਕੇਵਲ ਪ੍ਰਤੱਖ ਤੱਕ ਹੀ ਸੀਮਿਤ ਰਖਣਾ ਚਾਹੁੰਦਾ ਸੀ ਜਿਹੜੀ ਸਾਧਾਰਣ ਵਿਅਕਤੀ ਦੇ ਪੱਧਰ ਦੇ ਅਨੁਕੂਲ ਹੋਵੇ ਪਰ ਇਸ ਪਹੁੰਚ ਨੇ ਬੁੱਧ ਦੇ ਜੀਵਨ-ਦਰਸ਼ਨ ਵਿੱਚ ਇਕ ਭਾਰੀ ਘਾਟਾ ਅਤੇ ਆਭਾਵ ਪੈਦਾ ਕੀਤਾ ਹੈ ਜਿਸ ਦੇ ਕਾਰਣ ਬਾਅਦ ਵਿੱਚ ਆਉਣ ਵਾਲੇ ਬੋਧੀ ਟੀਕਾਕਾਰਾਂ ਨੂੰ ਮੌਕਾ ਮਿਲ ਗਿਆ ਕਿ ਉਹ ਨਿਰਵਾਣ ਦੀ ਵਿਆਖਿਆ ਆਪਣੇ ਆਪਣੇ ਢੰਗਾਂ ਨਾਲ ਕਰਨ। ਇਸ ਵਿੱਚ ਕੋਈ ਸੰਦੇਹ ਨਹੀਂ ਹੈ ਕਿ ਬੁੱਧ ਨਿਰਵਾਣ ਦੀ ਅਵਸਥਾ ਦੇ ਬਾਰੇ ਭਾਵਾਤਮਕ ਵਰਨਣ ਕਰ ਸਕਦਾ ਸੀ ਪਰ ਫਿਰ ਵੀ ਉਹ ਇਸ ਸਬੰਧ ਵਿੱਚ ਚੁਪ ਸਾਧ ਗਿਆ। ਉਸ ਨੇ ਆਪਣੇ ਉਪਦੇਸ਼ਾਂ ਰਾਹੀਂ ਕਈ ਵਾਰੀ ਕਿਹਾ ਹੈ ਕਿ ਉਹ ਦੱਸੇ ਹੋਏ ਗਿਆਨ ਤੋਂ ਵੱਧ ਜਾਣਦਾ ਹੈ। ਜਦੋਂ ਨਿਰਵਾਣ ਸਮੇਂ ਉਸ ਦੇ ਸ਼ਿਸ਼ ਡੂੰਘੇ ਪ੍ਰਸ਼ਨ ਕਰਦੇ ਸਨ ਤਾਂ ਉਹ ਚੁੱਪ ਰਹਿੰਦਾ ਸੀ। ਉਸ ਨੇ ਇਹ ਗੱਲ ਸਮਝਾਉਣ ਲਈ ਇਕ ਸ਼ਿਸ਼ ਨੂੰ ਬ੍ਰਿਛ ਦੇ ਪੱਤੇ ਲਿਆਉਣ ਵਾਸਤੇ ਕਿਹਾ। ਜਦੋ ਉਹ ਕੁਝ ਪੱਤੇ ਲਿਆਇਆ ਤਾਂ ਬੁੱਧ ਨੇ ਕਿਹਾ ਕਿ ਇਨ੍ਹਾਂ ਤੋਂ ਇਲਾਵਾ ਬ੍ਰਿਛ ਉਤੇ ਅਨੇਕ ਪੱਤੇ ਹਨ।

ਭਾਵੇਂ ਅਧਿਕਾਰ-ਯੁਕਤ ਵਿਆਖਿਆ ਉਪਲਬੱਧ ਨਹੀਂ ਹੈ ਪਰ ਇਕ ਗਲ ਬੁੱਧ ਦੇ ਦਰਸ਼ਨ ਤੋਂ ਤਾਰਕਿਕ ਸਿੱਟੇ ਦੇ ਰੂਪ ਵਿੱਚ ਖਿੱਚੀ

ਜਾ ਸਕਦੀ ਹੈ ਕਿ ਜੇਕਰ ਦੁੱਖ ਇਕ ਸਮੱਸਿਆ ਹੈ ਅਤੇ ਨਿਰਵਾਣ ਉਸ ਦਾ ਸਮਾਧਾਨ ਹੈ, ਤਾਂ ਨਿਰਵਾਣ ਅਵੱਸ਼ ਹੀ ਦੁੱਖ ਦੇ ਅਭਾਵ ਦੀ ਅਵਸਥਾ ਹੋਵੇਗੀ। ਇਸ ਦਾ ਸਰੂਪ ਦੁੱਖ ਦਾ ਜੜ੍ਹੋਂ ਨਾਸ਼ ਹੋਣਾ ਹੈ। ਜੇਕਰ ਦੁੱਖ-ਨਿਰੋਧ ਦੀ ਨਿਸ਼ੇਧਾਤਮਕ ਸਥਿਤੀ ਵਿਚੋਂ ਕੋਈ ਭਾਵਾਤਮਕ ਸਿੱਟਾ ਨਿਕਲ ਸਕਦਾ ਹੈ ਤਾਂ ਉਹ ਇਹ ਹੋਵੇਗਾ ਕਿ ਨਿਰਵਾਣ ਦੀ ਅਵਸਥਾ ਅੰਦਰ ਮਨੁੱਖ ਸੁੱਖ ਦੀ ਪ੍ਰਾਪਤੀ ਕਰਦਾ ਹੈ। ਇਸ ਲਈ ਕਈ ਵਾਰ ਬੁੱਧ ਨੂੰ ਸੁੱਖਵਾਦੀ ਕਹਿ ਕੇ ਉਸ ਦੇ ਦਰਸ਼ਨ ਦੀ ਨਿਖੇਧੀ ਵੀ ਕੀਤੀ ਜਾਂਦੀ ਹੈ, ਪਰ ਇਹ ਸਰਾਸਰ ਅਨਿਆਂ ਹੈ, ਕਿਉਂਕਿ ਪਹਿਲਾਂ ਤਾਂ ਇਹ ਸੁੱਖ ਇੰਦਰੀ ਜਾਂ ਸਾਧਾਰਣ ਸੁੱਖ ਨਹੀਂ ਹੋ ਸਕਦਾ। ਇਸ ਦਾ ਸਰੂਪ ਅਧਿਆਤਮਿਕ ਆਨੰਦ ਹੀ ਹੋਵੇਗਾ ਅਤੇ ਦੂਜੇ ਇਹ ਦਲੀਲ ਇਹ ਸਾਰੀ ਗੱਲ ਸਾਡੀ ਆਪਣੀ ਦਲੀਲ ਉਤੇ ਹੀ ਆਧਾਰਿਤ ਹੈ ਜਿਸ ਦਾ ਹੀਨਯਾਨੀ ਬੋਧੀ ਲੇਖਕ ਖੰਡਨ ਕਰਦੇ ਹਨ। ਉਹ ਨਿਰਵਾਣ ਨੂੰ ਅਭਾਵਾਤਮਕ ਪਦਾਂ ਵਿੱਚ ਵਰਣਿਤ ਕਰਦੇ ਹਨ। ਨਿਰਵਾਣ ਆਨੰਦ ਦੀ ਪ੍ਰਾਪਤੀ ਤੋਂ ਅੱਗੇ ਲੰਘ ਜਾਂਦਾ ਹੈ ਅਤੇ ਇਸ ਅਵਸਥਾ ਅੰਦਰ ਕੇਵਲ ਸੁੰਨ ਰਹਿ ਜਾਂਦਾ ਹੈ। ਇਸ ਅਪਰੰਚ ਦੇ ਬਿਲਕੁਲ ਵਿਪਰੀਤ ਮਹਾਂਯਾਨੀਆਂ ਦੀ ਪਹੁੰਚ ਹੈ ਅਤੇ ਨਿਰਵਾਣ ਅੰਤਿਮ ਸਚਾਈ, ਸ਼ੁੱਧ ਚੇਤਨ ਸੱਤਾ ਅਤੇ ਆਨੰਦਮਈ ਹੈ। ਇਸ ਪ੍ਰਕਾਰ ਹੀਨਯਾਨ ਅਤੇ ਮਹਾਂਯਾਨ ਦ੍ਰਿਸ਼ਟੀਕੋਣਾਂ ਅਨੁਸਾਰ ਅਭਾਵਾਤਮਕ ਅਤੇ ਭਾਵਾਤਮਕ ਵਰਣਨ ਵਿੱਚ ਵਿਰੋਧਾਭਾਸ ਹੈ।

ਅਨੇਕ ਪੱਛਮੀ ਲੇਖਕ ਨਿਰਵਾਣ ਸ਼ਬਦ ਦੇ ਅਰਥ ਉਤੇ ਆਪਣੀ ਵਿਆਖਿਆ ਆਧਾਰਿਤ ਕਰਦੇ ਹਨ। ''ਨਿਰਵਾਣ'' ਸ਼ਬਦ ''ਨਿਰਵਹ'' ਧਾਤੂ ਤੋਂ ਨਿਕਲਦਾ ਹੈ ਜਿਸ ਦੇ ਦੋ ਅਰਥ ਸੰਭਵ ਹਨ, (1) ਬੁਝਣਾ ਅਤੇ (2) ਠੰਡਾ ਜਾਂ ਸ਼ਾਂਤ ਹੋ ਜਾਣਾ। ਪਹਿਲੇ ਅਰਥ ਅਨੁਸਾਰ ਨਿਰਵਾਣ ਤੋਂ ਭਾਵ ਉਹ ਸਥਿਤੀ ਹੈ ਜਿਸ ਅੰਦਰ ਜੀਵਨ (ਭਵ-ਚੱਕਰ) ਸਮਾਪਤ ਹੋ ਜਾਂਦਾ ਹੈ, ਜਿਵੇਂ ਤੇਲ ਦੇ ਅਭਾਵ ਕਾਰਣ ਦੀਵਾ ਬੁਝ ਜਾਂਦਾ ਹੈ। ਜਦੋਂ ਜੀਵਨ ਨੂੰ ਉਤਪੰਨ ਕਰਨ ਵਾਲੀ ਤ੍ਰਿਸ਼ਨਾ ਸਮਾਪਤ ਹੋ ਜਾਂਦੀ ਹੈ, ਉਦੋਂ ਇਹ ਜੀਵਨ (ਭਵ-ਚੱਕਰ) ਉਤਪਤੀ-ਕਾਰਣ ਮੁਕ ਜਾਣ ਕਾਰਣ ਆਪਣੇ ਆਪ ਥੰਮ੍ਹ ਜਾਂਦਾ ਹੈ। ਇਹ ਗੱਲ ਬੁੱਧ ਦੇ ਦਰਸ਼ਨ ਨਾਲ ਸੰਗਤੀ ਰੱਖਦੀ ਹੈ ਕਿ ਜੇਕਰ ਦੁੱਖ ਦਾ ਕਾਰਣ ਭਵ-ਚੱਕਰ ਹੈ, ਦੁੱਖ ਜੀਵਨ ਦੇ ਨਾਲ ਤਾਰਕਿਕ ਰੂਪ ਨਾਲ ਜੁੜਿਆ ਹੈ, ਜੁੜੇ ਹੋਣ ਦਾ ਅਰਥ ਦੁਖੀ ਹੋਣਾ ਹੈ, ਤਾਂ ਦੁੱਖ-ਨਿਰਵਾਣ (ਨਿਰਵਾਣ) ਦਾ ਅਰਥ ਜੀਵਨ-ਸਮਾਪਤੀ ਹੋਵੇਗਾ। ਇਸ ਲਈ ਨਿਰਵਾਣ ਇਕ ਅਭਾਵਾਤਮਕ ਸਥਿਤੀ ਹੈ ਜਿਸ ਵਿੱਚ ਪੂਰਨ ਅਭਾਵ ਜੀਵਨ ਦਾ ਬੁਝ ਜਾਣਾ ਅਤੇ ਸਰਵਨਾਂਸ਼ ਹੁੰਦਾ ਹੈ। ਇਸ ਦਾ ਵਰਨਣ ਸੁਨ ਸ਼ਬਦ ਨਾਲ ਕੀਤਾ ਜਾ ਸਕਦਾ ਹੈ ਜੇਕਰ ਇਸ ਦਾ ਸੁਭਾਵਿਕ ਅਰਥ ਲਿਆ ਜਾਵੇ। ਨਿਰਵਾਣ ਦੀ ਇਸ ਅਭਾਵਾਤਮਕ ਪਰਿਭਾਸ਼ਾ ਨਾਲ ਹੀਨਯਾਨੀ ਬੋਧੀ ਅਤੇ ਕੁਝ ਪੱਛਮੀ ਲੇਖਕ ਜਿਨ੍ਹਾਂ ਵਿੱਚ ਰਾਈਸ਼ ਡੈਵਿਡਸ, ਉਲਡਨਬਰਗ ਅਤੇ ਪਾਲ ਦਾਹਲਕੇ ਆਉਂਦੇ ਹਨ, ਸਹਿਮਤ ਹਨ। ਇਨ੍ਹਾਂ ਦੀ ਇਹ ਮੰਨਤ ਹੈ ਕਿ ਬੁੱਧ ਖੁਦ ਹੀ ਦੁੱਖ ਦਾ ਕਾਰਣ ਭਵਚੱਕਰ ਦੱਸਦਾ ਹੈ ਜਿਸ ਦੇ ਕਾਰਣ ਦੀ ਅੰਤਿਮ ਕੜੀ ਅਵਿਦਿਆ ਜਦੋਂ ਡਿਗ ਜਾਂਦੀ ਹੈ, ਤਾਂ ਤਾਰਕਿਕ ਰੂਪ ਨਾਲ ਇਸ ਦਾ ਅਰਥ ਜੀਵਨ ਦੀ ਸਮਾਪਤੀ ਹੈ। ਜੇਕਰ ਭਾਵ, ਹੋਂਦ ਜਾਂ ਸੱਤਾ ਦੇ ਕਾਰਨ ਦੁੱਖ ਉਪਜਦਾ ਹੈ, ਤਾਂ ਨਿਰਵਾਣ ਅਭਾਵ ਹੀ ਹੈ।

ਹੁਣ ਜੇਕਰ ''ਨਿਰਵਹ'' ਦਾ ਅਰਥ ''ਠੰਡਾ'' ਜਾਂ ''ਸ਼ਾਂਤ'' ਹੋਣਾ ਲਿਆ ਜਾਵੇ, ਤਾਂ ਨਿਰਵਾਣ ਦਾ ਅਰਥ ਇਕ ਅਜਿਹੀ ਸਥਿਤੀ ਹੋ ਸਕਦਾ ਹੈ ਜਿਸ ਵਿੱਚ ਮਨੁੱਖ ਦੇ ਮਨੋਵੇਗ ਅਤੇ ਵਲਵਲੇ ਠੰਡੇ ਹੋ ਕੇ ਸ਼ਾਂਤ ਹੋ ਜਾਂਦੇ ਹਨ। ਇਹ ਇਕ ਭਾਵਾਤਮਕ ਸਥਿਤੀ ਹੋਵੇਗੀ ਜਿਸ ਵਿੱਚ ਜੀਵਨ ਰਹਿੰਦਾ ਹੈ ਪਰ ਉਸ ਨੂੰ ਦੁਖਿਤ ਬਣਾਉਣ ਵਾਲੀ ਸ਼ਕਤੀ ਜਿਹੜੀ ਬੁੱਧਮੱਤ ਦੇ ਅਨੁਸਾਰ ਤ੍ਰਿਸ਼ਣਾਂ ਜਾਂ ਇੱਛਾ ਹੈ, ਸਮਾਪਤ ਹੋ ਜਾਂਦੀ ਹੈ ਅਤੇ ਮਨੁੱਖ ਪਰਮ ਸ਼ਾਂਤੀ ਨੂੰ ਪ੍ਰਾਪਤ ਕਰਦਾ ਹੈ। ਇਸ ਅਨੁਸਾਰ ਨਿਰਵਾਣ ਇਕ ਪ੍ਰਤੱਖਵਾਦੀ ਸਥਿਤੀ ਹੋ ਸਕਦੀ ਹੈ।ਜਿਸ ਵਿੱਚ ਮਨੁੱਖ ਆਪਣੇ ਮਨੋਵੇਗਾਂ ਨੂੰ ਆਤਮ-ਸੰਜਮ ਨਾਲ ਕਾਬੂ ਕਰ ਲੈਂਦਾ ਹੈ। ਇਹ ਸਥਿਤੀ ਅਨੁਭਵਾਤੀਤ ਅਧਿਆਤਮਕ ਸੱਤਾ ਵੀ ਹੋ ਸਕਦੀ ਹੈ ਜਿਸ ਵਿੱਚ ਕੇਵਲ ਸਾਪੇਖ ਸੱਤਾ ਮੁਕ ਜਾਂਦੀ ਹੈ, ਭਵਚੱਕਰ ਥੰਮ੍ਹ ਜਾਂਦਾ ਹੈ ਪਰ ਉਸਦੀ ਥਾਂ ਨਿਰਪੇਖ ਸੱਤਾ ਲੈ ਲੈਂਦੀ ਹੈ। ਹੋਂਦ ਦਾ ਕਾਰਣ ਤ੍ਰਿਸ਼ਨਾ ਦੀ ਸਮਾਪਤੀ ਉਤੇ ਹੋਂਦ ਖ਼ਤਮ ਹੋ ਜਾਣੀ ਚਾਹੀਦੀ ਹੈ, ਬੁੱਧ ਦੇ ਪਰਿਣਤਾਨਿਯਮ ਦੇ ਅਨੁਸਾਰ ਭਾਵ ਦਾ ਕਾਰਣ ਅਭਾਵ ਨਹੀਂ ਹੋ ਸਕਦਾ ਅਤੇ ਭਾਵ ਦਾ ਪਰਿਣਾਮ ਵੀ ਅਭਾਵ ਨਹੀਂ ਹੋ ਸਕਦਾ। ਇਸ ਲਈ ਭਾਵੇਂ ਭਵਚੱਕਰ ਸਮਾਪਤ ਹੋ ਜਾਂਦਾ ਹੈ ਜਿਸਦੀ ਥਾਂ ਕੋਈ ਨ ਕੋਈ ਭਾਵਾਤਮਕ ਹੋਂਦ ਬਣੀ ਰਹਿਣੀ ਆਵੱਸ਼ਕ ਹੈ। ਇਹ ਹੋਂਦ ਇਕ ਅਨੁਭਵਾਤੀਤ ਅਧਿਆਤਮਕ ਸਚਾਈ ਹੀ ਹੋ ਸਕਦੀ ਹੈ। ਇਸ ਦੇ ਇੰਦਰੀ-ਅਨੁਭਵਾਤੀਤ ਸਰੂਪ ਦੇ ਕਾਰਣ ਹੀ ਬੁੱਧ ਨੇ ਇਸ ਸਥਿਤੀ ਦੀ ਵਿਆਖਿਆ ਨਹੀਂ ਕੀਤੀ ਕਿਉਂਕਿ ਪ੍ਰਤੱਖ ਵਿੱਚ ਇਸ ਦੀ ਵਿਆਖਿਆ ਅਸੰਭਵ ਹੈ। ਸੰਚਰੱਬਾਤਸਕੀ ਲਿਖਦਾ ਹੈ ਕਿ ਦੁੱਖ ਮੌਲਿਕ ਪਦ-ਤੱਤਾਂ ਅਰਥਾਂ ਧਰਮਾਂ ਦੀ ਗਤੀਸ਼ੀਲਤਾ ਜਾਂ ਗੜਬੜ ਦੇ ਕਾਰਣ ਹੈ ਅਤੇ ਅਵਿਦਿਆ ਦੇ ਨਾਸ਼ ਹੋਣ ਨਾਲ ਸ਼ੁੱਧ ਗਿਆਨ-ਦ੍ਰਿਸ਼ਟੀ ਦੇ ਉਦੈ ਹੋਣ ਨਾਲ ਇਹ ਗਤਿਸ਼ੀਲ ਧਰਮ ਸਮਾਪਤ ਹੋ ਜਾਂਦੇ ਹਨ। ਇਸ ਦਾ ਅਰਥ ਹੈ ਕਿ ਨਿਰਵਾਣ ਵਿਚ ਧਰਮ ਸਾਂਤ ਹੋ ਜਾਂਦੇ ਹਨ ਪਰ ਧਰਮ ਅਵੱਸ਼ ਰਹਿੰਦੇ ਹਨ ਕਿਉਂਕਿ ਉਹ ਖੁਦ ਹੀ ਅੰਤ

ਵਿੱਚ ਮੰਨਦਾ ਹੈ ਕਿ ਧਰਮ ਵਰਣਨਾਤੀਤ ਅਵਿਨਾਸ਼ੀ ਤੱਤ ਹਨ। ਇਸ ਲਈ ਨਿਰਵਾਣ ਇਕ ਭਾਵਤਮਕ ਸਥਿਤੀ ਹੈ। ਇਸ ਸਿੱਟੇ ਨਾਲ ਸ੍ਰੀ ਮਤੀ ਰਾਈਸ ਡੇਵਿਡਸ, ਟੀ.ਵੀ.ਆਰ. ਮੂਰਤੀ ਅਤੇ ਰਾਧਾ ਕ੍ਰਿਸ਼ਨਨ ਸਹਿਮਤ ਹਨ। ਮਹਾਯਾਨੀ ਬੋਧੀ ਵਿਦਵਾਨ ਵੀ ਨਿਰਵਾਣ ਨੂੰ ਆਨੰਦ-ਪ੍ਰਾਪਤੀ, ਅਵਿਨਾਸ਼ੀ ਅਤੇ ਉਚਤਮ ਸਥਿਤੀ ਸਿੱਧ ਕਰਦੇ ਹਨ। ਨਿਰਵਾਣ ਨੂੰ ਸਰਵਨਾਸ਼ਵਾਦੀ ਜਾ ਅਭਾਵਾਤਮਕ ਸਥਿਤੀ ਕਹਿਣਾ ਇਕ ਦੂਸ਼ਟ ਕਲਪਣਾ ਹੈ। ਟੀ.ਵੀ. ਆਰ. ਮੂਰਤੀ ਲਿਖਦਾ ਹੈ ਕਿ ਹੀਨਯਾਨੀ ਜੀਵਨ ਦਾ ਪਰਮ ਉਦੇਸ਼ ''ਅਰਹਤ'' ਇਕ ਸਾਪੇਖੀ, ਸੁਆਰਥੀ, ਵਿਅਕਤੀਗਤ ਅਤੇ ਨਿਖੇਧਾਤਮਕ ਆਦਰਸ਼ ਹੈ ਪਰ ਇਸ ਦੇ ਬਿਲਕੁਲ ਵਿਪਰੀਤ ਮਹਾਯਾਨੀ ਬੋਧੀਸਤਵ'' ਦਾ ਆਦਰਸ਼ ਨਿਰਪੇਖ ਪਰਉਪਕਾਰਵਾਦੀ ਅਤੇ ਭਾਵਾਤਮਕ ਆਦਰਸ਼ ਹੈ ਜਿਸ ਦੇ ਅਨੁਸਾਰ ਮਨੁੱਖ ਨੂੰ ਨਾ ਕੇਵਲ ਨਿਰਵਾਣ ਨਾਲ ਆਨੰਦ ਦੀ ਪ੍ਰਾਪਤੀ ਹੀ ਕਰਨੀ ਚਾਹੀਦੀ ਹੈ ਸਗੋਂ ਉਸਦਾ ਨਿਰਵਾਣ ਉੱਦੋਂ ਤੱਕ ਪੂਰਾ ਨਹੀਂ ਹੁੰਦਾ ਜਦੋਂ ਤੱਕ ਸਾਡੇ ਸਾਰੇ ਮਨੁੱਖ ਮੁਕਤ ਨਹੀਂ ਹੋ ਜਾਂਦੇ। ਇਹ ਕੰਮ ਵਿਅਕਤੀ ਦੇ ਦਇਆ ਭਾਵ ਨਾਲ ਹੀ ਸੰਭਵ ਹੈ। ਏ.ਕੇ. ਲੈਂਡ ਆਪਣੇ ਥੀਸਿਸ ਵਿੱਚ ਇਹ ਸਿੱਧ ਕਰਦਾ ਹੈ ਕਿ ਹੀਨਯਾਨੀ ''ਅਰਹਤ'' ਦਾ ਆਦਰਸ਼ ਆਪਣੇ ਆਪ ਵਿੱਚ ਪੂਰਾ ਨਹੀਂ। ਇਹ ਮਹਾਯਾਨੀ ''ਬੋਧੀਸੱਤਵ'' ਦੀ ਅੰਤਮ ਮੰਜ਼ਲ ਤੇ ਪਹੁੰਚਣ ਲਈ ਇਕ ਆਰਾਮ ਘਰ ਹੈ। ਡਾ. ਰਾਧਾਕ੍ਰਿਸ਼ਨਨ ਵੀ ਇਹੋ ਕਹਿੰਦੇ ਹਨ ਕਿ ਨਿਰਵਾਣ ਪੂਰਣਤਾ ਦੀ ਇਕ ਅਜਿਹੀ ਸਥਿਤੀ ਹੈ ਜਿਹੜੀ ਸਾਡੇ ਵਾਸਤੇ ਵਰਨਣ ਅਤੀਤ ਹੈ।

## 7. ਸੰਖੇਪ ਸਿੱਟੇ (Conclusions)

(1) ਮਹਾਤਮਾ ਬੁੱਧ ਦੀ ਵਿਚਾਰਧਾਰਾ ਉਸਦੇ ਆਪਣੇ ਅਨੁਭਵ ਉਤੇ ਨਿਰਭਰ ਨਵੇਂ ਦ੍ਰਿਸ਼ਟੀਕੋਣ ਉਤੇ ਆਧਾਰਿਤ ਹੈ ਜਿਸ ਨੂੰ ਉਸ ਨੇ ਨਿੱਜੀ ਅਨੁਭਵ ਅਤੇ ਬੌਧਿਕ ਚਿੰਤਨ ਦੇ ਆਧਾਰਾਂ ਉਤੇ ਉਸਾਰਿਆ ਹੈ। ਇਸ ਨੂੰ ਬਾਅਦ ਦੇ ਬੋਧੀ ਵਿਦਵਾਨਾਂ ਦੇ ਦਰਸ਼ਨ ਤੋਂ ਵੱਖ ਰੱਖਣਾ ਚਾਹੀਦਾ ਹੈ।

(2) ਬੁੱਧ ਪ੍ਰਤੱਖ ਅਤੇ ਬੌਧਿਕ ਅਨੁਮਾਨ ਨੂੰ ਪ੍ਰਮਾਣ ਮੰਨ ਕੇ ਜੀਵਨ ਅਤੇ ਉਸ ਦੀਆਂ ਨੈਤਿਕ ਸਮੱਸਿਆਵਾਂ ਦੀ ਅਰਥ-ਕਿਰਿਆਵਾਦੀ ਢੰਗ ਨਾਲ ਵਿਆਖਿਆ ਕਰਦਾ ਹੈ। ਉਸ ਦੀ ਇਕੋ ਇਕ ਸਮੱਸਿਆ ਜੀਵਨ ਦਾ ਦੁੱਖ ਹੈ ਅਤੇ ਉਸ ਦਾ ਸਾਰਾ ਦਰਸ਼ਨ ਇਕ ਦੇ ਕਾਰਣ ਅਤੇ ਉਸ ਦੇ ਨਿਰੋਧ ਦੇ ਉਪਾਅ ਨਾਲ ਸੰਬੰਧ ਰੱਖਦਾ ਹੈ। ਅਸ਼ਟਾਂਗ-ਮਾਰਗ ਅਤੇ ਨਿਰਵਾਣ ਦੇ ਵਿਚਾਰ ਇਸ ਦੇ ਅੰਤਰਗਤ ਹਨ। ਨਿਰਵਾਣ ਇਸ ਜੀਵਨ ਦਾ ਪਰਮ ਉਦੇਸ਼ ਅਤੇ ਅਸ਼ਟਾਂਗ-ਮਾਰਗ ਇਸ ਦਾ ਸਾਧਨ ਹੈ। ਅਸਲ ਵਿੱਚ ਬੁੱਧ ਦਾ ਉਪਦੇਸ਼ ਅਸ਼ਟਾਗਾ-ਮਾਰਗ ਤਕ ਹੀ ਸਮਾਪਤ ਹੋ ਜਾਂਦਾ ਹੈ। ਨਿਰਵਾਣ ਬਾਰੇ ਉਹ ਮੋਨ ਧਾਰ ਲੈਂਦਾ ਹੈ ਕਿਉਂਕਿ ਉਹ ਇਕ ਅਨੁਭਵ-ਅਤੀਤ ਅਵਸਥਾ ਹੈ ਜਿਸ ਦਾ ਵਰਣਨ ਉਸ ਦੇ ਪ੍ਰਤੱਖਵਾਦੀ ਦ੍ਰਿਸ਼ਟੀਕੋਣ ਦੇ ਅਨੁਕੂਲ ਨਹੀਂ ਹੈ।

(3) ਕਾਰਣਤਾਵਾਦ ਅਤੇ 'ਪ੍ਰਤੀਤਿਯਸਮੁਤਪਾਦ ਦਾ ਸਿੱਧਾਂਤ ਜੀਵਨ, ਜਗਤ ਅਤੇ ਸਾਰੀਆਂ ਵਸਤੂਆਂ ਦੀ ਉਤਪਤੀ, ਸਥਿਤੀ ਅਤੇ ਨਾਸ਼ ਦਾ ਸਿੱਧਾਂਤ ਹੈ। ਹਰ ਵਸਤੂ ਇਕ ਪਰਿਵਰਤਨਸ਼ੀਲ ਘਟਨਾ ਹੈ ਜਿਹੜੀ ਖਿਣ ਖਿਣ ਬਦਲਦੀ ਹੈ। ਸੰਸਾਰ ਇਕ ਭਵਚੱਕਰ ਹੈ ਜਿਸ ਦਾ ਮੂਲ ਕਾਰਣ ਤ੍ਰਿਸ਼ਨਾ ਅਤੇ ਅਵਿਦਿਆ ਹੈ। ਇਹ ਕਾਰਣਤਾ ਦੀਆਂ ਬਾਰਾਂ ਕੜੀਆਂ ਰਾਹੀਂ ਜਨਮ ਮਰਨ ਨੂੰ ਪੈਦਾ ਕਰਦੀਆਂ ਹਨ, ਜਿਹੜਾ ਦੁੱਖ ਦਾ ਕਾਰਣ ਹੈ।

(4) ਈਸ਼ਵਰ, ਆਤਮਾ, ਨਿੱਤ ਨਿਰਪੇਖ ਸਚਾਈ ਅਤੇ ਨਿਰਵਾਣ ਦੇ ਬਾਰੇ ਬੁੱਧ ਦਾ ਮੰਨ ਉਸ ਦੀ ਅਰਥ-ਕਿਰਿਆਵਾਦੀ ਪਹੁੰਚ ਦਾ ਫਲ ਹੈ। ਉਸ ਦੀ ਇਤਿਹਾਸਿਕ ਚੁੱਪ ਤੋਂ ਕੋਈ ਨਿਖੇਧਾਤਮਕ ਜਾਂ ਅਭਾਵਾਤਮਕ ਸਿੱਟੇ ਕੱਢਣਾ ਗਲਤ ਹੈ, ਕਿਉਂਕਿ ਉਸ ਨੇ ਇਨ੍ਹਾਂ ਦੀ ਨਿਖੇਧੀ ਦੇ ਵੱਜੋਂ ਆਪਣੇ ਨੈਤਿਕ ਦਰਸ਼ਨ ਜਾਂ ਮੌਲਿਕ ਜੀਵਨ-ਸਮੱਸਿਆ ਉਤੇ ਬਲ ਦਿੰਤਾ ਹੈ। ਡਾ. ਵੀ.ਪੀ.ਵਰਮਾ ਬੁੱਧ ਦੇ ਮਨ ਨੂੰ ਉਸ ਦੇ ਰਹੱਸਵਾਦੀ ਹੋਣ ਦਾ ਸਬੂਤ ਮੰਨਦਾ ਹੈ।